**JOSHI LAW OFFICE**
Barrister, Solicitor & Notary Public
- Immigration
- Real Estate
- Commercial Law
- Affidavit
- Power of Attorney

Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

ਕੈਨੇਡੀਅਨ
# ਪੰਜਾਬੀ ਪੋਸਟ
*Award winning news paper* | Canadian Punjabi Post

Fair Advice Financial | Care Wealth Management Inc.
RDSP (Registered Disability Savings Plan)
- Disabled person who is eligible for Disability Tax Credit.
- And who is 49 years old or younger.
- By contributing in an RDSP Plan he/she may be eligible to receive up to $90,000 in government bonds & grants.

Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

To view our online newspaper visit **punjabipost.ca/epaper** | **Vol 21* Issue 104** | **Friday, May 27, 2022** | **Tel: 905-793-2202 | Fax: 905-793-2282 | news@punjabipost.ca** *ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*

**ਅੰਦਰ ਇਹ ਵੀ ਪੜ੍ਹੋ**

ਹੁਣ ਸਟੰਟ ਡਰਾਈਵਿੰਗ ਕਰਨ ਵਾਲਿਆਂ ਉੱਤੇ ਹੈਲੀਕਾਪਟਰਜ਼ ਰਾਹੀਂ ਨਜ਼ਰ ਰੱਖੇਗੀ ਪੁਲਿਸ



ਪੰਨਾ 03

10 ਸਿੱਖਾਂ ਦੇ ਕਾਤਲ 34 ਪੁਲਸੀਆਂ ਨੂੰ ਇਲਾਹਾਬਾਦ ਹਾਈ ਕੋਰਟ ਦਾ ਜ਼ਮਾਨਤ ਤੋਂ ਇਨਕਾਰ



ਪੰਨਾ 05

# ਡੱਗ ਫੋਰਡ ਦੇ ਪ੍ਰਭਾਵ ਦੇ ਪਰਤੱਖ ਕਾਰਣ

ਜਦੋਂ ਕੰਜ਼ਰਵੇਟਿਵਾਂ ਨੂੰ ਜ਼ਰਾ ਵੀ ਅੱਖੀਂ ਨਾ ਸੁਖਾਉਣ ਵਾਲਾ ਸੀ.ਬੀ.ਸੀ. ਵਰਗਾ ਅਦਾਰਾ ਵੀ ਐਲਾਨੀਆ ਰੂਪ ਵਿੱਚ ਕਬੂਲ ਕਰ ਲਵੇ ਕਿ ਉਂਟੇਰੀਓ ਚੋਣਾਂ ਵਿੱਚ ਡੱਗ ਫੋਰਡ ਦੇ ਕੰਜ਼ਰਵੇਟਿਵ ਦੀ ਚੜਾਈ ਜਾਰੀ ਹੈ ਤਾਂ ਇਹ ਅੰਦਾਜ਼ਾ ਲਾਉਣ ਵਿੱਚ ਔਖਿਆਈ ਨਹੀਂ ਹੁੰਦੀ ਕਿ 2 ਜੂਨ ਨੂੰ ਸਰਕਾਰ ਕਿਸ ਪਾਰਟੀ ਦੀ ਬਣੇਗੀ। ਅਸਲ ਵਿੱਚ ਚੋਣਾਂ ਦੇ ਜੋੜ ਤੋੜ ਦੇ ਸਿੱਟੇ ਕੱਢਣ ਲਈ ਸਰਵੇਖਣ ਕਰਨ ਵਾਲੀਆਂ ਮੇਨਸਟਰੀਟ/ਆਈ ਪਾਲਿਟਕਿਸ, ਨੈਨੋਜ਼/ਸੀਟੀਵੀ-ਸੀ ਪੀ24, ਇੰਨੋਵੇਟਿਵ ਰੀਸਰਚ ਗਰੁੱਪ, ਈਕੋਸ ਰੀਸਰਚ, ਐਬਾਕਸ ਡਾਟਾ ਅਤੇ ਲੀਜ਼ਰ/ਪੋਸਟ ਮੀਡੀਆ ਵਰਗੀਆਂ ਸਾਰੀਆਂ ਹੀ ਵੱਡੀਆਂ ਸੰਸਥਾਵਾਂ ਦੇ ਨਤੀਜੇ ਕੰਜ਼ਰਵੇਟਿਵਾਂ ਦੇ ਹੱਕ ਵਿੱਚ ਜਾਂਦੇ ਹਨ। ਇਹਨਾਂ ਸਾਰੇ ਸਰਵੇਖਣਾਂ ਦੇ ਆਧਾਰ ਉੱਤੇ ਇਹ ਗੱਲ ਚੂਨੇ ਵਿੱਚ ਇੱਟ ਵਾਂਗੂੰ ਸਾਬਤ ਹੋਈ ਦਿੱਸਦੀ ਹੈ ਕਿ ਉਂਟੇਰੀਓ ਵਿੱਚ ਕੰਜ਼ਰਵੇਟਿਵ ਪਾਰਟੀ ਹੀ ਬਹੁ ਗਿਣਤੀ ਸਰਕਾਰ ਬਣਾਏਗੀ। ਕੰਜ਼ਰਵੇਟਿਵ ਪਾਰਟੀ ਦਾ ਉਂਟੇਰੀਓ ਵਿੱਚ ਉੜੋਤਿੜੀ ਸਰਕਾਰ ਬਣਾਉਣਾ ਇੱਕ ਇਤਿਹਾਸ ਹੋਵੇਗਾ।

ਵੱਖੋ ਵੱਖਰੇ ਅਦਾਰਿਆਂ ਵਾਸਤੇ ਕੀਤੇ ਗਏ ਸਾਰੇ ਸਰਵੇਖਣ ਦੱਸਦੇ ਹਨ ਕਿ ਉਂਟੇਰੀਓ ਵਾਸੀਆਂ ਦਾ ਡੱਗ ਫੋਰਡ ਦੀ ਲੀਡਰਸ਼ਿੱਪ ਵਿੱਚ ਮਜ਼ਬੂਤ ਭਰੋਸਾ ਹੈ। ਜਿਹੜੇ ਖਾਸ ਮੁੱਦਿਆਂ ਉੱਤੇ ਇਹ ਚੋਣ ਲੜਾਈ ਲੜੀ ਜਾ ਰਹੀ ਹੈ, ਉਹਨਾਂ ਵਿੱਚ ਮਕਾਨ ਖਰੀਦਣ ਦੀ ਉਂਟੇਰੀਓ ਵਾਸੀਆਂ ਦੀ ਪਹੁੰਚ, ਕੋਵਿਡ 19 ਮਹਾਮਾਰੀ ਤੋਂ ਬਾਅਦ ਆਰਥਕਤਾ ਦੀ ਮੁੜ ਸੁਰਜੀਤੀ, ਬੁਨਿਆਦੀ ਢਾਂਚੇ (ਸੜਕਾਂ, ਪੁੱਲ, ਹਸਪਤਾਲ ਆਦਿ) ਦੀ ਠੋਸ ਉਸਾਰੀ ਅਤੇ ਸਿਹਤ ਸੇਵਾਵਾਂ ਦੀ ਮਜ਼ਬੂਤੀ ਪ੍ਰਮੁੱਖ ਹਨ। 55% ਤੋਂ ਵੱਧ ਉਂਟੇਰੀਓ ਵਾਸੀਆਂ ਦਾ ਯਕੀਨ ਹੈ ਕਿ... ਬਾਕੀ ਪੰਨਾ 6 'ਤੇ



Prabmeet Sarkaria mpp Brampton South



Amarjot Sandhu Mpp Brampton West



Hardeep Grewal Brampton East



Graham McGregor Brampton North



CHErmain William Brampton Centre

## ਫੋਰਡ ਦੀ ਅਗਵਾਈ ਵਿੱਚ 1.5 ਮਿਲੀਅਨ ਘਰਾਂ ਦਾ ਸੁਪਨਾ ਸਾਕਾਰ ਕਰੇਗੀ ਓਨਟਾਰੀਓ ਦੀ ਪੀਸੀ ਪਾਰਟੀ



ਲੰਡਨ, 26 ਮਈ (ਪੋਸਟ ਬਿਊਰੋ) : ਓਨਟਾਰੀਓ ਦੀ ਆਬਾਦੀ ਵਿੱਚ ਦਿਨੋ ਦਿਨ ਹੋ ਰਹੇ ਵਾਧੇ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਸਿਰਫ ਡੱਗ ਫੋਰਡ ਤੇ ਓਨਟਾਰੀਓ ਦੀ ਪੀਸੀ ਪਾਰਟੀ ਕੋਲ ਹੀ ਅਗਲੇ 10 ਸਾਲਾਂ ਵਿੱਚ 1.5 ਮਿਲੀਅਨ ਨਵੇਂ ਤੇ ਕਿਫਾਇਤੀ ਘਰ ਬਣਾਉਣ ਦੀ ਯੋਜਨਾ ਹੈ। ...ਬਾਕੀ ਪੰਨਾ 4 'ਤੇ

## ਰਾਜਵਿੰਦਰ ਮਾਂਗਟ ਦਾ ਕੈਨੇਡਾ ਵਿੱਚ ਸਨਮਾਨ



ਬਰੈਂਪਟਨ, 26 ਮਈ (ਪੋਸਟ ਬਿਊਰੋ): ਬੇਗੋਵਾਲ ਪਿੰਡ ਨੂੰ ਅਤਿ ਆਧੁਨਿਕ ਬਣਾ ਕੇ ਦੁਨੀਆਂ ਦੇ ਨਕਸ਼ੇ ਉੱਤੇ ਲੈ ਕੇ ਆਉਣ ਵਾਲੇ ਸਾਬਕਾ ਸਰਪੰਚ ਰਾਜਵਿੰਦਰ ਸਿੰਘ ਮਾਂਗਟ ਦਾ ਕੈਨੇਡਾ ਪਹੁੰਚਣ 'ਤੇ ਹੋਮ ਲਾਈਫ ਸਿਲਵਰਸਿਟੀ ਦੇ ਅਜੀਤ ਗਰਚਾ, ਹਾਰਪ ਗਰੇਵਾਲ ਅਤੇ ਸਾਥੀਆਂ ਵੱਲੋਂ ਉਨ੍ਹਾਂ ਲਈ ਰੱਖੇ ਗਏ ਇੱਕ ਸਨਮਾਨ ਸਮਾਰੋਹ ਦੌਰਾਨ ਸਨਮਾਨਿਤ ਕੀਤਾ ਗਿਆ। ਰਾਜਵਿੰਦਰ ਮਾਂਗਟ ਜੋਕਿ ਮਾਰਕੀਟ ਕਮੇਟੀ ਦੋਰਾਹਾ ਦੇ ਚੇਅਰਮੈਨ ਵੀ ਹਨ ਵੱਲੋਂ ਪਿੰਡ ਵਿੱਚ ਆਲਾ ਦਰਜੇ ਦੇ ਸਕੂਲ, ਡਿਸਪੈਂਸਰੀ, ਐਂਬੂਲੈਂਸ, ਸੀਵਰੇਜ ਸਿਸਟਮ ਅਤੇ ਰਾਹਾਂ ਨੂੰ ਪੱਕੇ ਕਰਕੇ ਪਿੰਡ ਦੀ ਨੁਹਾਰ ਬਦਲਣ ਸਦਕਾ ਉਨ੍ਹਾਂ ਨੂੰ ਇਹ ਸਨਮਾਨ ਦਿੱਤਾ ਗਿਆ।

**AUTO & HOME INSURANCE**
- Super visa Insurance
- Life & Disability
- Critical illness
- RESP
- Visitor & Travel insurance

(416-845-1352)
Manwinder Mangat
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

**MOTEL FOR SALE ON HWY 7**
IN THE MIDDLE OF TORONTO AND OTTAWA
$1,275,000
- Excellent Cash Flow And Low Vacancy Rate
- Low Operating Costs
- Many Recent Upgrades To Rooms
- New Security Camera System
- Plan Approved For Additional Unit

RAJ HANDA, BROKER OF RECORD
DIR: 647-546-5228
OFF: 905-457-4588
SAVE MAX GLOBAL REALTY
RAJ@SAVEMAXGLOBALREALTY.COM

**NOW HIRING !!!**
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance

SIMRAN SAINI
416.994.7272
www.allkindinsurance.com

**INSURANCE**
- Home
- Business
- Life Insurance
- Auto
- Trucking
- Commercial

647-206-2452
Sukhwinder K Singh
CONNEX
7050A Bramalea Rd, Unit # 13, Mississauga, ON L5S 1T1

**PEST PROBLEM ?**
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill, Certified & Licenced Exterminator

**Law Office of Aman Sharma**
- Real Estate - Commercial Lease
- Business Purchase & Sale
- Notarizations & Affidavits
- Wills & Power Of Attorney

Fax: 905-913-2344 Tel: 905-913-2355
Aman Sharma
25 Cherrycrest Drive, Unit # 6
Brampton, ON, L6P 3W4
Open Saturday
Providing excellent quality legal services to our clients

**KELLEY LAW OFFICE**
- Immigration
- Family Law
- Corporate
- Power of Attorney/Affidavit /Attestations
- Real Estate
- Business Closing
- Wills & Estate

www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON
Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

**SUPER VISA INSURANCE EXPERTS**
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance

RANJIT GILL
Insurance Advisor
416-724-5000

SAMSUNG
BUY 2 OR MORE APPLIANCES
OURR HOME & APPLIANCES
EXCLUSIVE
NO TAX
EVENT FROM MAY 13TH - 30TH
PRICE $5299
Premium Package
DEAL TILL STOCK LAST
KitchenAid | moffat | MAYTAG | LG | SAMSUNG | Electrolux | JENNAIR | BOSCH | Whirlpool
Unit #1, 241 Clarence, St Brampton, On L6W 3E7, (416) 551 3343 | 44 Fasken Dr. # 2-9 Etobicoke, On M9W 5M8, (416) 792-0877 | Unit #6 410 Lewis Road, Stoney Creek, On L8E 5Y7, (905) 643-0818 | Unit #4 - 1540 Fanshawe Park Road West London, On N6H 5L8 519-641-1010
WWW.OURRHOMEAPPLIANCES.COM (416) 792-0877 (416) 551 3343

**Canada Consumer Credit Assistance** ਕਰਜ਼ਾ ਰਹਿਤ ਜਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal, Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

**Mortgage! We Will Beat Any Rate !!!**
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Brokerage Lic. 12538
Harpreet Singh Goraya, Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

**ਨਵਾਂ ਘਾਹ ਲਵਾਉ**
647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੈਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

**HELPING YOU PLAN TODAY...FOR TOMORROW**
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP

www.ufsinsurance.com
JATINDERBIR S BAJWA, Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

**PROTECT YOUR HOME FROM PESTS**
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu, Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

**CN Forklift Training Center**
Counterbalance All Types | Walkie pallet Low Lift | Electric Motor Narrow Aisle Reach | Cherry Order Picker
Licence $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan, Certified Instructor
Cell: 416 726 6206 Tel: 905 405 0001

**MANN LAW FIRM**
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation

Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

**Royal Pest Control**
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons

Call : PARESH PATEL (Government Approved Licensed Technician)
416 938 4598

**ਵਰਕਰਾਂ ਦੀ ਲੋੜ**
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉੱਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉੱਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

# ਬੀਸੀ ਦੇ ਇੱਕ ਈਵੈਂਟ ਵਿਚ ਜਾਣ ਦੀ ਯੋਜਨਾ ਟਰੂਡੋ ਨੇ ਕੀਤੀ ਰੱਦ



ਸਰ੍ਹੀ, 26 ਮਈ (ਪੋਸਟ ਬਿਊਰੋ) : ਮੰਗਲਵਾਰ ਸ਼ਾਮ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਫੰਡਰੇਜ਼ਿੰਗ ਡਿਨਰ ਦੀ ਆਪਣੀ ਯੋਜਨਾ ਰੱਦ ਕਰਨੀ ਪਈ।

ਇਸ ਈਵੈਂਟ ਦੇ ਦੋ ਸਪੀਕਰਜ਼ ਨੇ ਦੱਸਿਆ ਕਿ ਸਰ੍ਹੀ, ਬੀਸੀ ਵਿੱਚ ਕਰਵਾਏ ਜਾਣ ਵਾਲੇ ਇਸ ਈਵੈਂਟ ਵਿੱਚ ਬਹੁਤਾ ਕਰਕੇ ਸਾਊਥ ਏਸ਼ੀਆਈ ਲੋਕ ਹੀ ਹਿੱਸਾ ਲੈਣ ਲਈ ਪਹੁੰਚੇ ਸਨ ਤੇ ਕੁੱਝ ਮੁਜ਼ਾਹਰਾਕਾਰੀਆਂ ਵੱਲੋਂ ਨਸਲੀ ਟਿੱਪਣੀਆਂ ਕੀਤੇ ਜਾਣ ਕਾਰਨ ਟਰੂਡੋ ਵੱਲੋਂ ਇਸ ਈਵੈਂਟ ਵਿੱਚ ਹਿੱਸਾ ਨਾ ਲੈਣ ਦਾ ਫੈਸਲਾ ਕੀਤਾ ਗਿਆ। ਟਰੂਡੋ ਇਮਾਰਤ ਵਿੱਚ ਹੀ ਦਾਖਲ ਨਹੀਂ ਹੋਏ ਤੇ ਉਨ੍ਹਾਂ ਇੱਥੇ ਇੱਕਠੇ ਹੋਏ ਲੋਕਾਂ ਨਾਲ ਜ਼ੂਮ ਰਾਹੀਂ ਤਿੰਨ ਮਿੰਟ ਲਈ ਗੱਲ ਕੀਤੀ।

ਉਨ੍ਹਾਂ ਆਖਿਆ ਕਿ ਕਿਸੇ ਨੂੰ ਵੀ ਆਪਣੇ ਜਮਹੂਰੀ ਅਧਿਕਾਰਾਂ ਦੀ ਵਰਤੋਂ ਕਰਨ ਤੋਂ ਨਹੀਂ ਰੋਕਿਆ ਜਾਣਾ ਚਾਹੀਦਾ ਕਿਉਂਕਿ ਸਾਡੇ ਦੇਸ਼ ਵਿੱਚ ਜਮਹੂਰੀ ਆਜ਼ਾਦੀ ਦੀ ਪੂਰੀ ਖੁੱਲ੍ਹ ਹੈ। ਟਰੂਡੋ ਨੇ ਆਖਿਆ ਕਿ ਉਹ ਭਵਿੱਖ ਵਿੱਚ ਸਰ੍ਹੀ ਦੇ ਆਪਣੇ ਸਮਰਥਕਾਂ ਨੂੰ ਮਿਲਣ ਲਈ ਜ਼ਰੂਰ ਆਉਣਗੇ। ਇਸ ਦੌਰਾਨ ਈਵੈਂਟ ਵਿੱਚ ਹਿੱਸਾ ਲੈਣ ਵਾਲਿਆਂ ਨੂੰ ਪ੍ਰਬੰਧਕਾਂ ਨੇ ਆਖਿਆ ਕਿ ਉਹ ਉੱਥੇ ਹੀ ਰਹਿਣ ਤੇ ਖਾਣੇ ਦਾ ਆਨੰਦ ਮਾਨਣ।

ਰੱਖਿਆ ਮੰਤਰੀ ਅਨੀਤਾ ਆਨੰਦ ਨੇ ਇੱਕਠ ਨੂੰ ਸੰਬੋਧਨ ਕੀਤਾ ਪਰ ਲਿਬਰਲ ਪਾਰਟੀ ਦੇ ਸਟਾਫਰ ਵੱਲੋਂ ਇੱਕ ਪੱਤਰਕਾਰ ਨੂੰ ਕਮਰਾ ਛੱਡ ਕੇ ਬਾਹਰ ਜਾਣ ਲਈ ਵੀ ਆਖਿਆ ਗਿਆ। ਜ਼ਿਕਰਯੋਗ ਹੈ ਕਿ ਚਾਰ ਦਰਜਨ ਦੇ ਨੇੜੇ ਤੇੜੇ ਮੁਜ਼ਾਹਰਾਕਾਰੀ ਕਨਵੈਂਸ਼ਨ ਸੈਂਟਰ ਦੇ ਬਾਹਰ ਇੱਕਠੇ ਹੋ ਗਏ ਤੇ ਉਨ੍ਹਾਂ ਟਰੂਡੋ ਖਿਲਾਫ ਨਾਅਰੇ ਲਾਏ ਤੇ ਹੌਰਨ ਵੀ ਵਜਾਏ।

# ਪਾਬੰਦੀਆਂ ਹਟਾਏ ਜਾਣ ਤੋਂ ਬਾਅਦ ਕੈਨੇਡਾ ਆਉਣ ਵਾਲੇ ਕੌਮਾਂਤਰੀ ਟਰੈਵਲਰਜ਼ ਦੀ ਗਿਣਤੀ ਵਧੀ

ਓਟਵਾ, 26 ਮਈ (ਪੋਸਟ ਬਿਊਰੋ) : ਕੋਵਿਡ-19 ਪਾਬੰਦੀਆਂ ਵਿੱਚ ਕਮੀ ਆਉਣ ਤੋਂ ਬਾਅਦ ਕੈਨੇਡਾ ਲਈ ਇੰਟਰਨੈਸ਼ਨਲ ਟਰੈਵਲ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਇਹ ਖੁਲਾਸਾ ਸਟੈਟੇਸਟਿਕਸ ਕੈਨੇਡਾ ਵੱਲੋਂ ਜਾਰੀ ਕੀਤੀ ਗਈ ਰਿਪੋਰਟ ਵਿੱਚ ਕੀਤਾ ਗਿਆ ਹੈ।

ਰਿਪੋਰਟ ਵਿੱਚ ਆਖਿਆ ਗਿਆ ਕਿ ਮਾਰਚ 2022 ਵਿੱਚ ਸਮੁੰਦਰੋਂ ਪਾਰ ਰਹਿਣ ਵਾਲੇ 148,900 ਰੈਜ਼ੀਡੈਂਟਸ ਕੈਨੇਡਾ ਪਹੁੰਚੇ। ਹਾਲਾਂਕਿ ਮਾਰਚ 2021 ਦੇ ਮੁਕਾਬਲੇ ਇਹ ਅੰਕੜੇ ਪੰਜ ਗੁਣਾਂ ਜ਼ਿਆਦਾ ਹਨ ਪਰ ਇਹ 2019 ਵਿੱਚ ਇਸੇ ਮਹੀਨੇ ਕੈਨੇਡਾ ਵਿੱਚ ਦਾਖਲ ਹੋਣ ਵਾਲਿਆਂ ਦੀ ਗਿਣਤੀ ਨਾਲੋਂ ਅੱਧੇ ਜਾਂ 43 ਫੀ ਸਦੀ ਤੋਂ ਵੀ ਘੱਟ ਹਨ।



ਵਾਸੀਆਂ ਵੱਲੋਂ ਕੈਨੇਡਾ ਦੇ 465,000 ਟਰਿੱਪ ਲਾਏ ਗਏ ਜਦਕਿ ਮਾਰਚ 2021 ਵਿੱਚ ਇਹ ਪੰਜ ਗੁਣਾਂ ਘੱਟ ਸਨ। ਪਰ ਮਾਰਚ 2019 ਵਿੱਚ ਕੀਤੇ ਗਏ 1.5 ਮਿਲੀਅਨ ਟਰਿੱਪਜ਼ ਦਾ ਇਹ 31.9 ਫੀ ਸਦੀ ਹੀ ਸਨ। ਅਮੈਰੀਕਨਜ਼ ਵੱਲੋਂ ਮਾਰਚ 2022 ਵਿੱਚ ਕੀਤੇ ਗਏ ਕੁੱਲ 310,300 ਟਰਿੱਪਜ਼ ਆਟੋਮੋਬਾਈਲ ਰਾਹੀਂ ਕੀਤੇ ਗਏ ਸਨ ਜਦਕਿ 42 ਫੀ ਸਦੀ ਲੋਕ ਟਰਿੱਪ ਕਰਕੇ ਉਸੇ ਦਿਨ ਪਰਤ ਗਏ ਸਨ। ਇਸ ਦੌਰਾਨ ਕੈਨੇਡਾ ਆਉਣ ਵਾਲੇ ਯੂਰਪੀਅਨ ਦੀ ਗਿਣਤੀ ਮਾਰਚ 2021 ਵਿੱਚ 5600 ਨਾਲੋਂ ਮਾਰਚ 2022 ਵਿੱਚ 68,800 ਤੱਕ ਅੱਪੜ ਗਈ। ਜਦਕਿ ਏਸ਼ੀਆ ਦੇ ਵਿਜ਼ੀਟਰਜ਼ ਦਾ ਅੰਕੜਾ 12,100 ਨਾਲੋਂ 33,700 ਤੱਕ ਅੱਪੜ ਗਿਆ। ਪਰ ਇਹ ਦੋਵੇਂ ਅੰਕੜੇ ਵੀ ਮਾਰਚ 2019 ਦੇ ਪੱਧਰ ਨਾਲੋਂ ਘੱਟ ਸਨ।

# ਸਕੂਲ ਨੇੜੇ ਰਾਈਫਲ ਲੈ ਕੇ ਘੁੰਮ ਰਹੇ ਵਿਅਕਤੀ ਨੂੰ ਪੁਲਿਸ ਨੇ ਮਾਰੀ ਗੋਲੀ

## ਟੋਰਾਂਟੋ ਦੇ ਕਈ ਸਕੂਲਾਂ ਵਿੱਚ ਲਾਇਆ ਗਿਆ ਲਾਕਡਾਊਨ



ਟੋਰਾਂਟੋ, 26 ਮਈ (ਪੋਸਟ ਬਿਊਰੋ) : ਸਕਾਰਬਰੋ ਦੇ ਪੋਰਟ ਯੂਨੀਅਨ ਏਰੀਆ ਵਿੱਚ ਐਲੀਮੈਂਟਰੀ ਸਕੂਲ ਨੇੜੇ ਰਾਈਫਲ ਲੈ ਕੇ ਘੁੰਮ ਰਹੇ ਵਿਅਕਤੀ ਨੂੰ ਪੁਲਿਸ ਵੱਲੋਂ ਗੋਲੀ ਮਾਰ ਦਿੱਤੀ ਗਈ। ਉਸ ਦੀ ਮੌਕੇ ਉੱਤੇ ਹੀ ਮੌਤ ਹੋ ਗਈ। ਇਸ ਤੋਂ ਬਾਅਦ ਟੋਰਾਂਟੋ ਦੇ ਕਈ ਸਕੂਲਾਂ ਨੂੰ ਬੰਦ ਕਰ ਦਿੱਤਾ ਗਿਆ।

ਵੀਰਵਾਰ ਨੂੰ ਦੁਪਹਿਰੇ 1:00 ਵਜੇ ਦੇ ਨੇੜੇ ਤੇੜੇ ਸੜਕ ਉੱਤੇ ਰਾਈਫਲ ਲੈ ਕੇ ਘੁੰਮ ਰਹੇ ਵਿਅਕਤੀ ਦੀ ਖਬਰ ਦੇ ਕੇ ਪੁਲਿਸ ਨੂੰ ਮੈਬਰਲੇ ਕ੍ਰੀਸੈਂਟ ਤੇ ਓਕਸਹੌਰਨ ਰੋਡ ਉੱਤੇ ਸੱਦਿਆ ਗਿਆ। ਪੈਰਾਮੈਡਿਕਸ ਨੇ ਦੱਸਿਆ ਕਿ ਉਨ੍ਹਾਂ ਨੂੰ ਸ਼ੂਟਿੰਗ ਦੀ ਖਬਰ ਦੇ ਕੇ 1:24 ਉੱਤੇ ਲਾਅਰੈਂਸ ਐਵਨਿਊ ਦੇ ਕਿਨਾਰੇ ਤੇ ਪੋਰਟ ਯੂਨੀਅਨ ਰੋਡ ਉੱਤੇ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਮਸ਼ਕੂਕ ਨੂੰ ਪੁਲਿਸ ਵੱਲੋਂ ਗੋਲੀ ਮਾਰ ਦਿੱਤੀ ਗਈ।

ਮੌਕੇ ਤੋਂ ਹਾਸਲ ਹੋਈ ਵੀਡੀਓ ਵਿੱਚ ਪੁਲਿਸ ਅਧਿਕਾਰੀ ਪੋਰਟ ਯੂਨੀਅਨ ਰੋਡ ਦੇ ਇੱਕ ਹਿੱਸੇ ਦੀ ਘੇਰਾਬੰਦੀ ਕਰਦੇ ਨਜ਼ਰ ਆ ਰਹੇ ਹਨ। ਸੰਤਰੀ ਰੰਗ ਦੀ ਤਰਪਾਲ ਨਾਲ ਸਾਈਡਵਾਕ ਉੱਤੇ ਕਿਸੇ ਚੀਜ਼ ਨੂੰ ਢਕਿਆ ਹੋਇਆ ਵੀ ਨਜ਼ਰ ਆ ਰਿਹਾ ਹੈ।

ਇਸ ਦੌਰਾਨ ਜੋਸਫ ਹੋਵੇ ਸੀਨੀਅਰ ਪਬਲਿਕ ਸਕੂਲ, ਸਰ ਓਲੀਵਰ ਮੋਵਾਤ ਕਾਲਜੀਏਟ ਇੰਸਟੀਚਿਊਟ, ਸੇਂਟ ਬ੍ਰੈਂਡਨ ਕੈਥੋਲਿਕ ਸਕੂਲ ਤੇ ਵਿਲੀਅਮ ਜੀ ਡੇਵਿਸ ਜੂਨੀਅਰ ਪਬਲਿਕ ਸਕੂਲ ਨੂੰ ਪਹਿਲਾਂ ਲਾਕਡਾਊਨ ਕੀਤਾ ਗਿਆ। ਸ਼ਾਰਲੈਟਟਾਊਨ ਜੂਨੀਅਰ ਪਬਲਿਕ ਸਕੂਲ ਤੇ ਸੈਂਟੇਨੀਅਲ ਰੋਡ ਜੂਨੀਅਰ ਪਬਲਿਕ ਸਕੂਲ ਨੂੰ ਵੀ ਹੋਲਡ ਤੇ ਸਕਿਓਰ ਰੱਖਿਆ ਗਿਆ। ਦੁਪਹਿਰੇ 3:00 ਵਜੇ ਤੋਂ ਬਾਅਦ ਇਹ ਲਾਕਡਾਊਨ ਖੋਲ੍ਹ ਦਿੱਤਾ ਗਿਆ।

# ਗੰਨ ਕੰਟਰੋਲ ਸਬੰਧੀ ਨਵੇਂ ਮਾਪਦੰਡ ਲਿਆਉਣ ਦਾ ਟਰੂਡੋ ਨੇ ਦਿੱਤਾ ਸੰਕੇਤ

ਓਟਵਾ, 26 ਮਈ (ਪੋਸਟ ਬਿਊਰੋ) : ਟੈਕਸਸ ਵਿੱਚ ਇੱਕ ਐਲੀਮੈਂਟਰੀ ਸਕੂਲ ਵਿੱਚ ਇੱਕ ਗੰਨਮੈਨ ਵੱਲੋਂ ਅੰਨ੍ਹੇਵਾਹ ਗੋਲੀਆਂ ਚਲਾ ਕੇ ਕਈ ਬੱਚਿਆਂ ਦੀ ਜਾਨ ਲੈਣ ਦੇ ਮਾਮਲੇ ਨੂੰ ਧਿਆਨ ਵਿੱਚ ਰੱਖਦਿਆਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸੰਕੇਤ ਦਿੱਤਾ ਹੈ ਕਿ ਆਉਣ ਵਾਲੇ ਹਫਤਿਆਂ ਵਿੱਚ ਕੈਨੇਡੀਅਨ ਸਰਕਾਰ ਗੰਨ ਕੰਟਰੋਲ ਸਬੰਧੀ ਨਵੇਂ ਮਾਪਦੰਡ ਲਿਆਵੇਗੀ।


ਪਾਰਲੀਆਮੈਂਟ ਦੀ ਪਿਛਲੀ ਕਾਰਵਾਈ ਵਿੱਚ ਲਿਬਰਲਾਂ ਵੱਲੋਂ ਕੈਨੇਡਾ ਦੇ ਗੰਨ ਲਾਅਜ਼ ਵਿੱਚ ਤਬਦੀਲੀ ਲਿਆਂਦੀ ਗਈ। ਉਸ ਸਮੇਂ ਬੈਕਗ੍ਰਾਊਂਡ ਚੈੱਕ ਕਰਨ ਸਬੰਧੀ ਨਿਯਮ ਨੂੰ ਹੋਰ ਮਜ਼ਬੂਤ ਕੀਤਾ ਗਿਆ ਤੇ ਅਸਾਲਟ-ਸਟਾਈਲ ਹਥਿਆਰਾਂ ਦੀਆਂ ਕਈ ਕਿਸਮਾਂ ਦੇ ਨਾਲ ਨਾਲ 1500 ਮਾਡਲਾਂ ਉੱਤੇ ਪਾਬੰਦੀ ਲਾਈ ਗਈ। ਹਾਲਾਂਕਿ ਲਿਬਰਲਾਂ ਦੇ ਪਲੈਨ ਦੇ ਕਈ ਹਿੱਸਿਆਂ, ਜਿਵੇਂ ਕਿ ਪ੍ਰਸਤਾਵਿਤ ਗੰਨ ਬਾਇਬੈਕ ਪ੍ਰੋਗਰਾਮ, ਨੂੰ ਬੂਰ ਨਹੀਂ ਪਿਆ ਇਸ ਲਈ ਟਰੂਡੋ ਵੱਲੋਂ 2021 ਦੀਆਂ ਫੈਡਰਲ ਚੋਣਾਂ ਵਿੱਚ ਇਸ ਤੋਂ ਵੀ ਵੱਧ ਸਖ਼ਤੀ ਕਰਨ ਦਾ ਤਹੱਈਆ ਪ੍ਰਗਟਾਇਆ ਗਿਆ ਸੀ।

ਲਿਬਰਲਾਂ ਵੱਲੋਂ ਚੋਣਾਂ ਵਿੱਚ ਕੀਤੇ ਗਏ ਵਾਅਦੇ ਅਨੁਸਾਰ ਪਬਲਿਕ ਸੇਫਟੀ ਮੰਤਰੀ ਮਾਰਕੋ ਮੈਂਡੀਸਿਨੋ ਵੱਲੋਂ ਗੰਨ ਕੰਟਰੋਲ ਸਬੰਧੀ ਨਵੇਂ ਮਾਪਦੰਡ ਲਿਆਉਣ ਦੀ ਕਵਾਇਦ ਸ਼ੁਰੂ ਕਰ ਦਿੱਤੀ ਗਈ ਹੈ। ਇਸ ਤਹਿਤ ਹਥਿਆਰਾਂ ਦੀ ਲਾਇਸੰਸ ਸਬੰਧੀ ਵੈਰੀਫਿਕੇਸ਼ਨ ਤੇ ਬਿਜ਼ਨਸ ਰਿਕਾਰਡ ਨੂੰ ਸਾਂਭਣ ਸਬੰਧੀ ਨਿਯਮ ਵੀ ਸ਼ਾਮਲ ਹਨ। ਆਉਣ ਵਾਲੇ ਹਫਤਿਆਂ ਵਿੱਚ ਚੋਣ ਵਾਅਦੇ ਮੁਤਾ-ਬਕ ਫੈਡਰਲ ਸਰਕਾਰ ਹੇਠ ਲਿਖੇ ਨੁਕਤਿਆਂ ਨੂੰ ਅਮਲ ਵਿੱਚ ਲਿਆ ਸਕਦੀ ਹੈ :

- ਪਾਬੰਦੀਸ਼ੁਦਾ ਹਥਿਆਰਾਂ ਦੇ ਮਾਲਕਾਂ ਨੂੰ ਆਪਣੇ ਅਜਿਹੇ ਹਥਿਆਰ ਮੁੜ ਸਰਕਾਰ ਨੂੰ ਵੇਚਣ ਲਈ ਆਖਿਆ ਜਾ ਸਕਦਾ ਹੈ ਤਾਂ ਕਿ ਉਨ੍ਹਾਂ ਨੂੰ ਸਹੀ ਢੰਗ ਨਾਲ ਖ਼ਤਮ ਕੀਤਾ ਜਾ ਸਕੇ।
- ਅਜਿਹੇ ਮੈਗਜ਼ੀਨ, ਜਿਨ੍ਹਾਂ ਵਿੱਚ ਕਾਨੂੰਨੀ ਤੌਰ ਉੱਤੇ ਮਨਜ਼ੂਰਸ਼ੁਦਾ ਗੋਲੀਆਂ ਨਾਲੋਂ ਵੱਧ ਗੋਲੀਆਂ ਪੈ ਜਾਂਦੀਆਂ ਹਨ, ਦੀ ਵਿੱਕਰੀ ਉੱਤੇ ਰੋਕ ਲਾਉਣੀ
- ਲਾਂਗ ਗੰਨ ਮੈਗਜ਼ੀਨ ਨੂੰ ਸਥਾਈ ਤੌਰ ਉੱਤੇ ਸੋਧਣਾ ਤਾਂ ਕਿ ਉਨ੍ਹਾਂ ਵਿੱਚ ਪੰਜ ਰੌਂਦਾ ਤੋਂ ਜ਼ਿਆਦਾ ਰੌਂਦ ਨਾ ਆ ਸਕਣ
- ਜਿਹੜੇ ਪ੍ਰੋਵਿੰਸ ਤੇ ਟੈਰੇਟਰੀਜ਼ ਆਪਣੀਆਂ ਮਿਊਂਸਪੈਲਿਟੀਜ਼ ਵਿੱਚ ਹੈਂਡਗੰਨਜ਼ ਉੱਤੇ ਪਾਬੰਦੀ ਲਾਉਣ ਲਈ ਅੱਗੇ ਆਉਣਗੇ ਉਨ੍ਹਾਂ ਨੂੰ ਫੰਡ ਮੁਹੱਈਆ ਕਰਵਾਉਣਾ
- ਹਥਿਆਰਾਂ ਦੀ ਸਮਗਲਿੰਗ ਕਰਨ ਵਾਲਿਆਂ ਉੱਤੇ ਵੱਧ ਤੋਂ ਵੱਧ ਜੁਰਮਾਨੇ ਲਾਉਣਾ
- ਜੇ ਹਥਿਆਰ ਰੱਖਣ ਵਾਲਾ ਕੋਈ ਵਿਅਕਤੀ ਖੁਦ ਲਈ ਜਾਂ ਹੋਰਨਾਂ ਲਈ ਖਤਰਾ ਬਣ ਸਕਦਾ ਹੈ ਤਾਂ ਅਜਿਹੇ ਖਤਰੇ ਨੂੰ ਭਾਂਪਦਿਆਂ ਹੋਇਆਂ ਹਥਿਆਰਾਂ ਨੂੰ ਫੌਰਨ ਹਟਾਉਣਾ

ਅਮਰੀਕਾ ਵਿੱਚ ਸ਼ੂਟਿੰਗ ਦੀ ਵਾਪਰੀ ਤਾਜ਼ਾ ਘਟਨਾ ਦੀ ਗੱਲ ਕਰਦਿਆਂ ਪਬਲਿਕ ਸੇਫਟੀ ਮੰਤਰੀ ਨੇ ਆਖਿਆ ਕਿ ਇਹ ਘਟਨਾ ਸਾਡੇ ਲਈ ਇੱਕ ਸਬਕ ਹੈ ਕਿ ਅਸੀਂ ਇਸ ਪਾਸੇ ਧਿਆਨ ਦੇਈਏ ਤੇ ਕੈਨੇਡਾ ਵਿੱਚ ਅਜੇ ਇਸ ਪਾਸੇ ਕਾਫੀ ਕੁੱਝ ਕਰਨਾ ਬਾਕੀ ਹੈ।

# ਟੋਰਾਂਟੋ ਵਿੱਚ ਮੌਂਕੀਪੌਕਸ ਦੇ ਪਹਿਲੇ ਕੇਸ ਦੀ ਹੋਈ ਪੁਸ਼ਟੀ



ਟੋਰਾਂਟੋ, 26 ਮਈ (ਪੋਸਟ ਬਿਊਰੋ) : ਟੋਰਾਂਟੋ ਵਿੱਚ ਮੌਂਕੀਪੌਕਸ ਦੇ ਪਹਿਲੇ ਮਾਮਲੇ ਦੀ ਪੁਸ਼ਟੀ ਕੀਤੀ ਗਈ ਹੈ। ਟੋਰਾਂਟੋ ਪਬਲਿਕ ਹੈਲਥ ਦਾ ਕਹਿਣਾ ਹੈ ਕਿ ਇਹ ਵਿਅਕਤੀ ਇਸ ਸਮੇਂ ਸਥਿਰ ਹਾਲਤ ਵਿੱਚ ਹੈ ਤੇ ਹਸਪਤਾਲ ਵਿੱਚ ਜ਼ੇਰੇ ਇਲਾਜ ਹੈ। ਇਸ ਸਬੰਧ ਵਿੱਚ ਅਜੇ ਹੋਰ ਵੇਰਵੇ ਜਾਰੀ ਨਹੀਂ ਕੀਤੇ ਗਏ ਹਨ। ਹੈਲਥ ਯੂਨਿਟ ਵੱਲੋਂ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਹੈ ਕਿ ਦੋ ਹੋਰ ਰੈਜ਼ੀਡੈਂਟਸ, ਜਿਨ੍ਹਾਂ ਨੂੰ ਇਹ ਵਾਇਰਸ ਹੋਣ ਦਾ ਸ਼ੱਕ ਸੀ, ਦੀ ਰਿਪੋਰਟ ਨੈਗੇਟਿਵ ਆਈ ਹੈ। ਪੰਜ ਨਵੇਂ ਸ਼ੱਕੀ ਮਾਮਲਿਆਂ ਦੀ ਅਜੇ ਜਾਂਚ ਚੱਲ ਰਹੀ ਹੈ। ਟੀਪੀਐਚ ਵੱਲੋਂ ਪਹਿਲਾਂ ਦਿੱਤੀ ਗਈ ਜਾਣਕਾਰੀ ਵਿੱਚ ਆਖਿਆ ਗਿਆ ਸੀ ਕਿ ਉਹ ਤਿੰਨ ਸ਼ੱਕੀ ਮਾਮਲਿਆਂ ਦੀ ਜਾਂਚ ਕਰ ਰਹੇ ਹਨ।

ਇਸ ਨਾਲ ਸੰਭਾਵੀ ਕੇਸਾਂ ਦੀ ਗਿਣਤੀ ਇੱਕ ਤੇ ਸ਼ੱਕੀ ਕੇਸਾਂ ਦੀ ਗਿਣਤੀ ਪੰਜ ਹੋ ਜਾਂਦੀ ਹੈ। ਇਹ ਸਾਰੇ ਵਿਅਕਤੀ ਇਸ ਸਮੇਂ ਘਰ ਵਿੱਚ ਸਿਹਤਯਾਬ ਹੋ ਰਹੇ ਹਨ ਜਦਕਿ ਇਹ ਪਤਾ ਲਾਉਣ ਲਈ ਕਿ ਇਨ੍ਹਾਂ ਨੂੰ ਵਾਇਰਸ ਹੈ ਜਾਂ ਨਹੀਂ ਲੈਬੋਰੇਟਰੀ ਟੈਸਟਿੰਗ ਕੀਤੀ ਗਈ ਹੈ।

ਟੀਪੀਐਚ ਵੱਲੋਂ ਇਹ ਸੰਕੇਤ ਦਿੱਤਾ ਗਿਆ ਹੈ ਕਿ ਜਿਸ ਕਿਸੇ ਨੇ 14 ਮਈ ਨੂੰ 722 ਕਾਲਜ ਸਟਰੀਟ ਵਿੱਚ ਐਕਸਿਸ ਕਲੱਬ ਤੋਂ ਇਲਾਵਾ 13 ਤੇ 14 ਮਈ ਨੂੰ 467 ਚਰਚ ਸਟਰੀਟ ਉੱਤੇ ਵੂਡੀਜ਼ ਬਾਰ ਦੇ ਈਵੈਂਟਸ ਵਿੱਚ ਹਿੱਸਾ ਲਿਆ ਹੋਵੇ ਉਸ ਨੂੰ ਮੌਂਕੀਪੌਕਸ ਹੋਣ ਦਾ ਖਤਰਾ ਹੈ।



# ਹੁਣ ਸਟੰਟ ਡਰਾਈਵਿੰਗ ਕਰਨ ਵਾਲਿਆਂ ਉੱਤੇ ਹੈਲੀਕਾਪਟਰਜ਼ ਰਾਹੀਂ ਨਜ਼ਰ ਰੱਖੇਗੀ ਪੁਲਿਸ

ਟੋਰਾਂਟੋ, 26 ਮਈ (ਪੋਸਟ ਬਿਊਰੋ) : ਜੀਟੀਏ ਵਿੱਚ ਹੁਣ ਸੜਕਾਂ ਉੱਤੇ ਗੱਡੀਆਂ ਦੀ ਰੇਸ ਕਰਵਾਉਣ ਵਾਲਿਆਂ ਤੇ ਸਟੰਟ ਡਰਾਈਵਰਾਂ ਉੱਤੇ ਪੁਲਿਸ ਵੱਲੋਂ ਸ਼ਿਕੰਜਾ ਕੱਸਣ ਦੀ ਤਿਆਰੀ ਕੀਤੀ ਜਾ ਰਹੀ ਹੈ।



ਪਰ ਅਜਿਹੇ ਸਟੰਟ ਕਰਨ ਵਾਲਿਆਂ ਨੂੰ ਆਪਣੇ ਪਿੱਛੇ ਆਉਣ ਵਾਲੀਆਂ ਪੁਲਿਸ ਦੀਆਂ ਗੱਡੀਆਂ ਵੇਖਣ ਨੂੰ ਨਹੀਂ ਮਿਲਣਗੀਆਂ। ਹੁਣ ਜੀਟੀਏ ਪੁਲਿਸ ਹੈਲੀਕਾਪਟਰਜ਼ ਨਾਲ ਸਾਰਿਆਂ ਉੱਤੇ ਨਜ਼ਰ ਰੱਖੇਗੀ। ਮੌਸਮ ਵਿੱਚ ਹਲਕੀ ਗਰਮੀ ਦੀ ਝਲਕ ਮਿਲਣ ਲੱਗੀ ਹੈ ਤੇ ਇੱਕ ਮਹੀਨੇ ਤੱਕ ਗਰਮੀਆਂ ਵੀ ਸ਼ੁਰੂ ਹੋਣ ਜਾ ਰਹੀਆਂ ਹਨ। ਇਸ ਦੇ ਮੱਦੇਨਜ਼ਰ ਲੋਕਲ ਅਧਿਕਾਰੀਆਂ ਵੱਲੋਂ ਸਟਰੀਟ ਰੇਸਰਜ਼ ਤੇ ਸਟੰਟ ਡਰਾਈਵਰਜ਼ ਉੱਤੇ ਹੈਲੀਕਾਪਟਰਜ਼ ਰਾਹੀਂ ਨਜ਼ਰ ਰੱਖੀ ਜਾਵੇਗੀ।

ਬੁੱਧਵਾਰ ਨੂੰ ਯੌਰਕ ਰੀਜਨਲ ਪੁਲਿਸ ਨੇ ਓਨਟਾਰੀਓ ਭਰ ਦੀ ਪੁਲਿਸ ਸਰਵਿਸ ਦੀ ਮਦਦ ਨਾਲ ਪ੍ਰੋਜੈਕਟ ਇਰੇਜ਼ ਲਾਂਚ ਕੀਤਾ। ਜਿਸ ਤਹਿਤ ਖਤਰਨਾਕ ਡਰਾਈਵਿੰਗ ਵਾਲਾ ਵਿਵਹਾਰ ਦਰਸਾਉਣ ਵਾਲੇ ਡਰਾਈਵਰਾਂ ਖਿਲਾਫ ਕਾਰਵਾਈ ਕੀਤੀ ਜਾਵੇਗੀ। ਯੌਰਕ ਰੀਜਨਲ ਪੁਲਿਸ ਨੇ ਇੱਕ ਰਲੀਜ਼ ਜਾਰੀ ਕਰਕੇ ਆਖਿਆ ਕਿ ਇਹ ਸਾਲ ਦਾ ਉਹ ਸਮਾਂ ਹੁੰਦਾ ਹੈ ਜਦੋਂ ਮੋਡੀਫਾਈਡ ਗੱਡੀਆਂ ਸੜਕਾਂ ਉੱਤੇ ਨਜ਼ਰ ਆਉਣ ਲੱਗਦੀਆਂ ਹਨ ਤੇ ਕੁੱਝ ਡਰਾਈਵਰਾਂ ਨੂੰ ਇੰਜ ਲੱਗਦਾ ਹੈ ਕਿ ਉਹ ਸੜਕਾਂ ਨੂੰ ਆਪਣੇ ਨਿਜੀ ਰੇਸ ਟਰੈਕ ਵਜੋਂ ਵਰਤ ਸਕਦੇ ਹਨ। ਇਸ ਤਰ੍ਹਾਂ ਦੇ ਸਟੰਟਸ ਕਾਰਨ ਹੋਣ ਵਾਲੇ ਹਾਦਸਿਆਂ ਨੂੰ ਰੋਕਣ, ਆਮ ਲੋਕਾਂ ਦੀ ਸੇਫਟੀ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਅਜਿਹੇ ਡਰਾਈਵਰਾਂ ਦੀ ਮੱਤ ਠਿਕਾਣੇ ਰੱਖਣ ਲਈ ਇਹ ਫੈਸਲਾ ਕੀਤਾ ਗਿਆ ਹੈ।

# ਸਕਿੱਲਡ ਟਰੇਡਜ਼ ਵਿੱਚ ਵਧੇਰੇ ਵਰਕਰਾਂ ਨੂੰ ਕੰਮ ਦਿਵਾਏਗੀ ਮੁੜ ਚੁਣੀ ਗਈ ਫੋਰਡ ਸਰਕਾਰ

ਨਾਇਗਰਾ, 26 ਮਈ (ਪੋਸਟ ਬਿਊਰੋ) : ਅੱਜ ਇੱਥੇ ਡੱਗ ਫੋਰਡ ਨੇ ਐਲਾਨ ਕੀਤਾ ਕਿ ਸਕਿੱਲਡ ਟਰੇਡਜ਼ ਵਿੱਚ ਚੰਗੀਆਂ ਨੌਕਰੀਆਂ ਵਿੱਚ ਵਧੇਰੇ ਵਰਕਰਜ਼ ਨੂੰ ਪਾਉਣ ਲਈ ਅਗਲੇ ਤਿੰਨ ਸਾਲਾਂ ਵਿੱਚ ਪੀਸੀ ਸਰਕਾਰ ਇੱਕ ਬਿਲੀਅਨ ਡਾਲਰ ਦਾ ਨਿਵੇਸ਼ ਕਰੇਗੀ।

ਡੱਗ ਫੋਰਡ ਨੇ ਆਖਿਆ ਕਿ ਡੈਲ ਡੂਕਾ-ਵਿੰਨ ਦੇ ਲਿਬਰਲਾਂ ਨੇ ਅਜਿਹਾ ਭੰਬਲਭੂਸੇ ਵਾਲਾ ਸਿਸਟਮ ਤਿਆਰ ਕੀਤਾ ਕਿ ਓਨਟਾਰੀਓ ਦੇ 1.2 ਮਿਲੀਅਨ ਸਕਿੱਲਡ ਟਰੇਡਜ਼ ਵਰਕਰਜ਼ ਨੂੰ ਨੌਕਰੀਆਂ ਦੀ ਤਲਾਸ਼ ਵਿੱਚ ਪ੍ਰੋਵਿੰਸ ਤੋਂ ਬਾਹਰ ਜਾਣਾ ਪਿਆ। ਉਨ੍ਹਾਂ ਆਖਿਆ ਕਿ ਹੌਰਵਥ ਤੇ ਐਨਡੀਪੀ ਨੇ ਵਿਚਾਰਧਾਰਕ ਕਾਰਕੁੰਨਾਂ ਦੇ ਪੱਖ ਵਿੱਚ ਬਲੂ ਕਾਲਰ ਵਰਕਰਾਂ ਨੂੰ ਛੱਡ ਦਿੱਤਾ।

ਡੈਲ ਡੂਕਾ-ਵਿੰਨ ਦੇ ਲਿਬਰਲਾਂ ਦੀ ਅਗਵਾਈ ਵਿੱਚ 2013 ਤੇ 2018 ਦਰਮਿਆਨ ਓਨਟਾਰੀਓ



75000 ਰਜਿਸਟਰਡ ਅਪਰੈਂਟਿਸਿਜ਼ ਤੋਂ ਹੱਥ ਧੁਆ ਬੈਠਿਆ। ਪਰ ਡੱਗ ਫੋਰਡ ਦੀ ਯੋਗ ਅਗਵਾਈ ਤੇ ਮਦਦ ਨਾਲ ਲੋਕਾਂ ਨੇ ਇੱਕ ਵਾਰੀ ਫਿਰ ਸਕਿੱਲਡ ਟਰੇਡਜ਼ ਵਿੱਚ ਦਾਖਲ ਹੋਣਾ ਸ਼ੁਰੂ ਕੀਤਾ ਹੈ। ਇਸ ਦਾ ਪਤਾ ਓਨਟਾਰੀਓ ਦੀ ਪੀਸੀ ਪਾਰਟੀ ਨੂੰ ਵੱਧ ਤੋਂ ਵੱਧ ਯੂਨੀਅਨਾਂ ਦੇ ਮਿਲ ਰਹੇ ਸਮਰਥਨ ਤੋਂ ਚੱਲਦਾ ਹੈ। ਪੀਸੀ ਪਾਰਟੀ ਨੂੰ ਸਮਰਥਨ ਦੇਣ ਵਾਲਿਆਂ ਵਿੱਚ ਹੇਠ ਲਿਖੀਆਂ ਯੂਨੀਅਨਾਂ ਸ਼ਾਮਲ ਹਨ : '


- ਲਿਊਨਾ
- ਦ ਓਨਟਾਰੀਓ ਪਾਈਪ ਟਰੇਡਜ਼ ਕਾਊਂਸਲ
- ਦ ਇੰਟਰਨੈਸ਼ਨਲ ਬ੍ਰਦਰਹੁੱਡ ਆਫ ਬੁਆਇਲਰਮੇਕਰਜ਼
- ਦ ਇੰਟਰਨੈਸ਼ਨਲ ਬ੍ਰਦਰਹੁੱਡ ਆਫ ਇਲੈਕਟ੍ਰੀਕਲ ਵਰਕਰਜ਼ ਕੰਸਟ੍ਰਕਸ਼ਨ ਕਾਊਂਸਲ ਆਫ ਓਨਟਾਰੀਓ
- ਦ ਇੰਟਰਨੈਸ਼ਨਲ ਯੂਨੀਅਨ ਆਫ ਪੇਂਟਰਜ਼ ਐਂਡ ਅਲਾਈਡ ਟਰੇਡਜ਼
- ਦ ਇੰਟਰਨੈਸ਼ਨਲ ਐਸੋਸਿਏਸ਼ਨ ਆਫ ਸ਼ੀਟ ਮੈਟਲ, ਏਅਰ, ਰੇਲ ਐਂਡ ਟਰਾਂਸਪੋਰਟੇਸ਼ਨ ਵਰਕਰਜ਼ ਲੋਕਲ 285

ਲੰਮੇਂ ਸਮੇਂ ਤੱਕ ਅਣਗੌਲੇ ਰਹਿਣ ਤੋਂ ਬਾਅਦ ਪੀਸੀ ਪਾਰਟੀ ਇਨ੍ਹਾਂ ਮਿਹਨਤੀ ਵਰਕਰਜ਼ ਨੂੰ ਚੰਗੇ ਸਕਿੱਲਡ ਟਰੇਡਜ਼ ਵਿੱਚ ਚੰਗੀਆਂ ਨੌਕਰੀਆਂ ਦਿਵਾਏਗੀ ਤਾਂ ਕਿ ਉਹ ਵੱਡੇ ਪੇਅਚੈੱਕ ਹਾਸਲ ਕਰ ਸਕਣ।

# ਟੋਰਾਂਟੋ ਵਿੱਚ ਮੌਂਕੀਪੌਕਸ ਦੇ ਦੋ ਨਵੇਂ ਸ਼ੱਕੀ ਮਾਮਲੇ ਆਏ ਸਾਹਮਣੇ

ਟੋਰਾਂਟੋ, 26 ਮਈ (ਪੋਸਟ ਬਿਊਰੋ) : ਟੋਰਾਂਟੋ ਪਬਲਿਕ ਹੈਲਥ (ਟੀਪੀਐਚ) ਦਾ ਕਹਿਣਾ ਹੈ ਕਿ ਸ਼ਹਿਰ ਵਿੱਚ ਮੌਂਕੀਪੌਕਸ ਦੇ ਦੋ ਨਵੇਂ ਸ਼ੱਕੀ ਮਾਮਲੇ ਮਿਲੇ ਹਨ। ਇਸ ਦੇ ਨਾਲ ਹੀ ਇੱਕ ਮਾਮਲਾ ਪੁਖ਼ਤਾ ਤੌਰ ਉੱਤੇ ਇਸੇ ਵਾਇਰਸ ਦਾ ਹੀ ਹੈ ਪਰ ਮਾਮਲੇ ਦੀ ਅਜੇ ਵੀ ਜਾਂਚ ਕੀਤੀ ਜਾ ਰਹੀ ਹੈ। ਟੀਪੀਐਚ ਨੇ ਦੱਸਿਆ ਕਿ ਇਹ ਤਿੰਨੇ ਮਾਮਲੇ ਪੁਰਸ਼ਾਂ ਵਿੱਚ ਹੀ ਪਾਏ ਗਏ ਹਨ ਜਿਨ੍ਹਾਂ ਵਿੱਚੋਂ ਦੋ 30 ਸਾਲਾਂ ਦੇ ਤੇ ਇੱਕ ਆਪਣੇ 20ਵਿਆਂ ਵਿੱਚ ਹੈ। ਇਹ ਵੀ ਦੱਸਿਆ ਗਿਆ ਕਿ ਤਿੰਨੇ ਵਿਅਕਤੀ ਜ਼ੇਰੇ ਇਲਾਜ ਹਨ। ਏਜੰਸੀ ਨੇ ਆਖਿਆ ਕਿ ਤਿੰਨਾਂ ਵਿੱਚੋਂ ਇੱਕ ਵਿਅਕਤੀ ਮਾਂਟਰੀਅਲ ਜਾ ਕੇ ਆਇਆ ਸੀ ਤੇ ਟੋਰਾਂਟੋ ਪਬਲਿਕ ਹੈਲਥ ਦਾ ਕਹਿਣਾ ਹੈ ਕਿ ਇਹ ਇੱਥੇ ਸਾਹਮਣੇ ਆਏ ਪਹਿਲੇ ਮਾਮਲੇ ਦੇ ਸੰਪਰਕ ਵਿੱਚ ਵੀ ਆਇਆ ਸੀ।

ਮੌਂਕੀਪੌਕਸ ਇੱਕ ਵਿਲੱਖਣ ਕਿਸਮ ਦੀ ਬਿਮਾਰੀ ਹੈ ਜਿਹੜੀ ਸਮਾਲਪੌਕਸ ਲਈ ਜ਼ਿੰਮੇਵਾਰ



ਵਾਇਰਸਿਜ਼ ਦੇ ਪਰਿਵਾਰ ਦਾ ਹੀ ਹਿੱਸਾ ਹੈ। ਵਰਲਡ ਹੈਲਥ ਆਰਗੇਨਾਈਜ਼ੇਸ਼ਨ ਦਾ ਦਾਅਵਾ ਹੈ ਕਿ ਸਮਾਲਪੌਕਸ ਨੂੰ 1980 ਵਿੱਚ ਹੀ ਖ਼ਤਮ ਕੀਤਾ ਜਾ ਚੁੱਕਿਆ ਹੈ। ਟੀਪੀਐਚ ਨੇ ਦੱਸਿਆ ਕਿ ਇਸ ਦੇ ਲੱਛਣਾਂ ਵਿੱਚ ਬੁਖਾਰ, ਸਿਰ ਦਰਦ, ਮਸਲਜ਼ ਵਿੱਚ ਦਰਦ ਤੇ ਸ਼ਰੀਰ ਉੱਤੇ ਧੱਫੜ ਪੈ ਜਾਂਦੇ ਹਨ। ਪਹਿਲਾਂ ਇਹ ਮੂੰਹ ਤੋਂ ਸ਼ੁਰੂ ਹੋ ਕੇ ਸ਼ਰੀਰ ਦੇ ਹੋਰਨਾਂ ਹਿੱਸਿਆਂ ਵਿੱਚ ਫੈਲਦੀ ਹੈ। ਬਹੁਤੇ ਲੋਕ ਬਿਨਾਂ ਇਲਾਜ ਤੋਂ ਆਪਣੇ ਆਪ ਵੀ ਠੀਕ ਹੋ ਜਾਂਦੇ ਹਨ। ਸਿਹਤ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਕਾਰਨ ਖਤਰਾ ਕਾਫੀ ਘੱਟ ਹੈ।

# ਗੱਡੀਆਂ ਦੀ ਆਹਮੋ ਸਾਹਮਣੀ ਟੱਕਰ ਵਿੱਚ ਦੋ ਜ਼ਖ਼ਮੀ



ਟੋਰਾਂਟੋ, 26 ਮਈ (ਪੋਸਟ ਬਿਊਰੋ) : ਬੁੱਧਵਾਰ ਰਾਤ ਨੂੰ ਟੋਰਾਂਟੋ ਦੇ ਲੇਕ ਸ਼ੋਰ ਇਲਾਕੇ ਵਿੱਚ ਦੋ ਗੱਡੀਆਂ ਦੀ ਆਹਮੋ ਸਾਹਮਣੀ ਟੱਕਰ ਵਿੱਚ ਦੋਵੇਂ ਡਰਾਈਵਰ ਜ਼ਖ਼ਮੀ ਹੋ ਗਏ। ਗੰਭੀਰ ਜ਼ਖ਼ਮੀ ਹਾਲਤ ਵਿੱਚ ਉਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ।

ਰਾਤੀਂ 11:00 ਵਜੇ ਤੋਂ ਬਾਅਦ ਬ੍ਰਿਟਿਸ਼ ਕੋਲੰਬੀਆ ਰੋਡ ਤੋਂ ਪੂਰਬ ਵੱਲ ਲੇਕ ਸ਼ੋਰ ਬੁਲੇਵਰਡ ਉੱਤੇ ਵਾਪਰੇ ਇਸ ਹਾਦਸੇ ਤੋਂ ਬਾਅਦ ਪੁਲਿਸ ਨੂੰ ਮੌਕੇ ਉੱਤੇ ਸੱਦਿਆ ਗਿਆ। ਹਾਦਸਾ ਐਨਾ ਜ਼ਬਰਦਸਤ ਸੀ ਕਿ ਦੋਵਾਂ ਗੱਡੀਆਂ ਦੇ ਡਰਾਈਵਰਾਂ ਨੂੰ ਕਾਰਾਂ ਵਿੱਚੋਂ ਕੱਢ ਕੇ ਹਸਪਤਾਲ ਪਹੁੰਚਾਉਣਾ ਪਿਆ। ਪੁਲਿਸ ਨੇ ਦੱਸਿਆ ਕਿ ਦੋਵੇਂ ਡਰਾਈਵਰ ਗੰਭੀਰ ਰੂਪ ਵਿੱਚ ਜ਼ਖ਼ਮੀ ਹਨ।

ਬਾਅਦ ਵਿੱਚ ਪੈਰਾਮੈਡਿਕਸ ਨੇ ਦੱਸਿਆ ਕਿ ਦੋਵਾਂ ਵਿੱਚੋਂ ਇੱਕ ਡਰਾਈਵਰ ਦੀ ਹਾਲਤ ਵਿੱਚ ਸੁਧਾਰ ਹੋਇਆ ਹੈ ਤੇ ਉਹ ਖਤਰੇ ਤੋਂ ਬਾਹਰ ਹੈ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

# ਟੈਕਸਸ ਦੇ ਐਲੀਮੈਂਟਰੀ ਸਕੂਲ ਵਿੱਚ ਅੰਨ੍ਹੇਵਾਹ ਗੋਲੀਆਂ ਚਲਾ ਕੇ ਗੰਨਮੈਨ ਨੇ 18 ਬੱਚਿਆਂ ਦੀ ਲਈ ਜਾਨ

ਟੈਕਸਸ, 26 ਮਈ (ਪੋਸਟ ਬਿਊਰੋ) : ਮੰਗਲਵਾਰ ਨੂੰ 18 ਸਾਲਾ ਗੰਨਮੈਨ ਨੇ ਟੈਕਸਸ ਦੇ ਐਲੀਮੈਂਟਰੀ ਸਕੂਲ ਵਿੱਚ ਅੰਨ੍ਹੇਵਾਹ ਗੋਲੀਆਂ ਚਲਾ ਕੇ 18 ਬੱਚਿਆਂ ਦੀ ਜਾਨ ਲੈ ਲਈ। ਅਧਿਕਾਰੀਆਂ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਗੰਨਮੈਨ ਵੀ ਮਾਰਿਆ ਗਿਆ।



ਸਟੇਟ ਸੈਨੇਟਰ ਰੌਲੈਂਡ ਗੁਤੀਰੇਜ ਅਨੁਸਾਰ ਮਰਨ ਵਾਲਿਆਂ ਵਿੱਚ 3 ਬਾਲਗ ਵੀ ਸ਼ਾਮਲ ਹਨ। ਉਨ੍ਹਾਂ ਆਖਿਆ ਕਿ ਇਸ ਸਬੰਧ ਵਿੱਚ ਉਨ੍ਹਾਂ ਨੂੰ ਸਟੇਟ ਪੁਲਿਸ ਵੱਲੋਂ ਜਾਣਕਾਰੀ ਦਿੱਤੀ ਗਈ ਹੈ। ਪਰ ਅਜੇ ਤੱਕ ਇਹ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਮਰਨ ਵਾਲਿਆਂ ਵਿੱਚ ਹਮਲਾਵਰ ਨੂੰ ਵੀ ਗਿਣਿਆ ਜਾ ਰਿਹਾ ਹੈ ਜਾਂ ਨਹੀਂ। ਅਮਰੀਕਾ ਦੇ ਕਿਸੇ ਗ੍ਰੇਡ ਸਕੂਲ ਵਿੱਚ ਹੋਇਆ ਇਹ ਸੱਭ ਤੋਂ ਘਾਤਕ ਹਮਲਾ ਹੈ। ਇਸ ਤੋਂ ਇੱਕ ਦਹਾਕੇ ਪਹਿਲਾਂ ਕਨੈਕਟੀਕਟ ਵਿੱਚ ਨਿਊਟਨ ਦੇ ਸੈਂਡੀ ਹੁੱਕ ਐਲੀਮੈਂਟਰੀ ਸਕੂਲ ਵਿੱਚ ਇੱਕ ਗੰਨਮੈਨ ਨੇ 20 ਬੱਚਿਆਂ ਤੇ ਛੇ ਬਾਲਗਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ।

ਫੈਡਰਲ ਲਾਅ ਐਨਫੋਰਸਮੈਂਟ ਅਧਿਕਾਰੀਆਂ ਦਾ ਕਹਿਣਾ ਹੈ ਕਿ ਮਰਨ ਵਾਲਿਆਂ ਦੀ ਗਿਣਤੀ ਵਿੱਚ ਵਾਧਾ ਹੋ ਸਕਦਾ ਹੈ। ਇਹ ਜਾਣਕਾਰੀ ਸਬੰਧਤ ਅਧਿਕਾਰੀਆਂ ਵੱਲੋਂ ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ ਉੱਤੇ ਦਿੱਤੀ ਗਈ। ਗਵਰਨਰ ਗ੍ਰੈਗ ਐਬੋਟ ਨੇ ਦੱਸਿਆ ਕਿ ਗੰਨਮੈਨ ਹੈਂਡਗੰਨ, ਸੰਭਾਵੀ ਤੌਰ ਉੱਤੇ ਇੱਕ ਰਾਈਫਲ, ਨਾਲ ਉਵਾਲਡੇ ਰੌਬ ਐਲੀਮੈਂਟਰੀ ਸਕੂਲ ਵਿੱਚ ਦਾਖਲ ਹੋਇਆ। ਅਧਿਕਾਰੀਆਂ ਵੱਲੋਂ ਇਸ ਹਮਲੇ ਪਿੱਛਲੇ ਮੰਤਵ ਬਾਰੇ ਅਜੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਹੈ। ਪਰ ਗਵਰਨਰ ਨੇ ਦੱਸਿਆ ਕਿ ਹਮਲਾਵਰ ਦੀ ਪਛਾਣ ਸੈਲਵਾਡੌਰ ਰੈਮੋਸ ਵਜੋਂ ਕੀਤੀ ਗਈ ਹੈ। ਉਹ ਸੈਨ ਐਂਟੋਨੀਓ ਦੇ ਪੱਛਮ ਵੱਲ 85 ਮੀਲ ਦੀ ਦੂਰੀ ਉੱਤੇ ਸਥਿਤ ਲੈਟਿਨੋ ਕਮਿਊਨਿਟੀ ਦਾ ਰਹਿਣ ਵਾਲਾ ਸੀ।

ਸ਼ੂਟਿੰਗ ਸ਼ੁਰੂ ਹੁੰਦੇ ਸਾਰ ਨੇੜੇ ਹੀ ਮੌਜੂਦ ਬਾਰਡਰ ਪੈਟਰੋਲ ਏਜੰਟ ਬੈਕਅੱਪ ਦੀ ਪਰਵਾਹ ਕੀਤੇ ਬਿਨਾਂ ਹੀ ਸਕੂਲ ਵਿੱਚ ਦਾਖਲ ਹੋਇਆ ਤੇ ਉਸ ਨੇ ਗੰਨਮੈਨ ਨੂੰ ਗੋਲੀ ਮਾਰ ਕੇ ਢੇਰ ਕਰ ਦਿੱਤਾ। ਏਜੰਟ ਖੁਦ ਵੀ ਜ਼ਖ਼ਮੀ ਹੋ ਗਿਆ ਪਰ ਉਹ ਸਕੂਲ ਤੋਂ ਬਾਹਰ ਆਉਣ ਵਿੱਚ ਸਫਲ ਹੋਇਆ। ਸਕੂਲ ਡਿਸਟ੍ਰਿਕਟ ਦੇ ਪੁਲਿਸ ਚੀਫ ਪੀਟ ਐਰੈਡੌਂਡੋ ਨੇ ਆਖਿਆ ਕਿ ਹਮਲਾਵਰ ਨੇ ਇਸ ਕਾਰੇ ਨੂੰ ਇੱਕਲਿਆਂ ਹੀ ਅੰਜਾਮ ਦਿੱਤਾ।

# ਟੈਕਸਸ ਦੇ ਸਕੂਲ ਵਿੱਚ ਹੋਏ ਕਤਲੇਆਮ ਨੂੰ ਟਰੂਡੋ ਨੇ ਦੱਸਿਆ ਦਿਲ ਦਹਿਲਾ ਦੇਣ ਵਾਲੀ ਘਟਨਾ



ਵੈਨਕੂਵਰ, 26 ਮਈ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਟੈਕਸਸ ਦੇ ਐਲੀਮੈਂਟਰੀ ਸਕੂਲ ਵਿੱਚ ਮੰਗਲਵਾਰ ਨੂੰ ਹੋਈ ਸ਼ੂਟਿੰਗ ਵਿੱਚ ਬੱਚਿਆਂ ਸਮੇਤ 21 ਵਿਅਕਤੀਆਂ ਦੇ ਹੋਏ ਕਤਲੇਆਮ ਦੀ ਘਟਨਾ ਦਿਲ ਦਹਿਲਾ ਦੇਣ ਵਾਲੀ ਹੈ।

ਟਰੂਡੋ ਨੇ ਮੰਗਲਵਾਰ ਨੂੰ ਵੈਨਕੂਵਰ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਇਸ ਦੁਖਦ ਘਟਨਾ ਕਾਰਨ ਵਿਦਿਆਰਥੀਆਂ, ਮਾਪਿਆਂ ਤੇ ਅਧਿਆਪਕਾਂ ਦੇ ਨਾਲ ਨਾਲ ਸਾਰੀ ਕਮਿਊਨਿਟੀ ਦੀਆਂ ਜ਼ਿੰਦਗੀਆਂ ਹਮੇਸ਼ਾਂ ਲਈ ਬਦਲ ਗਈਆਂ। ਉਨ੍ਹਾਂ ਆਖਿਆ ਕਿ ਇਸ ਦੁੱਖ ਦੀ ਘੜੀ ਵਿੱਚ ਅਸੀਂ ਸਾਰੇ ਕੈਨੇਡੀਅਨਜ਼ ਆਪਣੇ ਅਮੈਰੀਕਨ ਦੋਸਤਾਂ ਦੇ ਨਾਲ ਖੜ੍ਹੇ ਹਾਂ। ਅਧਿਕਾਰੀਆਂ ਨੇ ਦੱਸਿਆ ਕਿ ਉਵਾਲਡੇ ਟਾਊਨ ਵਿੱਚ ਰੌਬ ਐਲੀਮੈਂਟਰੀ ਸਕੂਲ ਵਿੱਚ ਦਾਖਲ ਹੋ ਕੇ ਇੱਕ 18 ਸਾਲਾ ਗੰਨਮੈਨ ਨੇ ਕਲਾਸ ਕਲਾਸ ਘੁੰਮ ਕੇ ਤੇ ਗੋਲੀਆਂ ਚਲਾ ਕੇ 19 ਬੱਚਿਆਂ ਤੇ ਦੋ ਬਾਲਗਾਂ ਨੂੰ ਮਾਰ ਮੁਕਾਇਆ। ਬਾਅਦ ਵਿੱਚ ਪੁਲਿਸ ਵੱਲੋਂ ਇਸ ਸ਼ੂਟਰ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਇਸ ਹਮਲੇ ਉੱਤੇ ਪ੍ਰਤੀਕਿਰਿਆ ਪ੍ਰਗਟਾਉਂਦਿਆਂ ਐਨਡੀਪੀ ਆਗੂ ਜਗਮੀਤ ਸਿੰਘ ਨੇ ਟਵਿੱਟਰ ਉੱਤੇ ਪਾਏ ਸੁਨੇਹੇ ਵਿੱਚ ਆਖਿਆ ਕਿ ਕਈ ਹੋਰਨਾਂ ਵਾਂਗ ਉਨ੍ਹਾਂ ਦਾ ਦਿਲ ਵੀ ਟੁੱਟ ਗਿਆ ਹੈ। ਉਨ੍ਹਾਂ ਆਖਿਆ ਕਿ ਬੱਚਿਆਂ ਨੂੰ ਪ੍ਰੋਟੈਕਸ਼ਨ ਤੇ ਸੇਫਟੀ ਦੀ ਲੋੜ ਹੁੰਦੀ ਹੈ, ਉਨ੍ਹਾਂ ਨੂੰ ਸਹੇਜ ਕੇ ਰੱਖਣ ਦੀ ਲੋੜ ਹੁੰਦੀ ਹੈ। ਬਲਾਕ ਕਿਊਬਿਕੁਆ ਆਗੂ ਯਵੇਸ ਫਰੈਂਕੋਇਸ ਬਲੈਂਚੈਟ ਨੇ ਆਖਿਆ ਕਿ ਟੈਕਸਸ ਵਿੱਚ ਵਾਪਰੀ ਇਸ ਤ੍ਰਾਸਦੀ ਨਾਲ ਪ੍ਰਭਾਵਿਤ ਪਰਿਵਾਰਾਂ ਲਈ ਉਹ ਦੁਆ ਮੰਗਦੇ ਹਨ। ਮੰਗਲਵਾਰ ਨੂੰ ਹੀ ਸ਼ੂਟਿੰਗ ਤੋਂ ਕੁੱਝ ਦੇਰ ਬਾਅਦ ਵਾਈਟ ਹਾਊਸ ਤੋਂ ਗੱਲ ਕਰਦਿਆਂ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਹਥਿਆਰਾਂ ਉੱਤੇ ਨਵੇਂ ਸਿਰੇ ਤੋਂ ਪਾਬੰਦੀਆਂ ਲਾਏ ਜਾਣ ਦਾ ਸੱਦਾ ਦਿੱਤਾ।

## ਛੁਰੇਬਾਜ਼ੀ ਤੋਂ ਬਾਅਦ 18 ਸਾਲਾ ਲੜਕਾ ਹਿਰਾਸਤ ਵਿੱਚ

ਸਕਾਰਬਰੋ, 26 ਮਈ (ਪੋਸਟ ਬਿਊਰੋ) : ਸੋਮਵਾਰ ਨੂੰ ਛੁਰੇਬਾਜ਼ੀ ਦੀ ਘਟਨਾ ਤੋਂ ਬਾਅਦ ਇੱਕ ਵਿਅਕਤੀ ਜ਼ਖ਼ਮੀ ਹੋ ਗਿਆ ਤੇ ਉਸ ਨੂੰ ਹਸਪਤਾਲ ਲਿਜਾਇਆ ਗਿਆ ਜਦਕਿ 18 ਸਾਲਾ ਲੜਕੇ ਨੂੰ ਪੁਲਿਸ ਨੇ ਹਿਰਾਸਤ ਵਿੱਚ ਲੈ ਲਿਆ। ਇਸ ਏਰੀਆ ਵਿੱਚ ਛੁਰੇਬਾਜ਼ੀ ਦੀ ਰਿਪੋਰਟ ਦੇ ਕੇ ਸਵੇਰੇ 6:00 ਵਜੇ ਪੁਲਿਸ ਅਧਿਕਾਰੀਆਂ ਨੂੰ ਸਟੀਲਜ਼ ਐਵਨਿਊ ਈਸਟ ਤੇ ਐਸਕੌਟ ਸਟਰੀਟ ਉੱਤੇ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਝਗੜੇ ਤੋਂ ਬਾਅਦ ਉਸ ਵਿਅਕਤੀ ਨੂੰ ਚਾਕੂ ਮਾਰਿਆ ਗਿਆ। ਉਸ ਵਿਅਕਤੀ ਨੂੰ ਐਮਰਜੰਸੀ ਰੰਨ ਰਾਹੀਂ ਗੰਭੀਰ ਹਸਪਤਾਲ ਵਿੱਚ ਹਸਪਤਾਲ ਲਿਜ-ਾਇਆ ਗਿਆ। ਪੁਲਿਸ ਨੇ ਮੌਕੇ ਤੋਂ ਹੀ ਇੱਕ 18 ਸਾਲਾ ਲੜਕੇ ਨੂੰ ਹਿਰਾਸਤ ਵਿੱਚ ਲੈ ਲਿਆ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।


REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047



ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਿਟਿੰਗ ਲਈ ਤਜਰਬੇਕਾਰ ਪ੍ਰੋਫੈਸ਼ਨਲਜ਼ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ।
647-218-7043
647-208-7011



REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Towing Service Car Paint Starts $799*upto 100% Deductible Paid*
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com



UK TRUCK TRAINING CENTRE
ukttc
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936



ShreGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

# ਫੋਰਡ ਦੀ ਅਗਵਾਈ ਵਿੱਚ 1.5 ਮਿਲੀਅਨ ਘਰਾਂ ਦਾ ਸੁਪਨਾ ਸਾਕਾਰ ਕਰੇਗੀ ਓਨਟਾਰੀਓ ਦੀ ਪੀਸੀ ਪਾਰਟੀ

ਲੰਡਨ, 26 ਮਈ (ਪੋਸਟ ਬਿਊਰੋ) : ਓਨਟਾਰੀਓ ਦੀ ਆਬਾਦੀ ਵਿੱਚ ਦਿਨੋ ਦਿਨ ਹੋ ਰਹੇ ਵਾਧੇ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਸਿਰਫ ਡੱਗ ਫੋਰਡ ਤੇ ਓਨਟਾਰੀਓ ਦੀ ਪੀਸੀ ਪਾਰਟੀ ਕੋਲ ਹੀ ਅਗਲੇ 10 ਸਾਲਾਂ ਵਿੱਚ 1.5 ਮਿਲੀਅਨ ਨਵੇਂ ਤੇ ਕਿਫਾਇਤੀ ਘਰ ਬਣਾਉਣ ਦੀ ਯੋਜਨਾ ਹੈ।



ਫੋਰਡ ਨੇ ਆਖਿਆ ਕਿ ਐਨਡੀਪੀ ਤੇ ਲਿਬਰਲਾਂ ਵੱਲੋਂ ਨਵੇਂ ਘਰ ਬਣਾਉਣ ਤੋਂ ਨਾਂਹ ਕਰਨ ਲਈ ਨਵੀਆਂ ਰਿਪੋਰਟਾਂ, ਕਮੇਟੀਆਂ ਤੇ ਅਧਿਐਨ ਦਾ ਬਹਾਨਾ ਲਾਇਆ ਜਾਵੇਗਾ ਤੇ ਇਸ ਨਾਲ ਓਨਟਾਰੀਓ ਦੇ ਪਰਿਵਾਰਾਂ ਲਈ ਆਪਣਾ ਘਰ ਖਰੀਦਣਾ ਹੋਰ ਵੀ ਮਹਿੰਗਾ ਹੋ ਜਾਵੇਗਾ। ਪਰ ਡੱਗ ਫੋਰਡ ਦੀ ਅਗਵਾਈ ਵਿੱਚ ਪੀਸੀ ਸਰਕਾਰ ਨੇ ਪ੍ਰੋਵਿੰਸ ਦਾ ਪਹਿਲਾ ਹਾਊਸਿੰਗ ਸਪਲਾਈ ਐਕਸ਼ਨ ਪਲੈਨ ਤਿਆਰ ਕੀਤਾ ਹੈ ਤਾਂ ਕਿ ਲਾਲ ਫੀਤਾਸ਼ਾਹੀ ਨੂੰ ਖ਼ਤਮ ਕਰਕੇ ਜਲਦ ਤੋਂ ਜਲਦ ਨਵੇਂ ਘਰਾਂ ਦਾ ਨਿਰਮਾਣ ਕੀਤਾ ਜਾ ਸਕੇ। ਇਸ ਪਲੈਨ ਦੇ ਸਕਾਰਾਤਮਕ ਨਤੀਜੇ 2021 ਵਿੱਚ ਅਸੀਂ ਵੇਖ ਚੁੱਕੇ ਹਾਂ। ਸਿਰਫ 12 ਮਹੀਨਿਆਂ ਵਿੱਚ 100,000 ਨਵੇਂ ਘਰਾਂ ਦੇ ਨਿਰਮਾਣ ਲਈ ਨੀਂਹ ਪੱਥਰ ਰੱਖਿਆ ਗਿਆ। 1987 ਤੋਂ ਲੈ ਕੇ ਹੁਣ ਤੱਕ ਇੱਕ ਸਾਲ ਦੇ ਅੰਦਰ ਐਨੀ ਵੱਡੀ ਮਾਤਰਾ ਵਿੱਚ ਘਰਾਂ ਦਾ ਨਿਰਮਾਣ ਨਹੀਂ ਸੀ ਹੋਇਆ। ਪੀਸੀ ਸਰਕਾਰ ਨੇ ਕਮਿਊਨਿਟੀ ਤੇ ਸਪੋਰਟਿਵ ਹਾਊਸਿੰਗ ਸਰਵਿਸਿਜ਼ ਵਿੱਚ ਵਾਧਾ ਕਰਨ ਲਈ ਮਿਊਂਸਪਲ ਤੇ ਫੈਡਰਲ ਸਰਕਾਰਾਂ ਨਾਲ ਰਲ ਕੇ ਕਈ ਮਿਲੀਅਨ ਡਾਲਰ ਦਾ ਨਿਵੇਸ਼ ਕੀਤਾ। ਫੋਰਡ ਨੇ ਅੱਗੇ ਆਖਿਆ ਕਿ ਨਵੀਂ ਚੁਣੀ ਗਈ ਪੀਸੀ ਸਰਕਾਰ ਲੈਂਡ ਤੇ ਹਾਊਸਿੰਗ ਪਰਮਿਟ ਸੱਟੇਬਾਜ਼ਾਂ ਦਾ ਪਤਾ ਲਾ ਕੇ ਉਨ੍ਹਾਂ ਖਿਲਾਫ ਸਖ਼ਤ ਕਾਰਵਾਈ ਕਰੇਗੀ, ਜਿਹੜੇ ਨਵੇਂ ਘਰਾਂ ਦੀ ਸਪਲਾਈ ਦਾ ਰਾਹ ਰੋਕ ਰਹੇ ਹਨ ਤੇ ਜਿਨ੍ਹਾਂ ਕਾਰਨ ਘਰਾਂ ਦੀਆਂ ਕੀਮਤਾਂ ਵਿੱਚ ਵਾਧਾ ਹੋ ਰਿਹਾ ਹੈ, ਓਨਟਾਰੀਓ ਵਿੱਚ ਘਰ ਖਰੀਦਣ ਦੇ ਚਾਹਵਾਨਾਂ ਲਈ ਸਟੈਂਡ ਲਵੇਗੀ। ਪੀਸੀ ਸਰਕਾਰ ਨੇ ਵਿਦੇਸ਼ੀ ਖਰੀਦਦਾਰਾਂ ਉੱਤੇ ਸੱਭ ਤੋਂ ਸਖ਼ਤ ਟੈਕਸ ਲਾ ਕੇ ਲਿਬਰਲ ਪਾਰਟੀ ਦੀਆਂ ਚੋਰ-ਮੋਰੀਆਂ ਨੂੰ ਬੰਦ ਕੀਤਾ ਹੈ।

ਇਸ ਦੇ ਨਾਲ ਹੀ ਪੀਸੀ ਸਰਕਾਰ ਨੇ ਅਨੈਤਿਕ ਡਿਵੈਲਪਰਜ਼ ਖਿਲਾਫ ਜੁਰਮਾਨੇ ਲਾ ਕੇ ਓਨਟਾਰੀਓ ਦੇ ਹਾਊਸਿੰਗ ਰੈਗੂਲੇਟਰ ਦੇ ਹੱਥ ਮਜ਼ਬੂਤ ਕੀਤੇ ਹਨ। ਓਨਟਾਰੀਓ ਦੇ ਹਾਊਸਿੰਗ ਸਪਲਾਈ ਸੰਕਟ ਨੂੰ ਖ਼ਤਮ ਕਰਨ ਲਈ ਜੱਦੋ ਜਹਿਦ ਕਰ ਰਹੀ ਪੀਸੀ ਪਾਰਟੀ ਨੂੰ ਰੈਜ਼ੀਡੈਂਸ਼ੀਅਲ ਕੰਸਟ੍ਰਕਸ਼ਨ ਕਾਊਂਸਲ ਆਫ ਓਨਟਾਰੀਓ (ਰੈਸਕੌਨ) ਵੱਲੋਂ ਦਿੱਤੇ ਗਏ ਥਾਪੜੇ ਦਾ ਵੀ ਪਾਰਟੀ ਵੱਲੋਂ ਸਵਾਗਤ ਕੀਤਾ ਗਿਆ ਹੈ।

ਡੱਗ ਫੋਰਡ ਹੀ ਅਜਿਹੇ ਆਗੂ ਹਨ ਜਿਨ੍ਹਾਂ ਕੋਲ ਸਹੀ ਤੇ ਅਸਲੀ ਪਲੈਨ ਹੈ :

- ਚੰਗੀਆਂ ਮੈਨੂਫੈਕਚਰਿੰਗ ਜੌਬਜ਼ ਨਾਲ ਓਨਟਾਰੀਓ ਦੇ ਅਰਥਚਾਰੇ ਦਾ ਪੁਨਰਨਿਰਮਾਣ ਕਰਨਾ, ਨਿੱਕੇ ਕਾਰੋਬਾਰਾਂ ਲਈ ਵਧੇਰੇ ਮਦਦ ਤੇ ਮਾਈਨਿੰਗ ਸਬੰਧੀ ਠੋਸ ਯੋਜਨਾ
- ਸਕਿੱਲਡ ਟਰੇਡਜ਼ ਵਿੱਚ ਨਵੇਂ ਰੋਜ਼ਗਾਰ ਦੇ ਮੌਕੇ ਪੈਦਾ ਕਰਨਾ ਤੇ ਅਪਰੈਂਟਿਸਸ਼ਿਪ ਨੂੰ ਹੱਲਾਸ਼ੇਰੀ ਦੇ ਕੇ ਵਰਕਰਾਂ ਲਈ ਕੰਮ ਕਰਨਾ, ਕਾਲਜਾਂ ਨੂੰ ਤਿੰਨ ਸਾਲਾਂ ਲਈ ਡਿਗਰੀ ਦੀ ਇਜਾਜ਼ਤ ਦੇਣ ਤੇ ਘੱਟ ਤੋਂ ਘੱਟ ਉਜਰਤਾਂ ਵਿੱਚ ਵਾਧਾ ਕਰਨਾ
- ਹਾਈਵੇਅ 413 ਤੇ ਬ੍ਰੈਡਫੋਰਡ ਬਾਇਪਾਸ ਸਮੇਤ ਨਵੇਂ ਹਾਈਵੇਅਜ਼ ਤੇ ਬੁਨਿਆਦੀ ਢਾਂਚੇ ਦਾ ਨਿਰਮਾਣ ਕਰਨਾ ਜਦਕਿ 401 ਈਸਟ ਵਿੱਚ ਨਿਵੇਸ਼ ਕਰਨਾ
- ਗੈਸ ਟੈਕਸ ਘਟਾ ਕੇ, ਲਾਇਸੰਸ ਪਲੇਟ ਸਟਿੱਕਰਜ਼ ਤੋਂ ਖਹਿੜਾ ਛੁਡਾ ਕੇ ਹਾਈਵੇਅਜ਼ 412 ਤੇ 418 ਉੱਤੇ ਟੋਲ ਹਟਾਅ ਕੇ ਕੀਮਤਾਂ ਘਟਾਉਣਾ
- ਹੋਰ ਨਰਸਾਂ, ਡਾਕਟਰਾਂ ਤੇ ਪਰਸਨਲ ਸਪੋਰਟ ਵਰਕਰਾਂ ਨੂੰ ਹਾਇਰ ਕਰਕੇ, ਬਹੁਤੇ ਸੀਨੀਅਰਜ਼ ਨੂੰ ਆਪਣੇ ਘਰਾਂ ਵਿੱਚ ਰਹਿਣ ਦੀ ਖੁੱਲ੍ਹ ਦੇ ਕੇ, ਵਧੇਰੇ ਵੈਕਸੀਨਜ਼ ਤਿਆਰ ਕਰਕੇ ਤੇ ਓਨਟਾਰੀਓ ਵਿੱਚ ਹੀ ਪੀਪੀਈ ਵਰਗੀ ਸਪਲਾਈ ਤਿਆਰ ਕਰਨਾ।

ਇਹ ਸਾਰੇ ਕੰਮ ਡੱਗ ਫੋਰਡ ਦੀ ਅਗਵਾਈ ਵਾਲੀ ਸਰਕਾਰ ਹੀ ਕਰ ਸਕਦੀ ਹੈ।

## ਪਿੱਕਅੱਪ ਟਰੱਕ ਦੇ ਘਰ ਨਾਲ ਟਕਰਾ ਜਾਣ ਕਾਰਨ ਇੱਕ ਵਿਅਕਤੀ ਦੀ ਮੌਤ



ਟੋਰਾਂਟੋ, 26 ਮਈ (ਪੋਸਟ ਬਿਊਰੋ) : ਐਤਵਾਰ ਰਾਤ ਨੂੰ ਸ਼ਹਿਰ ਦੇ ਪੂਰਬ ਵਿੱਚ ਇੱਕ ਘਰ ਦੇ ਗੈਰਾਜ ਵਿੱਚ ਪਿੱਕਅੱਪ ਟਰੱਕ ਹਾਦਸਾਗ੍ਰਸਤ ਹੋ ਜਾਣ ਕਾਰਨ 68 ਸਾਲਾ ਵਿਅਕਤੀ ਦੀ ਮੌਤ ਹੋ ਗਈ।

ਪੁਲਿਸ ਨੇ ਦੱਸਿਆ ਕਿ ਇਹ ਹਾਦਸਾ ਰਾਤੀਂ 7:00 ਵਜੇ ਤੋਂ ਬਾਅਦ ਕੁਈਨ ਸਟਰੀਟ ਈਸਟ ਤੇ ਕਿੰਗਜ਼ਵੁੱਡ ਐਵਨਿਊ ਏਰੀਆ ਵਿੱਚ ਵਾਪਰਿਆ। ਇਸ ਹਾਦਸੇ ਕਾਰਨ ਗੈਸ ਵੀ ਲੀਕ ਕਰ ਗਈ। ਇਸ ਗੈਸ ਦੀ ਲੀਕੇਜ ਨੂੰ ਰੋਕਣ ਲਈ ਕ੍ਰਿਊਜ਼ ਨੂੰ ਸੱਦਣਾ ਪਿਆ ਤੇ ਕਾਫੀ ਮਿਹਨਤ ਤੋਂ ਬਾਅਦ ਲੀਕੇਜ ਉਤੇ ਕਾਬੂ ਪਾ ਲਿਆ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਇਸ ਲੀਕੇਜ ਨਾਲ ਜਨਤਾ ਨੂੰ ਕੋਈ ਖਤਰਾ ਨਹੀਂ ਸੀ।

ਪੁਲਿਸ ਨੇ ਆਖਿਆ ਕਿ ਕਿੰਗਜ਼ਵੁੱਡ ਡਰਾਈਵ ਤੋਂ ਕੁਈਨਜ਼ ਸਟਰੀਟ ਈਸਟ ਵੱਲ ਜਦੋਂ ਕਾਲੇ ਰੰਗ ਦੀ ਫੋਰਡ-150 ਵਿੱਚ ਡਰਾਈਵਰ ਜਾ ਰਿਹਾ ਸੀ ਤਾਂ ਉਹ ਅਚਾਨਕ ਆਪਣਾ ਕਾਬੂ ਗੁਆ ਬੈਠਿਆ। ਇਸ ਗੱਡੀ ਵਿੱਚ ਸਿਰਫ ਡਰਾਈਵਰ ਹੀ ਮੌਜੂਦ ਸੀ ਤੇ ਕਿਸੇ ਹੋਰ ਦੇ ਜ਼ਖ਼ਮੀ ਹੋਣ ਦੀ ਖਬਰ ਨਹੀਂ ਹੈ। ਹਾਦਸੇ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ।

## ਸਕਾਰਬਰੋ ਵਿੱਚ 2 ਘੰਟਿਆਂ ਵਿੱਚ ਵਾਪਰੀਆਂ ਕਾਰਜੈਕਿੰਗ ਦੀਆਂ ਚਾਰ ਘਟਨਾਵਾਂ

ਟੋਰਾਂਟੋ, 26 ਮਈ (ਪੋਸਟ ਬਿਊਰੋ) : ਸ਼ਹਿਰ ਦੇ ਪੂਰਬੀ ਹਿੱਸੇ ਵਿੱਚ ਬੁੱਧਵਾਰ ਰਾਤ ਤੇ ਵੀਰਵਾਰ ਤੜ੍ਹਕੇ ਕਾਰਜੈਕਿੰਗ ਦੀਆਂ ਵਾਪਰੀਆਂ 4 ਘਟਨਾਵਾਂ ਦੀ ਟੋਰਾਂਟੋ ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ।




ਪੁਲਿਸ ਨੇ ਦੱਸਿਆ ਕਿ ਸਕਾਰ-ਬਰੋ ਵਿੱਚ ਰਾਤੀਂ 11:00 ਵਜੇ ਤੋਂ ਤੜ੍ਹਕੇ 1:00 ਵਜੇ ਦਰਮਿਆਨ ਕਾਰਜੈਕਿੰਗ ਦੀਆਂ ਚਾਰ ਘਟਨਾਵਾਂ ਵਾਪਰੀਆਂ। ਇੱਕ ਘਟਨਾ ਕੈਨੇਡੀ ਤੇ ਐਲਸਮੀਅਰ ਰੋਡਜ਼ ਇਲਾਕੇ ਵਿੱਚ ਡੰਡਾਕ ਡਰਾਈਵ ਉੱਤੇ ਸਥਿਤ ਰਿਹਾਇਸ਼ੀ ਬਿਲਡਿੰਗ ਦੇ ਬਾਹਰ ਵਾਪਰੀ। ਪੁਲਿਸ ਨੇ ਦੱਸਿਆ ਕਿ ਇੱਕ ਵਿਅਕਤੀ ਇਸ ਇਮਾਰਤ ਦੇ ਪਾਰਕਿੰਗ ਗੈਰਾਜ ਵਿੱਚ ਹੌਂਡਾ ਸਿਵਿਕ ਨੂੰ ਲਾ ਰਿਹਾ ਸੀ ਜਦੋਂ ਦੋ ਮਸ਼ਕੂਕਾਂ ਨੇ ਇੱਕ ਹੋਰ ਗੱਡੀ ਨਾਲ ਲਿਆ ਕੇ ਲਾ ਦਿੱਤੀ ਤੇ ਗੰਨ ਦੀ ਨੋਕ ਉੱਤੇ ਉਸ ਵਿਅਕਤੀ ਨੂੰ ਕਾਰ ਵਿੱਚੋਂ ਬਾਹਰ ਆਉਣ ਲਈ ਆਖਿਆ।

ਇੱਕ ਹੋਰ ਕਾਰਜੈਕਿੰਗ ਦੀ ਰਿਪੋਰਟ ਮਿਲਣ ਤੋਂ ਬਾਅਦ ਪੁਲਿਸ ਅਧਿਕਾਰੀ ਮੌਰਨਿੰਗਸਾਈਡ ਤੇ ਸ਼ੈਪਰਡ ਐਵਨਿਊ ਇਲਾਕੇ ਵਿੱਚ ਪਹੁੰਚੇ। ਪੁਲਿਸ ਨੇ ਦੱਸਿਆ ਕਿ ਇੱਕ ਹਥਿਆਰਬੰਦ ਮਸ਼ਕੂਕ ਇਸ ਮਾਮਲੇ ਵਿੱਚ ਸ਼ਾਮਲ ਸੀ ਤੇ ਕਿਸੇ ਦੇ ਜ਼ਖ਼ਮੀ ਹੋਣ ਦੀ ਕੋਈ ਖਬਰ ਨਹੀਂ ਹੈ। ਇੱਕ ਪੁਲਿਸ ਸੂਤਰ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਦੋ ਘੰਟਿਆਂ ਦੇ ਵਕਫੇ ਨਾਲ ਸਕਾਰਬਰੋ ਵਿੱਚ ਇਸ ਤਰ੍ਹਾਂ ਦੀਆਂ ਦੋ ਹੋਰ ਵਾਰਦਾਤਾਂ ਵਾਪਰੀਆਂ। ਮਾਮਲੇ ਦੀ ਜਾਂਚ ਚੱਲ ਰਹੀ ਹੈ ਤੇ ਪੁਲਿਸ ਇਹ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਕਿਤੇ ਇਹ ਚਾਰੇ ਮਾਮਲੇ ਇੱਕ ਦੂਜੇ ਨਾਲ ਜੁੜੇ ਹੋਏ ਤਾਂ ਨਹੀਂ।

ਇਸ ਸਾਲ ਹੁਣ ਤੱਕ ਟੋਰਾਂਟੋ ਵਿੱਚ 100 ਦੇ ਨੇੜੇ ਤੇੜੇ ਕਾਰਜੈਕਿੰਗ ਦੀਆਂ ਘਟਨਾਵਾਂ ਵਾਪਰ ਚੁੱਕੀਆਂ ਹਨ। ਜਿਨ੍ਹਾਂ ਤੋਂ ਬਾਅਦ ਟੋਰਾਂਟੋ ਪੁਲਿਸ ਨੂੰ ਇਨ੍ਹਾਂ ਹਿੰਸਕ ਕਾਰਜੈਕਿੰਗ ਦੇ ਮਾਮਲਿਆਂ ਦੀ ਗੁੱਥੀ ਨੂੰ ਸੁਲਝਾਉਣ ਲਈ ਨਵੀਂ ਇਨਵੈਸਟੀਗੇਟਿਵ ਯੂਨਿਟ ਕਾਇਮ ਕਰਨੀ ਪਈ ਹੈ। 2021 ਵਿੱਚ ਸ਼ਹਿਰ ਵਿੱਚ 103 ਕਾਰਜੈਕਿੰਗਜ਼ ਹੋਈਆਂ ਸਨ।

## ਪਾਸਪੋਰਟ ਕਾਊਂਟਰਜ਼ ਉੱਤੇ ਸਰਵਿਸ ਕੈਨੇਡਾ ਨੇ ਵਧਾਇਆ ਸਟਾਫ

ਓਟਵਾ, 26 ਮਈ (ਪੋਸਟ ਬਿਊਰੋ) : ਨਵੇਂ ਤੇ ਮੁੜ ਨੰਵਿਆਏ ਪਾਸਪੋਰਟ ਚਾਹੁਣ ਵਾਲੇ ਕੈਨੇਡੀਅਨਜ਼ ਨੂੰ ਹੋ ਰਹੀ ਦੇਰ ਨੂੰ ਖ਼ਤਮ ਕਰਨ ਲਈ ਸਰਵਿਸ ਕੈਨੇਡਾ ਨੇ ਆਪਣੇ ਪਾਸਪੋਰਟ ਸਰਵਿਸ ਕਾਊਂਟਰਾਂ ਉੱਤੇ ਸਟਾਫ ਵਧਾ ਦਿੱਤਾ ਹੈ। ਇਹ ਕਦਮ ਗਰਮੀਆਂ ਵਿੱਚ ਟਰੈਵਲ ਸੀਜ਼ਨ ਨੂੰ ਵੇਖਦਿਆਂ ਹੋਇਆਂ ਚੁੱਕਿਆ ਗਿਆ ਹੈ। ਪਰ ਟਰੈਵਲਰਜ਼ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਅਜੇ ਵੀ ਲੰਮੇਂ ਉਡੀਕ ਸਮੇਂ ਦਾ ਇੰਤਜ਼ਾਰ ਕਰਨਾ ਪੈ ਰਿਹਾ ਹੈ। ਏਜੰਸੀ ਨੇ ਐਲਾਨ ਕੀਤਾ ਕਿ ਜਿੰਨੇ ਵੀ ਪਾਸਪੋਰਟ ਸਰਵਿਸ ਕਾਊਂਟਰ ਕੋਵਿਡ-19 ਕਾਰਨ ਬੰਦ ਕਰ ਦਿੱਤੇ ਗਏ ਸਨ ਉਨ੍ਹਾਂ ਨੂੰ ਮੁੜ ਖੋਲ੍ਹ ਦਿੱਤਾ ਗਿਆ ਹੈ ਤੇ ਇਸ ਨਾਲ ਸਮਰੱਥਾ ਵਿੱਚ 40 ਫੀ ਸਦੀ ਵਾਧਾ ਹੋਇਆ ਹੈ। ਏਜੰਸੀ ਨੇ ਇੱਕ ਨਿਊਜ਼ ਰਲੀਜ਼ ਵਿੱਚ ਆਖਿਆ ਕਿ ਉਨ੍ਹਾਂ ਨੇ ਪਾਸਪੋਰਟ ਅਰਜ਼ੀਆਂ ਨੂੰ ਪ੍ਰੋਸੈੱਸ ਕਰਨ ਲਈ 600 ਨਵੇਂ ਕਰਮਚਾਰੀ ਵੀ ਹਾਇਰ ਕੀਤੇ ਹਨ ਤੇ 300 ਸੈਂਟਰਾਂ ਉੱਤੇ ਹੋਰ ਪਾਸ-ਪੋਰਟ ਕਾਊਂਟਰ ਵੀ ਖੋਲ੍ਹੇ ਗਏ ਹਨ। ਪਰ ਕਈ ਟਰੈਵਲਰਜ਼ ਲਈ ਇਹ ਨਵੇਂ ਮਾਪਦੰਡ ਕਾਫੀ ਰਾਹਤ ਦੇਣ ਵਾਲੇ ਹਨ। ਦੂਜੇ ਪਾਸੇ ਸਰਵਿਸ ਕੈਨੇਡਾ ਦੇ ਪਾਸ-




ਪੋਰਟ ਸਟਾਫ ਦੀ ਨੁਮਾਇੰਦਗੀ ਕਰਨ ਵਾਲੀ ਯੂਨੀਅਨ ਵੀ ਇਸ ਦੇਰ ਕਾਰਨ ਕਾਫੀ ਦਿੱਕਤਾਂ ਦਾ ਸਾਹਮਣਾ ਕਰ ਰਹੀ ਹੈ। ਯੂਨੀਅਨ ਆਫ ਨੈਸ਼ਨਲ ਇੰਪਲੌਈਜ਼ ਦੇ ਨੈਸ਼ਨਲ ਪ੍ਰੈਜ਼ੀਡੈਂਟ ਕੈਵਿਨ ਕਿੰਗ ਨੇ ਆਖਿਆ ਕਿ ਅਸੀਂ ਉਮੀਦ ਕਰਦੇ ਹਾਂ ਕਿ ਉਡੀਕ ਸਮੇਂ ਨੂੰ ਖ਼ਤਮ ਕਰਨ ਤੇ ਵਰਕਰਜ਼ ਦੀ ਹਿਫਾਜ਼ਤ ਲਈ ਸਰਕਾਰ ਕੋਈ ਠੋਸ ਪਲੈਨ ਜ਼ਰੂਰ ਲਿਆਵੇਗੀ।

## ਸੂਟਿੰਗ ਤੇ ਛੁਰੇਬਾਜ਼ੀ ਕਾਰਨ ਦੋ ਜ਼ਖ਼ਮੀ, ਜਾਂਚ ਕਰ ਰਹੀ ਹੈ ਪੁਲਿਸ

ਟੋਰਾਂਟੋ, 26 ਮਈ (ਪੋਸਟ ਬਿਊਰੋ) : ਐਤਵਾਰ ਰਾਤ ਨੂੰ ਵੁੱਡਬਾਈਨ ਬੀਚ ਪਾਰਕ ਵਿੱਚ ਸੂਟਿੰਗ ਤੇ ਛੁਰੇਬਾਜ਼ੀ ਦੀ ਵਾਪਰੀ ਘਟਨਾ ਤੋਂ ਬਾਅਦ ਦੋ ਵਿਅਕਤੀਆਂ ਨੂੰ ਹਸਪਤਾਲ ਲਿਜਾਇਆ ਗਿਆ। ਇਹ ਜਾਣਕਾਰੀ ਟੋਰਾਂਟੋ ਪੁਲਿਸ ਨੇ ਦਿੱਤੀ।



ਪੁਲਿਸ ਨੂੰ ਰਾਤੀਂ 10:00 ਵਜੇ ਕਿਸੇ ਨੂੰ ਗੋਲੀ ਲੱਗਣ ਦੀ ਰਿਪੋਰਟ ਮਿਲੀ ਤੇ ਜਦੋਂ ਪੁਲਿਸ ਅਧਿਕਾਰੀ ਮੌਕੇ ਉੱਤੇ ਪਹੁੰਚੇ ਤਾਂ ਇੱਕ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਮਿਲਿਆ ਜਿਸ ਨੂੰ ਗੋਲੀ ਲੱਗੀ ਹੋਈ ਸੀ। ਉਸ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ।

ਸ਼ਾਮ ਨੂੰ ਪੁਲਿਸ ਨੂੰ ਇੱਕ ਵਾਰੀ ਫਿਰ ਇਸ ਏਰੀਆ ਵਿੱਚ ਸੱਦਿਆ ਗਿਆ। ਪੁਲਿਸ ਅਧਿਕਾਰੀਆਂ ਨੇ ਮੌਕੇ ਉੱਤੇ ਇੱਕ ਵਿਅਕਤੀ ਨੂੰ ਛੁਰੇਬਾਜ਼ੀ ਕਾਰਨ ਜ਼ਖ਼ਮੀ ਹਾਲਤ ਵਿੱਚ ਪਾਇਆ। ਪਰ ਉਸ ਨੂੰ ਹਸਪਤਾਲ ਲਿਜਾਇਆ ਗਿਆ, ਉਸ ਦੀ ਹਾਲਤ ਜਾਨਲੇਵਾ ਨਹੀਂ ਸੀ। ਪੁਲਿਸ ਨੇ ਦੱਸਿਆ ਕਿ ਸੂਟਿੰਗ ਤੇ ਛੁਰੇਬਾਜ਼ੀ ਦੋਵਾਂ ਮਾਮਲਿਆਂ ਦੀ ਜਾਂਚ ਕੀਤੀ ਜਾ ਰਹੀ ਹੈ।

# ਫਰੈਂਚ ਭਾਸ਼ਾ ਵਿੱਚ ਹੋਈ ਬਹਿਸ ਵਿੱਚ ਚਾਰੈਸਟ ਤੇ ਬ੍ਰਾਊਨ ਨੇ ਪੌਲੀਏਵਰ ਨੂੰ ਘੇਰਿਆ

ਲਵਾਲ,ਕਿਊਬਿਕ, 26 ਮਈ (ਪੋਸਟ ਬਿਊਰੋ) : ਕੰਜ਼ਰਵੇਟਿਵ ਪਾਰਟੀ ਦੀ ਲੀਡਰਸ਼ਿਪ ਦੇ ਦਾਅਵੇਦਾਰਾਂ ਸਕੌਟ ਐਚਿਸਨ, ਰੋਮਨ ਬੇਬਰ, ਪੈਟ੍ਰਿਕ ਬ੍ਰਾਊਨ, ਜੀਨ ਚਾਰੈਸਟ, ਲੈਸਲਿਨ ਲੁਈਸ ਤੇ ਪਿਏਰ ਪੌਲੀਏਵਰ ਵੱਲੋਂ ਬੁੱਧਵਾਰ ਰਾਤ ਨੂੰ ਲਵਾਲ, ਕਿਊਬਿਕ ਵਿੱਚ ਰਸਮੀ ਤੌਰ ਉੱਤੇ ਹੋਈ ਪਾਰਟੀ ਦੀ ਦੂਜੀ ਬਹਿਸ ਵਿੱਚ ਹਿੱਸਾ ਲਿਆ ਗਿਆ।



ਇਹ ਬਹਿਸ ਫਰੈਂਚ ਭਾਸ਼ਾ ਵਿੱਚ ਕੀਤੀ ਗਈ। ਟੈਕਸਸ ਵਿੱਚ ਹੋਈ ਸੂਟਿੰਗ ਤੋਂ ਬਾਅਦ ਹਥਿਆਰਾਂ ਸਬੰਧੀ ਨਿਯਮਾਂ ਬਾਰੇ ਮੁੜ ਛਿੜੀ ਚਰਚਾ ਬਾਰੇ ਆਗੂਆਂ ਵੱਲੋਂ ਆਪਣੇ ਵਿਚਾਰ ਰੱਖੇ ਜਾਣ ਦੀ ਸੰਭਾਵਨਾ ਰੱਖਣ ਵਾਲਿਆਂ ਨੂੰ ਨਿਰਾਸ਼ ਹੋਣਾ ਪਿਆ ਕਿਉਂਕਿ ਉਮੀਦ ਨਾਲੋਂ ਉਲਟ, ਬਹਿਸ ਵਿੱਚ ਗੰਨ ਕੰਟਰੋਲ ਬਾਰੇ ਕੋਈ ਬਹੁਤੀ ਗੱਲ ਹੀ ਨਹੀਂ ਕੀਤੀ ਗਈ ਸਗੋਂ ਉਮੀਦਵਾਰਾਂ ਵੱਲੋਂ ਮਹਿੰਗਾਈ, ਸਰਕਾਰੀ ਭਾਸ਼ਾਵਾਂ ਤੇ ਵਿਦੇਸ਼ ਨੀਤੀ ਬਾਰੇ ਹੀ ਬਹਿਸ ਕੀਤੀ ਗਈ।

ਬੁੱਧਵਾਰ ਰਾਤ ਨੂੰ ਹੋਈ ਇਸ ਬਹਿਸ ਦਾ ਬਹੁਤਾ ਹਿੱਸਾ ਕਿਊਬਿਕ ਦੇ ਦੋ ਵਿਵਾਦਗ੍ਰਸਤ ਬਿੱਲਾਂ, ਬਿੱਲ 96 ਤੇ ਬਿੱਲ 21, ਦੀ ਭੇਟ ਚੜ੍ਹ ਗਿਆ। ਬ੍ਰਾਊਨ ਨੇ ਤਰਕ ਦਿੱਤਾ ਕਿ ਬਿੱਲ 96 ਕੈਨੇਡਾ ਦੇ ਚਾਰਟਰ ਆਫ ਰਾਈਟਸ ਐਂਡ ਫਰੀਡਮ ਦੇ ਖਿਲਾਫ ਹੈ। ਉਨ੍ਹਾਂ ਨੇ ਤੇ ਚਾਰੈਸਟ ਨੇ ਪੌਲਿਏਵਰ ਉੱਤੇ ਦੋਸ਼ ਲਾਇਆ ਕਿ ਬਿੱਲ 21 ਬਾਰੇ ਉਹ ਸਮੇਂ ਸਮੇਂ ਉੱਤੇ ਆਪਣੀ ਰਾਇ ਬਦਲਦੇ ਰਹਿੰਦੇ ਹਨ। ਉਨ੍ਹਾਂ ਆਖਿਆ ਕਿ ਉਹ ਜਿਸ ਕਿਸੇ ਨਾਲ ਗੱਲ ਕਰ ਰਹੇ ਹੁੰਦੇ ਹਨ ਉਸ ਹਿਸਾਬ ਨਾਲ ਕਈ ਵਾਰੀ ਉਹ ਇਸ ਬਿੱਲ ਦਾ ਸਮਰਥਨ ਕਰਦੇ ਹਨ ਤੇ ਕਈ ਵਾਰੀ ਇਸ ਦਾ ਵਿਰੋਧ ਕਰਦੇ ਨਜ਼ਰ ਆਉਂਦੇ ਹਨ।

ਪਰ ਪੌਲਿਏਵਰ ਨੇ ਇਸ ਦੋਸ਼ ਤੋਂ ਇਨਕਾਰ ਕਰਦਿਆਂ ਆਖਿਆ ਕਿ ਉਹ ਲਗਾਤਾਰ ਇਸ ਬਿੱਲ ਦਾ ਵਿਰੋਧ ਕਰਦੇ ਆਏ ਹਨ ਤੇ ਜੇ ਹਾਊਸ ਆਫ ਕਾਮਨਜ਼ ਵਿੱਚ ਇਸ ਨੂੰ ਪੇਸ਼ ਕੀਤਾ ਜਾਂਦਾ ਹੈ ਤਾਂ ਉਹ ਇਸ ਖਿਲਾਫ ਵੋਟ ਪਾਉਣਗੇ। ਚਾਰੈਸਟ ਨੇ ਆਖਿਆ ਕਿ ਫੈਡਰਲ ਸਰਕਾਰ ਨੂੰ ਇਸ ਸਬੰਧ ਵਿੱਚ ਨਿਰਪੱਖ ਪਹੁੰਚ ਨਹੀਂ ਅਪਨਾਉਣੀ ਚਾਹੀਦੀ। ਜ਼ਿਕਰਯੋਗ ਹੈ ਕਿ ਨਿਆਂ ਮੰਤਰੀ ਡੇਵਿਡ ਲਾਮੇਟੀ ਨੇ ਬੁੱਧਵਾਰ ਨੂੰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਇਹ ਆਖਿਆ ਸੀ ਕਿ ਜਦੋਂ ਇਹ ਬਿੱਲ ਸੁਪਰੀਮ ਕੋਰਟ ਪਹੁੰਚਣਗੇ ਉਦੋਂ ਓਟਵਾ ਦੋਵਾਂ ਮਾਮਲਿਆਂ ਵਿੱਚ ਦਖਲ ਦੇਣ ਲਈ ਤਿਆਰ ਹੈ।

ਇਸ ਦੌਰਾਨ ਲੁਈਸ ਨੇ ਆਖਿਆ ਕਿ ਬਿੱਲ 96 ਚੰਗਾ ਬਿੱਲ ਨਹੀਂ ਹੈ ਤੇ ਨਾ ਹੀ ਅਜਿਹਾ ਕਰਨਾ ਚੰਗੀ ਪਹੁੰਚ ਹੈ। ਪਰ ਉਨ੍ਹਾਂ ਆਖਿਆ ਕਿ ਫਰੈਂਚ ਭਾਸ਼ਾ ਸਿੱਖਣਾ ਉਨ੍ਹਾਂ ਲਈ ਚੰਗਾ ਤਜ਼ਰਬਾ ਰਿਹਾ। ਬੇਬਰ ਤੇ ਐਚਿਸਨ ਨੇ ਵੀ ਇਨ੍ਹਾਂ ਬਿੱਲਾਂ ਸਬੰਧੀ ਚਿੰਤਾ ਪ੍ਰਗਟਾਈ। ਇਹ ਵੀ ਵੇਖਣ ਵਿੱਚ ਆਇਆ ਕਿ ਚਾਰੈਸਟ ਤੇ ਪੌਲੀਏਵਰ ਫਰੈਂਚ ਭਾਸ਼ਾ ਵਿੱਚ ਬਹਿਸ ਕਰਨ ਵਿੱਚ ਕਾਫੀ ਸਹਿਜ ਸਨ ਜਦਕਿ ਬਾਕੀ ਉਮੀਦਵਾਰਾਂ ਨੂੰ ਇਸ ਭਾਸ਼ਾ ਵਿੱਚ ਗੱਲ ਕਰਨ ਵਿੱਚ ਦਿੱਕਤ ਆ ਰਹੀ ਸੀ।

## ਰੀਸਾਈਕਲਿੰਗ ਡੀਪੂ ਵਿੱਚ ਲੱਗੀ ਜ਼ਬਰਦਸਤ ਅੱਗ

ਇਟੋਬੀਕੋ, 26 ਮਈ (ਪੋਸਟ ਬਿਊਰੋ) : ਬੁੱਧਵਾਰ ਸ਼ਾਮ ਨੂੰ ਇਟੋਬੀਕੋ ਵਿੱਚ ਗਲੋਬਲ ਵੇਸਟ ਬਿਜ਼ਨਸ ਵਿੱਚ ਜ਼ਬਰਦਸਤ ਅੱਗ ਲੱਗ ਗਈ। ਇਸ ਦੌਰਾਨ ਕਿਸੇ ਤਰ੍ਹਾਂ ਦੇ ਜਾਨੀ ਨੁਕਸਾਨ ਦੀ ਖਬਰ ਨਹੀਂ ਹੈ।

ਡੰਡਸ ਸਟਰੀਟ ਵੈਸਟ ਨੇੜੇ 86 ਸ਼ੌਰਨਕਲਿੱਫ ਰੋਡ ਉੱਤੇ ਸਥਿਤ ਰੀਸਾਈਕਲਿੰਗ ਡੀਪੂ ਉੱਤੇ ਲੱਗੀ ਇਸ 5 ਅਲਾਰਮ ਅੱਗ ਨੂੰ ਕਾਬੂ ਪਾਉਣ ਲਈ ਰਾਤੀਂ 10:30 ਵਜੇ ਦੇ ਨੇੜੇ ਤੇੜੇ ਫਾਇਰ ਟਰੱਕ ਤੇ ਫਾਇਰ ਅਮਲਾ ਪਹੁੰਚੇ। ਮੌਕੇ ਉੱਤੇ ਫਾਇਰ ਅਮਲੇ ਨੂੰ 200 ਮੀਟਰ ਦੇ ਦਾਇਰੇ ਵਿੱਚ ਲੱਗੀ ਅੱਗ ਮਿਲੀ। ਜਿਸ ਦੀਆਂ ਲਪਟਾਂ ਕਾਫੀ ਉੱਚੀਆਂ ਉੱਠ ਰਹੀਆਂ ਸਨ।

ਅੱਗ ਨੂੰ ਬੁਝਾਉਣ ਲਈ 100 ਦੇ ਨੇੜੇ ਤੇੜੇ ਫਾਇਰਫਾਈਟਰਜ਼ ਤੇ ਕਈ ਫਾਇਰ ਟਰੱਕ ਪਹੁੰਚੇ। ਅੱਗ ਉੱਤੇ ਕਾਬੂ ਪਾ ਲਿਆ ਗਿਆ ਹੈ।




## ਤੂਫਾਨ ਕਾਰਨ ਓਨਟਾਰੀਓ ਤੇ ਕਿਊਬਿਕ ਵਿਚ ਹੋਇਆ ਭਾਰੀ ਨੁਕਸਾਨ, 8 ਵਿਅਕਤੀਆਂ ਦੀ ਹੋਈ ਮੌਤ

ਓਨਟਾਰੀਓ, 26 ਮਈ (ਪੋਸਟ ਬਿਊਰੋ) : ਬੀਤੇ ਦਿਨੀਂ ਮਈ ਦੇ ਲਾਂਗ ਵੀਕੈਂਡ ਉੱਤੇ ਓਨਟਾਰੀਓ ਦੇ ਦੱਖਣੀ ਹਿੱਸੇ ਤੇ ਕਿਊਬਿਕ ਵਿੱਚ ਆਏ ਖਤਰਨਾਕ ਤੂਫਾਨ ਕਾਰਨ ਘੱਟੋ ਘੱਟ ਅੱਠ ਵਿਅਕਤੀਆਂ ਦੀ ਮੌਤ ਹੋ ਗਈ ਜਦਕਿ ਸੈਂਕੜੇ ਲੋਕਾਂ ਨੂੰ ਬਿਨਾਂ ਬਿਜਲੀ ਦੇ ਗੁਜ਼ਾਰਾ ਕਰਨਾ ਪੈ ਰਿਹਾ ਹੈ।



ਇਸ ਦੌਰਾਨ ਕਈ ਕਮਿਊਨਿਟੀਜ਼ ਨੂੰ ਭਾਰੀ ਨੁਕਸਾਨ ਪਹੁੰਚਿਆ ਤੇ ਅਜੇ ਵੀ ਕਈ ਥਾਂਵਾਂ ਉੱਤੇ ਡਿੱਗੇ ਹੋਏ ਰੁੱਖਾਂ ਤੇ ਬਿਜਲੀ ਦੇ ਖੰਭਿਆਂ ਨੂੰ ਹਟਾਉਣ ਦਾ ਕੰਮ ਜਾਰੀ ਹੈ। ਇਸ ਤੂਫਾਨ ਕਾਰਨ ਓਟਵਾ ਵਿੱਚ ਖਾਸਤੌਰ ਉੱਤੇ ਭਾਰੀ ਨੁਕਸਾਨ ਹੋਇਆ, ਕਈ ਰੀਜਨਜ਼ ਵਿੱਚ ਤਾਂ ਇਸ ਕਲੀਨ-ਅੱਪ ਦੇ ਕੰਮ ਨੂੰ ਚਾਰ ਦਿਨਾਂ ਦਾ ਸਮਾਂ ਵੀ ਲੱਗ ਸਕਦਾ ਹੈ। ਐਤਵਾਰ ਨੂੰ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਓਟਵਾ ਦੇ ਮੇਅਰ ਜਿੰਮ ਵਾਟਸਨ ਨੇ ਆਖਿਆ ਕਿ ਇਹ ਬਹੁਤ ਮੁਸ਼ਕਲ 24 ਘੰਟੇ ਰਹੇ। ਉਨ੍ਹਾਂ ਆਖਿਆ ਕਿ ਚੁਣੌਤੀਆਂ ਦੇ ਬਾਵਜੂਦ ਉਹ ਸਾਰਿਆਂ ਨੂੰ ਆਪਣਾ ਰੁਖ ਸਕਾਰ-ਾਤਮਕ ਰੱਖਣ ਦੀ ਅਪੀਲ ਕਰਦੇ ਹਨ।

ਤੇਜ਼ ਹਵਾਵਾਂ ਕਾਰਨ ਕਈ ਰੁੱਖ ਡਿੱਗਣ ਨਾਲ ਓਨਟਾਰੀਓ ਵਿੱਚ ਸੱਤ ਵਿਅਕਤੀਆਂ ਦੀ ਮੌਤ ਹੋ ਗਈ ਜਦਕਿ ਕਿਊਬਿਕ ਵਿੱਚ ਇੱਕ ਮਹਿਲਾ ਦੀ ਮੌਤ ਉਸ ਸਮੇਂ ਹੋਈ ਜਦੋਂ ਓਟਵਾ ਰਿਵਰ ਵਿੱਚ ਬੋਟ ਚਲਾਉਂਦੇ ਸਮੇਂ ਤੂਫਾਨ ਆਉਣ ਕਾਰਨ ਉਸ ਦੀ ਬੋਟ ਪਲਟ ਗਈ। ਐਤਵਾਰ ਦੁਪਹਿਰ ਨੂੰ ਤਿੰਨ ਮੌਤਾਂ ਦੀ ਪੁਸ਼ਟੀ ਕੀਤੀ ਜਾ ਚੁੱਕੀ ਸੀ। ਦਰਹਾਮ ਦੇ ਐਮਰਜੰਸੀ ਅਮਲੇ ਨੂੰ ਗਾਨਾਰਾਸਕਾ ਦੇ ਜੰਗਲਾਂ ਵਿੱਚ ਇੱਕ ਵਿਅਕਤੀ ਮਿਲਿਆ, ਰੁੱਖ ਡਿੱਗਣ ਕਾਰਨ ਜਿਸ ਦੀ ਮੌਕੇ ਉੱਤੇ ਹੀ ਮੌਤ ਹੋ ਗਈ ਸੀ। ਪੋਰਟ ਹੋਪ, ਓਨਟਾਰੀਓ ਦੀ ਇੱਕ ਮਹਿਲਾ ਵੀ ਰੁੱਖ ਡਿੱਗਣ ਕਾਰਨ ਮੌਕੇ ਉੱਤੇ ਹੀ ਦਮ ਤੋੜ ਗਈ। ਇਹ ਜਾਣਕਾਰੀ ਓਪੀਪੀ ਨੇ ਦਿੱਤੀ। ਨੌਰਥ ਕਵਾਰਥਾ ਟਾਊਨਸ਼ਿਪ ਵਿੱਚ ਇੱਕ ਘਰ ਉੱਤੇ ਰੁੱਖ ਡਿੱਗਣ ਕਾਰਨ ਇੱਕ ਮਹਿਲਾ ਦੀ ਮੌਤ ਹੋ ਗਈ।

ਇਸ ਤੋਂ ਇਲਾਵਾ ਓਟਵਾ ਦੇ ਪੱਛਮ ਵੱਲ ਗ੍ਰੇਟਰ ਮਾਡਾਵਾਸਕਾ ਵਿੱਚ ਇੱਕ 44 ਸਾਲਾ ਵਿਅਕਤੀ ਦੀ ਮੌਤ ਇਸ ਤੂਫਾਨ ਵਿੱਚ ਫਸਣ, ਬਰੈਂਪਟਨ ਵਿੱਚ ਸੈਰ ਉੱਤੇ ਗਈ ਇੱਕ 70 ਸਾਲਾ ਮਹਿਲਾ ਦੀ ਮੌਤ ਹੋ ਗਈ, ਓਟਵਾ ਵਿੱਚ ਗੌਲਫ ਕੋਰਸ ਵਿੱਚ ਇੱਕ 59 ਸਾਲਾ ਵਿਅਕਤੀ ਦੀ ਮੌਤ ਹੋ ਗਈ ਤੇ ਵਾਟਰਲੂ ਰੀਜਨ ਵਿੱਚ ਪਾਈਨਹਰਸਟ ਲੇਕ ਨੇੜੇ ਕੈਂਪਿੰਗ ਟਰੇਲਰ ਵਿੱਚ ਇੱਕ ਵਿਅਕਤੀ ਤੂਫਾਨ ਕਾਰਨ ਮਾਰਿਆ ਗਿਆ।

ਸਿਟੀ ਆਫ ਓਟਵਾ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਕਈ ਇਲਾਕਿਆਂ ਵਿੱਚ ਸੜਕਾਂ ਤੇ ਸਾਈਡਵਾਕਜ਼ ਉੱਤੇ ਰੁੱਖ ਡਿੱਗ ਜਾਣ ਕਾਰਨ ਭਾਰੀ ਨੁਕਸਾਨ ਹੋਇਆ ਹੈ। ਹਾਈਡਰੋ ਓਟਵਾ ਦਾ ਕਹਿਣਾ ਹੈ ਕਿ 200 ਤੋਂ ਵੀ ਵੱਧ ਹਾਈਡਰੋ ਪੋਲਜ਼ ਨੂੰ ਤੂਫਾਨ ਕਾਰਨ ਨੁਕਸਾਨ ਪਹੁੰਚਿਆ ਹੈ। ਸਿਸਟਮ ਆਪਰੇਸ਼ਨਜ਼ ਤੇ ਗ੍ਰਿੱਡ ਆਟੋਮੇਸ਼ਨ ਦੇ ਡਾਇਰੈਕਟਰ ਜੋਸਫ ਮੁਗਲੀਆ ਨੇ ਦੱਸਿਆ ਕਿ ਕੁੱਝ ਹਾਈਡਰੋ ਪੋਲਜ਼ ਦੀ ਮੁਰੰਮਤ ਕਰਕੇ ਉਨ੍ਹਾਂ ਨੂੰ ਕੰਮ ਵਿੱਚ ਲਿਆਂਦਾ ਜਾਵੇਗਾ ਪਰ ਬਹੁਤੇ ਪੋਲ ਨਵੇਂ ਲਾਉਣੇ ਪੈਣਗੇ ਕਿਉਂਕਿ ਉਨ੍ਹਾਂ ਦੀ ਮੁਰੰਮਤ ਨਹੀਂ ਹੋ ਸਕਦੀ।

ਹਾਈਡਰੋ ਓਟਵਾ ਅਨੁਸਾਰ ਇਸ ਸਮੇਂ 170,285 ਲੋਕ ਬਿਨਾਂ ਬਿਜਲੀ ਦੇ ਗੁਜ਼ਾਰਾ ਕਰਨ ਲਈ ਮਜਬੂਰ ਹਨ ਤੇ ਹਾਈਡਰੋ ਕਿਊਬਿਕ ਅਨੁਸਾਰ 370,000 ਕਸਟਮਰਜ਼ ਨੂੰ ਬਿਜਲੀ ਤੋਂ ਬਿਨਾਂ ਗੁਜ਼ਾਰਾ ਕਰਨਾ ਪੈ ਰਿਹਾ ਹੈ।

TAX & ACCOUNTING

TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX

Harcharan S. Grover
Chartered Accountant

ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ



Call for Professional Advice
905.247.0193
info@grovercpa.ca

GroVerCPA Professional Corporation

214-7895 Tranmere Drive, Mississauga ON L5S 1V9

## ਅੱਜ ਨਾਮਾ

ਸਿਆਸਤ ਫਿਰਦੀ ਪੰਜਾਬ ਦੀ ਹੋਰ ਤਰਫੀਂ,
ਚੱਲਦੀ ਕਾਂਗਰਸ ਦੀ ਤਰਫ ਹੈ ਹੋਰ ਮੀਆਂ।
ਆਪਸ ਵਿੱਚ ਨਹੀਂ ਕਿਸੇ ਦਾਰਾਗ ਮਿਲਦਾ,
ਸਾਰਿਆਂ ਰਾਗਾਂ ਦੀ ਵੱਖ ਜਿਹੀ ਤੋਰ ਮੀਆਂ।
ਮਿਲੇ ਵਕਤ ਤਾਂ ਕੈਪਟਨ ਦੇ ਮਗਰ ਭੱਜਣ,
ਲਾਉਣ ਸਾਰਾ ਇਹ ਭੰਡਣ ਨੂੰ ਜ਼ੋਰ ਮੀਆਂ।
ਹਫਤੇ ਬਾਅਦ ਬੱਸ ਇੱਕ ਬਿਆਨ ਜੜਦਾ,
ਉਹ ਖਿਝਾਉਣ ਲਈ ਖਿੱਚਦਾ ਡੋਰ ਮੀਆਂ।
ਚੋਭਾਂ ਲਾਉਣ ਦੀ ਚੁਸਤ ਜਿਹੀ ਰਾਜਨੀਤੀ,
ਜਾਂਵਦਾ ਵਰਤ ਆ ਵਕਤ ਨੂੰ ਵੇਖ ਮੀਆਂ।
ਪੈਂਦੇ ਭੜਕ ਫਿਰ ਸਾਰੇ ਹਨ ਕਾਂਗਰਸੀਏ,
ਵੱਜਦੀ ਅੱਡੀ ਦੇ ਹੇਠ ਜਿਉਂ ਮੇਖ ਮੀਆਂ।

**ਤੀਸ ਮਾਰ ਖਾਂ**

# 10 ਸਿੱਖਾਂ ਦੇ ਕਾਤਲ 34 ਪੁਲਸੀਆਂ ਨੂੰ ਇਲਾਹਾਬਾਦ ਹਾਈ ਕੋਰਟ ਦਾ ਜ਼ਮਾਨਤ ਤੋਂ ਇਨਕਾਰ

### * 1991 ਵਿੱਚ ਬਣਾਇਆ ਸੀ ਝੂਠਾ ਪੁਲਸ ਮੁਕਾਬਲਾ



ਲਖਨਊ, 26 ਮਈ, (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਵਿਚਲੀਇਲਾਹਾਬਾਦ ਹਾਈ ਕੋਰਟ ਨੇ ਅੱਜ ਵੀਰਵਾਰ ਪੀਏਸੀ (ਉੱਤਰ ਪ੍ਰਦੇਸ਼ ਹਥਿਆਰਬੰਦ ਪੁਲਸ) ਦੇ 34 ਮੁਲਾਜ਼ਮਾਂ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਇਨ੍ਹਾਂ 34 ਪੀਏਸੀ ਮੁਲਾਜ਼ਮਾਂਉੱਤੇ 1991 ਵਿੱਚ 10 ਸਿੱਖਾਂ ਨੂੰ ਝੂਠੇ ਮੁਕਾਬਲੇ ਵਿੱਚ ਮਾਰਨ ਦਾ ਦੋਸ਼ ਹੈ। ਅਦਾਲਤ ਨੇ ਉਨ੍ਹਾਂ ਨੂੰ ਵੀ ਅੱਤਵਾਦੀ ਮੰਨ ਕੇ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਹੈ।

ਜਸਟਿਸ ਰਮੇਸ਼ ਸਿਨਹਾ ਤੇ ਜਸਟਿਸ ਬ੍ਰਿਜ ਰਾਜ ਸਿੰਘ ਦੇ ਬੈਂਚ ਨੇ ਕਿਹਾ ਕਿ ਦੋਸ਼ੀ ਪੁਲੀਆਂ ਨੇ ਬੇਕਸੂਰ ਲੋਕਾਂ ਦਾ ਵਹਿਸ਼ੀ ਅਤੇ ਅਣਮਨੁੱਖੀ ਕਤਲ ਕੀਤਾ ਸੀ। ਅਦਾਲਤ ਨੇ ਕਿਹਾ ਕਿ 'ਜੇ ਕੁਝ ਮ੍ਰਿਤਕ ਸਮਾਜ ਵਿਰੋਧੀ ਗਤੀਵਿਧੀਆਂ ਵਿੱਚ ਸ਼ਾਮਲ ਸਨ ਤੇ ਉਨ੍ਹਾਂ ਵਿਰੁੱਧ ਅਪਰਾਧਿਕ ਕੇਸ ਦਰਜ ਸਨ ਤਾਂ ਕਾਨੂੰਨ ਦੀ ਸਥਾਪਿਤ ਪ੍ਰਕਿਰਿਆ ਦੀ ਪਾਲਣਾ ਹੋਣੀ ਚਾਹੀਦੀ ਸੀ। ਅਦਾਲਤ ਨੇ ਅਪਰਾਧਕ ਸਜ਼ਾ ਨੂੰ ਚੁਣੌਤੀ ਲਈਦੋਸ਼ੀਆਂ ਦੀ ਅਪੀਲ ਨੂੰ 25 ਜੁਲਾਈ ਨੂੰ ਅੰਤਿਮ ਸੁਣਵਾਈ ਲਈ ਲਿਸਟਿਡ ਕੀਤਾ ਹੈ।ਇਸ ਬਾਰੇ ਮੁੱਖ ਕੇਸ ਅਨੁਸਾਰ 12 ਜੁਲਾਈ 1991 ਨੂੰ ਉੱਤਰ ਪ੍ਰਦੇਸ਼ ਦੇ ਪੀਲੀਭੀਤ ਜ਼ਿਲੇ ਦੇਪੁਲਿਸ ਮੁਲਾਜ਼ਮ (ਅਪੀਲਕਰਤਾ) ਦੀ ਟੀਮ ਨੇ ਪੀਲੀਭੀਤ ਨੇੜੇ ਯਾਤਰੀਆਂ ਨਾਲ ਭਰੀ ਬੱਸ ਰੋਕੀ ਤੇ 10-11 ਸਿੱਖ ਨੌਜਵਾਨਾਂ ਨੂੰ ਉਤਾਰ ਕੇ ਆਪਣੀ ਨੀਲੀ ਪੁਲਿਸ ਬੱਸ ਵਿੱਚ ਬਿਠਾ ਲਿਆ ਅਤੇ ਕੁਝ ਪੁਲਿਸ ਵਾਲੇਬਾਕੀ ਯਾਤਰੀਆਂ ਨਾਲ ਬੱਸ ਵਿੱਚ ਚੜ੍ਹ ਗਏ। ਫਿਰ ਬਾਕੀ ਯਾਤਰੀ ਪੁਲਿਸ ਮੁਲਾਜ਼ਮਾਂ ਨਾਲ ਸਾਰਾ ਦਿਨ ਸ਼ਰਧਾਲੂਆਂ ਦੀ ਬੱਸ ਵਿੱਚ ਘੁੰਮਦੇ ਰਹੇ ਅਤੇ ਰਾਤ ਨੂੰ ਪੁਲਿਸ ਵਾਲਿਆਂ ਨੇ ਬੱਸ ਨੂੰ ਪੀਲੀਭੀਤ ਦੇ ਇੱਕ ਗੁਰਦੁਆਰੇ ਵਿੱਚ ਛੱਡ ਦਿੱਤਾ, ਪਰ ਸ਼ਰਧਾਲੂਆਂ ਦੀ ਬੱਸ ਤੋਂ ਉਤਾਰੇ 10 ਸਿੱਖ ਨੌਜਵਾਨ ਪੁਲਿਸ ਨੇ ਮਾਰ ਦਿੱਤੇ ਸਨ, ਜਦ ਕਿ 11ਵਾਂ ਬੱਚਾ ਸੀ ਤੇ ਉਸ ਦਾ ਪਤਾ ਕਦੇ ਨਹੀਂ ਲੱਗ ਸਕਿਆ ਅਤੇ ਉਸ ਦੇ ਮਾਪਿਆਂ ਨੂੰ ਰਾਜ ਸਰਕਾਰ ਨੇਸਿਰਫ ਮੁਆਵਜ਼ਾ ਦਿੱਤਾ ਸੀ।

ਸ਼ੁਰੂਵਿੱਚ ਪੀਲੀਭੀਤ ਦੀ ਪੁਲਿਸ ਵੱਲੋਂ ਜਾਂਚ ਕਰ ਕੇ ਕਲੋ-ਜ਼ਰ ਰਿਪੋਰਟ ਦਿੱਤੀ ਸੀ। ਇਸ ਪਿੱਛੋਂ ਸਾਰੇ 47 ਦੋਸ਼ੀ ਹਾਈ ਕੋਰਟ ਚਲੇ ਗਏ। ਇਨ੍ਹਾਂ ਵਿੱਚੋਂ 12 ਨੂੰ ਹਾਈ ਕੋਰਟ ਨੇ ਉਮਰ ਜਾਂ ਗੰਭੀਰ ਬਿਮਾਰੀ ਕਾਰਨ ਜ਼ਮਾਨਤ ਦੇਦਿੱਤੀ ਸੀ। ਅਦਾਲਤ ਨੇ ਪਾਇਆ ਕਿ ਇਹ ਗੰਭੀਰ ਕਤਲਾਂ ਦਾ ਕੇਸ ਸੀ, ਜਿਨ੍ਹਾਂ ਦਾ ਕੋਈ ਅਪਰਾਧਕ ਪਿਛੋਕੜ ਨਹੀਂ ਸੀ, ਭਾਵੇਂ ਕੁਝ ਮ੍ਰਿਤਕਾਂ ਦਾ ਅਪਰਾਧਿਕ ਪਿਛੋਕੜ ਸੀ।ਜੱਜਾਂ ਨੇ ਕਿਹਾ ਕਿ ਦੋਸ਼ੀਆਂ ਵੱਲੋਂ ਸਾਰੇ ਮ੍ਰਿਤਕਾਂ ਨੂੰ ਉਨ੍ਹਾਂ ਦੀਆਂ ਪਤਨੀਆਂ ਤੇ ਬੱਚਿਆਂ ਤੋਂ ਵੱਖ ਕਰਕੇ, ਜਿਹੜੇਧਰਮ ਅਸਥਾਨਾਂ ਦੀ ਯਾਤਰਾ ਉੱਤੇਚੱਲੇ ਸਨ, ਹੋਰ ਥਾਂ ਲਿਜਾ ਕੇ ਅੱਤਵਾਦੀ ਵਾਲਾ ਵਿਹਾਰ ਕਰਨਾ ਉਚਿਤ ਨਹੀਂ ਸੀ। ਬਾਅਦ ਵਿੱਚ ਉਨ੍ਹਾਂ ਨੂੰ ਝੂਠੇ ਮੁਕਾਬਲੇ ਵਿਚ ਮਾਰ ਦਿੱਤਾ ਗਿਆ ਸੀ।

# ਪੰਜਾਬ ਵਿੱਚ ਅੱਗੇ ਤੋਂ ਅਣ-ਅਧਿਕਾਰਤ ਕਾਲੋਨੀਆਂ ਵਿੱਚ ਰਜਿਸਟਰੀ ਨਹੀਂ ਹੋਵੇਗੀ



ਚੰਡੀਗੜ੍ਹ, 26 ਮਈ, (ਪੋਸਟ ਬਿਊਰੋ)- ਪੰਜਾਬ ਵਿਚ ਅੱਗੇ ਤੋਂ ਅਣ-ਅਧਿਕਾਰਤ ਕਾਲੋਨੀਆਂ ਵਿੱਚ ਰਜਿਸਟਰੀ ਨਹੀਂ ਹੋ ਸਕੇਗੀ। ਮਾਲ ਵਿਭਾਗ ਨੇ ਖੁੰਬਾਂ ਵਾਂਗ ਬਣ ਰਹੀਆਂ ਕਾਲੋਨੀਆਂ ਰੋਕਣ ਲਈ ਇਹ ਹੁਕਮ ਕੀਤੇ ਹਨ।

ਇਸ ਬਾਰੇਰੈਵੇਨਿਊ ਵਿਭਾਗ ਐਸੋਸੀਏਸ਼ਨ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਨਾਜਾਇਜ਼ ਕਾਲੋਨੀਆਂ ਦੇ ਖ਼ਸਰਾ ਨੰਬਰ ਜਾਰੀ ਕਰੇ, ਕਿਉਂਕਿ ਰਜਿਸਟਰੀ ਕਰਨ ਵੇਲੇ ਉਨ੍ਹਾਂ ਨੂੰ ਪਤਾਨਹੀਂ ਹੁੰਦਾ ਕਿ ਕਿਹੜਾ ਪਲਾਟ ਅਣ-ਅਧਿਕਾਰਤ ਕਾਲੋਨੀ ਵਿੱਚ ਅਤੇ ਕਿਹੜਾ ਯੋਜਨਾਬੰਦ ਕਾਲੋਨੀ ਵਿਚ ਹੈ, ਇਸ ਲਈ ਰਜਿਸਟਰੀ ਕਰਨਾ ਔਖਾ ਹੋਵੇਗਾ ਤੇ ਸਰਕਾਰ ਨੂੰ ਸਟੈਂਪ ਡਿਊਟੀ ਦਾ ਨੁਕਸਾਨ ਹੋਵੇਗਾ।ਪੰਜਾਬ ਵਿਚ ਨਾਜਾਇਜ਼ ਕਾਲੋਨੀਆਂ ਬਾਰੇ ਦੋ ਵਾਰ ਵਿਸ਼ੇਸ਼ ਐਕਟ ਬਣਾਏ ਜਾਣ ਦੇ ਬਾਵਜੂਦ ਇਹ ਕੰਮ ਰੁਕਿਆ ਨਹੀਂ। ਇਸ ਵਾਰ ਮਾਲ ਵਿਭਾਗ ਨੇ ਸਾਰੇ ਤਹਿਸੀਲਦਾਰਾਂ ਤੇ ਨਾਇਬ ਤਹਿਸੀਲਦਾਰਾਂ ਨੂੰ ਹੁਕਮ ਕੀਤੇ ਹਨ ਕਿ ਨਾਜਾਇਜ਼ ਕਾਲੋਨੀਆਂ ਵਿੱਚ ਪਲਾਟਾਂ ਦੀ ਕੋਈ ਰਜਿਸਟਰੀ ਨਾ ਕਰਨ।ਇਨ੍ਹਾਂ ਹੁਕਮਾਂ ਵਿਚ ਕਿਹਾ ਗਿਆ ਹੈ ਕਿ ਪੰਜਾਬ ਵਿੱਚ ਬਣ ਰਹੀਆਂ ਅਣ-ਅਧਿਕਾਰਤ ਕਾਲੋਨੀਆਂ ਦੀ ਗਿਣਤੀ ਹਜ਼ਾਰਾਂ ਵਿੱਚ ਹੈ ਤੇ ਇਹ ਕੰਮ ਕੁਝ ਹੀ ਸਾਲਾਂ ਵਿਚ ਹੋਇਆ ਹੈ। ਇਨ੍ਹਾਂ ਕਾਲੋਨੀਆਂ ਵਿੱਚ ਕੋਈ ਸਹੂਲਤ ਵੀ ਨਹੀਂ ਹੁੰਦੀ। ਮਾਲ ਵਿਭਾਗ ਨੇ ਲੋਕਲ ਸੰਸਥਾਵਾਂ ਅਤੇ ਸ਼ਹਿਰੀ ਵਿਕਾਸ ਵਿਭਾਗ ਨੂੰ ਚਿੱਠੀ ਭੇਜ ਕੇ ਕਿਹਾ ਹੈ ਕਿ ਉਹ ਆਪਣੇ ਇਲਾਕੇ ਵਿਚਲੀਆਂ ਨਾਜਾਇਜ਼ ਕਾਲੋਨੀਆਂ ਦੀ ਲਿਸਟ ਅਤੇ ਜ਼ਮੀਨਾਂ ਦੇ ਨੰਬਰਾਂ ਵਾਲੀਆਂ ਕਾਲੋਨੀਆਂ ਦੀਆਂ ਰਜਿਸਟਰੀਆਂ ਨਾ ਕਰਨ। ਇਸ ਦੇ ਨਾਲ ਸਾਰੇ ਵਿਭਾਗਾਂ ਦੇ ਫੀਲਡ ਅਫਸਰਾਂ ਨੂੰ ਕਿਹਾ ਗਿਆ ਹੈ ਕਿ ਉਹ ਇਹੋ ਜਿਹੀ ਕੋਈ ਵੀ ਕਾਲੋਨੀ ਨਾ ਬਣਨ ਦੇਣ।

# ਇਮਰਾਨ ਵੱਲੋਂ ਪਾਕਿਸਤਾਨ ਸਰਕਾਰ ਨੂੰ ਨਵੀਆਂ ਚੋਣਾਂ ਲਈ ਛੇ ਦਿਨਾਂ ਦਾ ਅਲਟੀਮੇਟਮ

### ਪ੍ਰਧਾਨ ਮੰਤਰੀ ਨੇ ਕਿਹਾ: ਚੋਣਾਂ ਦਾ ਸਮਾਂ ਪਾਰਲੀਮੈਂਟ ਤੈਅ ਕਰੇਗੀ

ਇਸਲਾਮਾਬਾਦ, 26 ਮਈ, (ਪੋਸਟ ਬਿਊਰੋ)- ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਆਪਣੇ ਦੇਸ਼ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਦੀ ਅਗਵਾਈ ਵਾਲੀ ਸਰਕਾਰ ਨੂੰ ਸੂਬਾਈ ਅਸੈਂਬਲੀਆਂ ਭੰਗ ਕਰਨ ਤੇ ਨਵੇਂ ਸਿਰੇ ਤੋਂ ਆਮ ਚੋਣਾਂ ਕਰਾਉਣ ਦਾ ਐਲਾਨ ਕਰਨ ਲਈ 6 ਦਿਨ ਦਾ ਸਮਾਂ ਦਿੱਤਾ ਤੇ ਕਿਹਾ ਹੈ ਕਿ ਜੇ ਸਰਕਾਰ ਅਜਿਹਾ ਕਰਨਤੋਂ ਨਾਕਾਮ ਰਹਿੰਦੀ ਹੈ ਤਾਂ ਉਹ ਪੂਰੇ ਦੇਸ਼ ਨਾਲ ਮਿਲ ਕੇ ਰਾਜਧਾਨੀ ਵਿੱਚ ਪਰਤਣਗੇ।

ਏਥੇ ਜਿਨਾਹ ਐਵੇਨਿਊਵਿਖੇ 'ਆਜ਼ਾਦੀ ਮਾਰਚ'ਵਿੱਚ ਹਜ਼ਾਰਾਂ ਲੋਕਾਂ ਦੀ ਰੈਲੀ ਵਿੱਚ ਬੋਲਦਿਆਂ ਇਮਰਾਨ ਖਾਨ ਨੇ ਆਪਣੀ ਪਾਰਟੀ ਦੇ ਪ੍ਰਦਰਸ਼ਨਾਂ ਨੂੰ ਰੋਕਣ ਲਈ ਛਾਪੇ ਤੇ ਗ੍ਰਿਫ਼ਤਾਰੀਆਂ ਕਰਨ ਲਈ ਮੌਜੂਦਾ ਸਰਕਾਰ ਦੀ ਆਲੋਚਨਾ ਕੀਤੀ ਤੇਇਸ ਦਾ ਨੋਟਿਸ ਲੈਣ ਲਈ ਸੁਪਰੀਮ ਕੋਰਟ ਦਾ ਧੰਨਵਾਦ ਕੀਤਾ। ਜੀਓ ਨਿਊਜ਼ ਨੇ ਇਮਰਾਨ ਖਾਨ ਦੇ ਹਵਾਲੇ ਨਾਲ ਕਿਹਾ ਕਿ 'ਇੰਪੋਰਟਿਡ' ਸਰਕਾਰ ਨੂੰ ਮੇਰਾ ਸੰਦੇਸ਼ ਹੈ ਕਿ ਰਾਜਾਂ ਦੀਆਂ ਅਸੈਂਬਲੀਆਂ ਭੰਗ ਕਰ ਕੇ ਚੋਣਾਂ ਕਰਾਉਣ,ਵਰਨਾ ਮੈਂ ਛੇ ਦਿਨਾਂ ਨੂੰ ਮੁੜਇਸਲਾਮਾਬਾਦ ਆਵਾਂਗਾ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਦੇ ਜੱਜਾਂ ਦੀ ਵੱਡੀ ਜ਼ਿੰਮੇਵਾਰੀ ਹੈ।ਇਮਰਾਨ ਖਾਨ ਨੇ ਸਵਾਲ ਕੀਤਾ ਕਿ ਲੋਕਤੰਤਰ ਵਿੱਚ ਸ਼ਾਂਤਮਈ ਪ੍ਰਦਰਸ਼ਨਾਂ ਦੀ ਇਜਾਜ਼ਤ ਕਿੱਥੇ ਨਹੀਂ ਤੇ ਪ੍ਰਦਰਸ਼ਨ ਕਰਦੇ ਲੋਕਾਂ ਨੂੰ ਅੱਥਰੂ ਗੈਸ ਦੇ ਗੋਲਿਆਂ, ਪੁਲਸ ਦੇ ਛਾਪਿਆਂ ਤੇ ਗ੍ਰਿਫ਼ਤਾਰੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਇਸ ਮੌਕੇ ਇਮਰਾਨ ਖਾਨ ਨੇ ਕਿਹਾ ਕਿ ਮੈਂ ਫ਼ੈਸਲਾ ਕੀਤਾ ਹੈ ਕਿ ਜਦੋਂ ਤੱਕ ਸਰਕਾਰ ਵਿਧਾਨ ਸਭਾਵਾਂ ਭੰਗ ਨਹੀਂ ਕਰਦੀ ਅਤੇ ਚੋਣਾਂ ਦਾ ਐਲਾਨ ਨਹੀਂ ਕਰਦੀ, ਮੈਂ ਏਥੇ ਬੈਠਾਂਗਾ, ਪਰ ਮੈਂ ਬੀਤੇ ਚੌਵੀ ਘੰਟਿਆਂ ਵਿੱਚ ਜੋ ਦੇਖਿਆ ਹੈ, ਉਹ ਇਹ ਹੈ ਕਿ (ਸਰਕਾਰ) ਦੇਸ਼ ਨੂੰ ਅਰਾਜਕਤਾ ਵੱਲ ਲਿਜਾ ਰਹੀ ਹੈ, ਸਰਕਾਰ ਦੇਸ਼ ਅਤੇ ਪੁਲਸ ਵਿਚਾਲੇ ਖਾਈ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਵਿਰੋਧ ਪ੍ਰਦਰਸ਼ਨਾਂ ਤੋਂ ਪਿੱਛੋਂਦੀਆਂ ਝੜਪਾਂ ਵਿੱਚ ਉਨ੍ਹਾਂ ਦੀ ਪਾਰਟੀ ਪਾਕਿਸਤਾਨ ਤਹਿਰੀਕ-ਏ-ਇਨਸਾਫ (ਪੀਟੀਆਈ) ਦੇ ਪੰਜ ਲੋਕ ਮਾਰੇ ਗਏ ਹਨ।

ਦੂਸਰੇ ਪਾਸੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਸਾਫ ਕਿਹਾ ਕਿ ਆਮ ਚੋਣਾਂ ਦੀਆਂ ਤਾਰੀਖ਼ਾਂ ਪਾਰਲੀਮੈਂਟ ਤੈਅ ਕਰੇਗੀ।ਇਮਰਾਨ ਖਾਨ ਦੀ ਪ੍ਰਦਰਸ਼ਨ ਰੈਲੀ ਬਾਰੇ ਸ਼ਾਹਬਾਜ਼ ਸ਼ਰੀਫ ਨੇ ਨੈਸ਼ਨਲ ਅਸੈਂਬਲੀ ਵਿੱਚਬੋਲਦੇ ਹੋਏ ਕਿਹਾ ਕਿ ਮੈਂ ਇਸ ਗਰੁੱਪ (ਇਮਰਾਨ ਖਾਨ ਦੀ ਪੀਟੀਆਈ. ਪਾਰਟੀ) ਦੇ ਨੇਤਾ ਨੂੰ ਸਾਫ ਕਹਿਣਾ ਚਾਹੁੰਦਾ ਹਾਂ ਕਿ ਤੁਹਾਡੀ ਧਮਕੀ ਕੰਮ ਨਹੀਂ ਕਰੇਗੀ,ਪਾਰਲੀਮੈਂਟਮਿਥੇਗੀ ਕਿ ਚੋਣਾਂ ਕਦੋਂ ਹੋਣਗੀਆਂ। ਉਨ੍ਹਾਂ ਕਿਹਾ ਕਿ ਇਹ ਨੈਸ਼ਨਲ ਅਸੈਂਬਲੀ ਅਗਲੇ ਸਾਲ ਅਗਸਤ ਵਿੱਚ ਪੰਜ ਸਾਲਾ ਸਮਾਂ ਪੂਰਾ ਕਰੇਗੀ, ਜਿਸ ਤੋਂ ਬਾਅਦ ਆਮ ਚੋਣਾਂ ਹੋਣਗੀਆਂ।

# ਅਜਮੇਰ ਵਿੱਚ ਖਵਾਜ਼ਾ ਦੀ ਦਰਗਾਹ ਉੱਤੇ ਵੀ ਹਿੰਦੂ ਮੰਦਰ ਦਾ ਦਾਅਵਾ ਕਰ ਦਿੱਤਾ ਗਿਆ

### * ਮਹਾਰਾਣਾ ਪ੍ਰਤਾਪ ਸੈਨਾ ਨੇ ਮੁੱਖ ਮੰਤਰੀ ਨੂੰ ਚਿੱਠੀ ਲਿਖੀ




ਅਜਮੇਰ, 26 ਮਈ, (ਪੋਸਟ ਬਿਊਰੋ)- ਪਹਿਲਾਂ ਅਯੁੱਧਿਆ ਦੀ ਬਾਬਰੀ ਮਸਜਿਦ, ਫਿਰ ਮਥੁਰਾ ਵਾਲੀ ਸ਼ਾਹੀ ਈਦਗਾਹ ਮਸਜਿਦ, ਉਸ ਦੇ ਬਾਅਦ ਵਾਰਾਣਸੀ ਵਿੱਚਗਿਆਨਵਾਪੀ ਮਸਜਿਦ ਤੋਂ ਸ਼ੁਰੂ ਹੋਈ ਗੱਲ ਤਾਜ ਮਹਿਲ ਤੇ ਕੁਤੁਬ ਮੀਨਾਰ ਤੱਕ ਜਾਣਪਿੱਛੋਂਰਾਜਸਥਾਨ ਦੇ ਅਜਮੇਰ ਵਿੱਚ ਖਵਾਜ਼ਾ ਗਰੀਬ ਨਵਾਜ਼ ਦੀ ਦਰਗਾਹ ਦੇਹਿੰਦੂ ਮੰਦਰ ਹੋਣ ਦਾਦ-'ਅਵਾ ਵੀ ਕਰ ਦਿੱਤਾ ਗਿਆ ਹੈ। ਇਸ ਬਾਰੇਦਿੱਲੀ ਦੀ ਇੱਕ ਸੰਸਥਾ ਨੇ ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੂੰ ਪੱਤਰ ਲਿਖ ਕੇ ਪੁਰਾਤੱਤਵ ਵਿਭਾਗ ਕੋਲੋਂ ਸਰਵੇਖਣ ਕਰਾਉਣ ਦੀ ਮੰਗ ਕੀਤੀ ਹੈ।ਇਸ ਪੱਤਰਨਾਲ ਦਰਗਾਹ ਵਿੱਚ ਹਲਚਲ ਤੇਜ਼ ਹੋ ਗਈ ਹੈ।ਐਡੀਸ਼ਨਲ ਜ਼ਿਲਾ ਮੈਜਿਸਟਰੇਟ(ਸਿਟੀ) ਭਾਵਨਾ ਗਰਗ ਨੇ ਅੱਜ ਵੀਰਵਾਰ ਦਰਗਾਹ ਦਾ ਦੌਰਾ ਕੀਤਾ ਤੇ ਇਸ ਦੇ ਨਾਲ ਦਰਗਾਹ ਦੇ ਦੁਆਲੇ ਵੱਡੀ ਗਿਣਤੀ ਵਿੱਚ ਪੁਲਸ ਫੋਰਸ ਤਾਇਨਾਤ ਕਰ ਦਿੱਤੀ ਹੈ।

ਦਿੱਲੀ ਦੇ ਰਾਜਵਰਧਨ ਸਿੰਘ ਪਰਮਾਰ ਨੇ ਮਹਾਰਾਣਾ ਪ੍ਰਤਾਪ ਸੈਨਾ ਦੇ ਰਾਸ਼ਟਰੀ ਪ੍ਰਧਾਨ ਵਜੋਂ ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੂੰ ਪੱਤਰਲਿਖਿਆ ਹੈ ਕਿ ਅਜਮੇਰ ਵਿੱਚ ਖਵਾਜ਼ਾ ਗਰੀਬ ਨਵਾਜ਼ ਦੀ ਦਰਗਾਹ ਪਹਿਲਾਂ ਹਿੰਦੂ ਮੰਦਰ ਸੀ। ਉਨ੍ਹਾਂ ਕਿਹਾ ਹੈ ਕਿ ਪੁਰਾਤੱਤਵ ਵਿਭਾਗ ਤੋਂ ਸਰਵੇਖਣ ਕਰਾਉਣ ਦੇ ਨਾਲਉੱਥੇ ਹਿੰਦੂ ਮੰਦਰ ਦੇ ਸਬੂਤ ਮਿਲ ਜਾਣਗੇ।ਮੁੱਖ ਮੰਤਰੀ ਅਸ਼ੋਕ ਗਹਿਲੋਤ ਨੂੰ ਲਿਖੇ ਪੱਤਰ ਵਿੱਚ ਲਿਖਿਆ ਹੈ ਕਿ ਦਰਗਾਹ ਦੇ ਅੰਦਰ ਕਈ ਹਿੰਦੂ ਧਾਰਮਿਕ ਚਿੰਨ੍ਹ ਹਨ, ਜਿਨ੍ਹਾਂ ਵਿੱਚ ਸਵਾਸਤਿਕ ਦਾ ਨਿਸ਼ਾਨ ਪ੍ਰਮੁੱਖ ਹੈ ਅਤੇ ਹਿੰਦੂ ਧਰਮ ਦੇ ਹੋਰ ਚਿੰਨ੍ਹ ਵੀ ਓਥੇ ਹਨ।

ਕੁਝ ਦਿਨ ਪਹਿਲਾਂ ਖਵਾਜ਼ਾ ਗਰੀਬ ਨਵਾਜ਼ ਦਾ 810ਵਾਂ ਉਰਸ ਮਨਾਇਆ ਹੈ।ਮਾਹਿਰਾਂ ਅਨੁਸਾਰ ਦਰਗਾਹ ਦਾ ਇਤਿਹਾਸ 900 ਸਾਲ ਪੁਰਾਣਾ ਹੈ, ਪਰ ਅੱਜ ਤੱਕ ਕੋਈ ਠੋਸ ਦਾਅਵਾ ਨਹੀਂ ਕੀਤਾ ਗਿਆ ਕਿ ਦਰਗਾਹ ਹਿੰਦੂ ਮੰਦਰ ਨੂੰ ਢਾਹ ਕੇ ਬਣਾਈ ਸੀ। ਮਹਾਰਾਣਾ ਪ੍ਰਤਾਪ ਸੈਨਾ ਨੇ ਰਾਜਸਥਾਨ ਦੇ ਮੁੱਖ ਮੰਤਰੀ ਨੂੰ ਭੇਜੇਪੱਤਰ ਦੀ ਕਾਪੀ ਰਾਸ਼ਟਰਪਤੀ ਰਾਮ ਨਾਥ ਕੋਵਿੰਦ, ਰਾਜਸਥਾਨ ਦੇ ਗਵਰਨਰ ਕਲਰਾਜ ਮਿਸ਼ਰਾ ਤੇ ਕੁਝ ਕੇਂਦਰੀ ਮੰਤਰੀਆਂ ਨੂੰ ਵੀ ਭੇਜੀ ਹੈ।

# ਭਾਰਤ ਦੀ ਸੁਪਰੀਮ ਕੋਰਟ ਨੇ ਵੇਸਵਾ ਵਰਗੇ ਕੰਮ ਨੂੰ 'ਜਾਇਜ਼ ਧੰਦਾ' ਐਲਾਨਿਆ

### * ਪੁਲਿਸ ਨੂੰ 'ਸੈਕਸ ਵਰਕਰਜ਼' ਨੂੰ ਪ੍ਰੇਸ਼ਾਨ ਨਾ ਕਰਨ ਦੀ ਤਾੜਨਾ




ਨਵੀਂ ਦਿੱਲੀ, 26 ਮਈ, (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਨੇ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੀ ਪੁਲਿਸ ਨੂੰ ਹੁਕਮ ਦਿੱਤਾ ਹੈ ਕਿ ਉਹ ਸੈਕਸ ਵਰਕਰਾਂ ਦੇ 'ਕੰਮ'ਵਿੱਚ ਦਖਲ ਨਾ ਦੇਣ।'ਸੈਕਸ ਵਰਕ' ਨੂੰ ਪੇਸ਼ਾ ਮੰਨ ਕੇ ਭਾਰਤ ਦੀ ਸਭ ਤੋਂ ਉੱਚੀ ਅਦਾਲਤ ਨੇ ਕਿਹਾ ਕਿ ਪੁਲਿਸ ਨੂੰ ਅਡਲਟਅਤੇ ਸਹਿਮਤੀ ਨਾਲ ਸੈਕਸ ਦਾ ਧੰਦਾ ਕਰਦੀਆਂ ਔਰਤਾਂ ਵਿਰੁੱਧ ਅਪਰਾਧਿਕ ਕਾਰਵਾਈ ਨਹੀਂ ਕਰਨੀ ਚਾਹੀਦੀ। ਕੋਰਟ ਨੇ ਕਿਹਾ, 'ਸੈਕਸ ਵਰਕਰ' ਵੀ ਕਾਨੂੰਨ ਦੇ ਤਹਿਤ ਸਨਮਾਨ ਅਤੇ ਬਰਾਬਰ ਸੁਰੱਖਿਆ ਦੀਆਂ ਹੱਕਦਾਰ ਹਨ।

ਸੁਪਰੀਮ ਕੋਰਟ ਦੇ ਜਸਟਿਸ ਐੱਲ ਨਾਗੇਸ਼ਵਰ ਰਾਓ, ਜਸਟਿਸ ਬੀਆਰ ਗਵਈ ਅਤੇ ਜਸਟਿਸ ਏਐਸ ਬੋਪੰਨਾ ਦੀ ਬੈਂਚ ਨੇ ਸੈਕਸ ਵਰਕਰਾਂ ਦੇ ਅਧਿਕਾਰਾਂ ਦੀ ਰਾਖੀ ਲਈ 6 ਨਿਰਦੇਸ਼ ਜਾਰੀ ਕਰਦਿਆਂ ਕਿਹਾ ਕਿ ਸੈਕਸ ਵਰਕਰ ਵੀ ਕਾਨੂੰਨ ਹੇਠ ਬਰਾਬਰ ਸੁਰੱਖਿਆ ਦੀਆਂ ਹੱਕਦਾਰ ਹਨ। ਅਦਾਲਤ ਨੇ ਕਿਹਾ, ਜਦੋਂ ਸਾਫ ਹੋ ਜਾਂਦਾ ਹੈ ਕਿ ਸੈਕਸ ਵਰਕਰ ਅਡਲਟ ਹੈ ਤੇ ਇਹ ਕੰਮ ਮਰਜ਼ੀ ਨਾਲ ਕਰ ਰਹੀ ਹੈ ਤਾਂ ਪੁਲਿਸ ਨੂੰ ਉਸ ਵਿੱਚ ਦਖਲ ਦੇਣ ਅਤੇ ਅਪਰਾਧਿਕ ਕਾਰਵਾਈ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।ਜੱਜਾਂ ਨੇ ਕਿਹਾ, ਦੇਸ਼ ਦੇ ਹਰ ਨਾਗਰਿਕ ਨੂੰ ਸੰਵਿਧਾਨ ਦੀ ਧਾਰਾ 21 ਹੇਠ ਸਨਮਾਨ ਨਾਲ ਜਿਊਣ ਦਾ ਅਧਿਕਾਰ ਹੈ। ਅਦਾਲਤ ਨੇ ਹੁਕਮ ਦਿੱਤਾ ਕਿ ਜਦੋਂ ਵੀ ਪੁਲਿਸ ਛਾਪੇਮਾਰੀ ਕਰੇ ਤਾਂ ਸੈਕਸ ਵਰਕਰਾਂ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਜਾਣਾ ਚਾਹੀਦਾ ਅਤੇ ਨਾ ਪ੍ਰੇਸ਼ਾਨ ਕੀਤਾ ਜਾਣਾ ਚਾਹੀਦਾ ਹੈ, ਕਿਉਂਕਿ ਆਪਣੀ ਮਰਜ਼ੀ ਨਾਲ ਸੈਕਸਦਾ ਧੰਦਾ ਕਰਨਾ ਗ਼ੈਰ-ਕਾਨੂੰਨੀ ਨਹੀਂ, ਸਿਰਫ਼ ਵੇਸ਼ਵਾ ਦਾ ਅੱਡਾ ਚਲਾਉਣਾ ਗ਼ੈਰ-ਕਾਨੂੰਨੀ ਹੈ।

ਇਸ ਦੀ ਵਿਆਖਿਆ ਕਰਦੇ ਹੋਏ ਸੁਪਰੀਮ ਕੋਰਟ ਨੇ ਕਿਹਾ, 'ਕੋਈ ਔਰਤ ਸੈਕਸ ਵਰਕਰ ਹੈ ਤਾਂ ਉਸਦੇ ਬੱਚੇ ਨੂੰ ਉਸਦੀ ਮਾਂ ਤੋਂ ਇਸੇ ਕਾਰਨ ਵੱਖ ਨਹੀਂ ਕਰਨਾ ਚਾਹੀਦਾ। ਸੈਕਸ ਵਰਕਰਾਂ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਵੀ ਬੁਨਿਆਦੀ ਸੁਰੱਖਿਆ ਤੇ ਸਨਮਾਨਨਾਲ ਜਿਊਣ ਦਾ ਹੱਕ ਹੈ। ਜੇ ਕੋਈ ਅਡਲਟ ਵੇਸ਼ਵਾਘਰ ਵਿੱਚ ਰਹਿੰਦਾ ਜਾਂ ਕਿਸੇ ਸੈਕਸ ਵਰਕਰ ਨਾਲ ਰਹਿੰਦਾ ਮਿਲਦਾ ਹੈ ਤਾਂ ਇਹ ਨਹੀਂ ਮੰਨਣਾ ਚਾਹੀਦਾ ਕਿ ਬੱਚੇ ਦੀ ਤਸਕਰੀ ਕੀਤੀ ਹੈ।' ਅਦਾਲਤ ਨੇ ਕਿਹਾ, 'ਸੈਕਸ ਵਰਕਰਾਂ ਨੂੰ ਨਾਗਰਿਕਾਂ ਲਈ ਸੰਵਿਧਾਨ ਵਿਚਲੇ ਸਾਰੇ ਬੁਨਿਆਦੀ ਮਨੁੱਖੀ ਤੇ ਹੋਰ ਹੱਕਾਂ ਦਾ ਅਧਿਕਾਰ ਹੈ' ਅਤੇ'ਪੁਲਿਸ ਨੂੰ ਸੈਕਸ ਵਰਕਰਾਂ ਨਾਲ ਸਨਮਾਨ ਨਾਲ ਪੇਸ਼ ਆਉਣਾ ਚਾਹੀਦਾ ਹੈ ਅਤੇ ਉਨ੍ਹਾਂ ਨਾਲ ਜ਼ੁਬਾਨੀ ਜਾਂ ਸਰੀਰਕ ਤੌਰ ਉੱਤੇ ਦੁਰ-ਵਿਹਾਰ ਨਹੀਂ ਕਰਨਾ ਚਾਹੀਦਾ, ਨਾ ਉਨ੍ਹਾਂ ਨੂੰ ਸੈਕਸੀ ਗਤੀਵਿਧੀ ਕਰਨ ਲਈ ਮਜਬੂਰ ਕੀਤਾ ਜਾਣਾ ਚਾਹੀਦਾ ਹੈ।'

ਸੈਕਸ ਵਰਕਰਾਂਬਾਰੇਸੁਪਰੀਮ ਕੋਰਟ ਦੇਫੈਸਲੇਉੱਤੇ ਪੰਜਾਬ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਮਨੀਸ਼ਾ ਗੁਲਾਟੀ ਨੇ ਇਤਰਾਜ਼ ਕੀਤਾਤੇ ਕਿਹਾ ਕਿ ਸੁਪਰੀਮ ਕੋਰਟ ਨੂੰ ਅਪੀਲ ਹੈ ਕਿ ਉਹ ਸੈਕਸ ਵਰਕਰਾਂ ਦੇ ਫੈਸਲੇ ਉੱਤੇਮੁੜ ਵਿਚਾਰ ਕਰੇ। ਉਨ੍ਹਾਂ ਕਿਹਾ ਕਿ ਸਾਰੀਆਂ ਔਰਤਾਂ ਨੂੰ ਸਿੱਖਿਆ ਤੇ ਕੰਮ ਦੀ ਸਹੂਲਤ ਦੀ ਪਹਿਲ ਕੀਤੀ ਜਾਵੇ ਤਾਂ ਜੋ ਕਿਸੇ ਨੂੰ ਇਸ ਕੰਮ ਵਿੱਚ ਪੈਣਾ ਨਾ ਪਵੇ। ਉਨ੍ਹਾਂ ਕਿਹਾ ਕਿ ਅਸੀਂ ਔਰਤਾਂ ਦੇ ਸ਼ਕਤੀਕਰਨ ਦੀ ਗੱਲ ਕਰਦੇ ਹਾਂ, ਪਰ ਉਸ ਉਤੇ ਅਮਲ ਨਹੀਂ ਕਰਦੇ। ਮਨੀਸ਼ਾ ਨੇ ਕਿਹਾ ਕਿ ਔਰਤਾਂ ਨੂੰ ਰੁਜ਼ਗਾਰ ਦਿੱਤਾ ਜਾਵੇ ਤਾਂ ਕਿ ਉਹ ਸੈਕਸ ਵਰਕਰ ਨਾ ਬਣਨ।

# ਅਮਰੀਕਾ ਵਿੱਚ ਸੀਕਰੇਸੀ ਦੀ ਉਲੰਘਣਾ ਦੇ ਬਦਲੇ ਟਵਿੱਟਰ ਨੂੰ 150 ਮਿਲੀਅਨ ਡਾਲਰ ਜੁਰਮਾਨਾ

### * ਯੂਜ਼ਰਜ਼ ਤੋਂ ਨਾਜਾਇਜ਼ ਜਾਣਕਾਰੀ ਮੰਗਣ ਦਾ ਦੋਸ਼

ਵਾਸ਼ਿੰਗਟਨ, 26 ਮਈ, (ਪੋਸਟ ਬਿਊਰੋ)- ਅਮਰੀਕਾਵਿੱਚਟਵਿੱਟਰ ਨੂੰ ਯੂਜ਼ਰਜ਼ ਦੀ ਸੀਕਰੇਸੀ ਨਾਲ ਛੇੜਛਾੜ ਕਰਨ ਦੇ ਦੋਸ਼ ਵਿੱਚ 15 ਮਿਲੀਅਨ ਡਾਲਰ ਦਾ ਜੁਰਮਾਨਾ ਲਾਇਆ ਗਿਆ ਹੈ। ਨਿਆਂ ਵਿਭਾਗ ਅਤੇ ਫੈਡਰਲ ਟਰੇਡ ਕਮਿਸ਼ਨ (ਐਫਟੀਸੀ) ਨੇ ਕੱਲ੍ਹ ਬੁੱਧਵਾਰ ਨੂੰ ਟਵਿੱਟਰ ਨਾਲ ਇਸ ਬਾਰੇ ਸਮਝੌਤੇ ਦਾ ਐਲਾਨ ਕੀਤਾ ਹੈ।

ਇਸ ਸੰਬੰਧ ਵਿੱਚ ਰੈਗੂਲੇਟਰਅਥਾਰਟੀ ਦਾ ਦੋਸ਼ ਹੈ ਕਿ ਟਵਿੱਟਰ ਨੇ ਗੈਰ-ਜਨਤਕ ਸਮੱਗਰੀ ਦੀ ਸੀਕਰੇਸੀ ਤੇ ਸੁਰੱਖਿਆ ਨੂੰ ਸੰਭਾਲਣ ਦੇ ਹੁਕਮ ਦੇਣ ਵਾਲੇ 2011 ਦੇ ਐੱਫ ਟੀ ਸੀ ਦੇ ਹੁਕਮ ਦਾ ਉਲੰਘਣ ਕੀਤੀ ਹੈ। ਕੰਪਨੀ ਨੇ ਮਈ 2013 ਤੋਂ ਸਤੰਬਰ 2019 ਦੌਰਾਨ ਖਾਤਾ ਸੁਰੱਖਿਆ ਦੇ ਨਾਂ ਉੱਤੇਯੂਜ਼ਰਜ਼ ਦੇ ਫੋਨ ਨੰਬਰ ਅਤੇ ਈ-ਮੇਲ ਇਕੱਠੇ ਕੀਤੇਅਤੇ ਫਿਰ ਉਨ੍ਹਾਂ ਨੂੰ ਇਸ਼ਤਿਹਾਰ ਕੰਪਨੀਆਂ ਨਾਲ ਸਾਂਝਾ ਕੀਤਾ।ਰੈਗੂਲੇਟਰਾਂ ਦਾ ਦਾਅਵਾ ਹੈ ਕਿ ਟਵਿੱਟਰ ਨੇ ਕੰਪਨੀਆਂ ਨਾਲ ਜਾਣਕਾਰੀ ਸ਼ੇਅਰ ਕਰਨ ਲਈ ਯੂਰਪੀਅਨ ਯੂਨੀਅਨ ਅਤੇ ਸਵਿਟਜ਼ਰਲੈਂਡ ਲਈ ਯੂ ਐਸ ਸੀਕਰੇਸੀਦੇ ਸਮਝੌਤੇ ਕੀਤੇ ਸਨ ਅਤੇ ਟਵਿੱਟਰ ਦੇ ਇਸ ਕਦਮ ਨਾਲ ਹੈਕਿੰਗ ਦੀਆਂ ਘਟਨਾਵਾਂ ਵਧ ਗਈਆਂ ਸਨ।

ਟਵਿੱਟਰ ਦੇ ਚੀਫ ਪ੍ਰਾਈਵੇਸੀ ਅਫਸਰ ਡੈਮੀਅਮ ਕੀਰਨ ਨੇ ਇਕ ਬਲਾਗ ਵਿੱਚਕਿਹਾ ਹੈ ਕਿ'ਅਸੀਂ ਯੂਜ਼ਰਜ਼ ਦੇ ਡੇਟਾ ਦੀ ਸੁਰੱਖਿਆ ਨੂੰ ਗੰਭੀਰਤਾ ਨਾਲ ਲੈਂਦੇ ਹਾਂ। ਫੈਡਰਲ ਟਰੇਡ ਕਮਿਸ਼ਨ ਨਾਲ ਹਰ ਕਦਮ ਉੱਤੇ ਸਹਿਯੋਗ ਕਰਾਂਗੇ। ਇਸ ਦੇ ਲਈ ਅਸੀਂ ਜੁਰਮਾਨਾ ਭਰਨ ਨੂੰ ਤਿਆਰ ਹਾਂ।' ਇਸ ਦੌਰਾਨਟਵਿੱਟਰ ਦੇ ਸਾਬਕਾ ਸੀਈਓ ਜੈਕ ਡੋਰਸੀ ਨੇ ਬੋਰਡ ਆਫ ਡਾਇਰੈਕਟਰਜ਼ ਤੋਂ ਅਸਤੀਫਾ ਦੇ ਦਿੱਤਾ ਹੈ।ਟੈਕ ਕਰੰਚ (Techcrunch) ਦੀ ਰਿਪੋਰਟ ਮੁਤਾਬਕ ਕੱਲ੍ਹ ਬੁੱਧਵਾਰ ਨੂੰ ਹੋਈ ਸ਼ੇਅਰ ਹੋਲਡਰਜ਼ ਦੀ ਸਾਲਾਨਾ ਬੈਠਕ ਵਿੱਚ ਇਸ ਦਾ ਐਲਾਨ ਕੀਤਾ ਗਿਆ। ਐਲੋਨ ਮਸਕ ਨੇ ਹਾਲੇਟਵਿੱਟਰ ਦੀ ਪ੍ਰਾਪਤੀ ਉੱਤੇ ਰੋਕ ਲਾ ਦਿੱਤੀ ਹੈ ਅਤੇ ਟਵਿੱਟਰ ਉੱਤੇ ਮੌਜੂਦ ਫਰਜ਼ੀ ਅਤੇ ਸਪੈਮ ਅਕਾਊਂਟਸ ਦੀ ਗਿਣਤੀ ਦੱਸਣ ਦੀ ਸ਼ਰਤ ਰੱਖੀ ਹੈ।

NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ



Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also
Sponsor Your Family
MacroGlobal Immigration Services Ltd.
Seema Bhayana



MEMBER ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

# ਡੱਗ ਫੋਰਡ ਦੇ ਪ੍ਰਭਾਵ ਦੇ ਪਰਤੱਖ ਕਾਰਣ

...ਪੰਨਾ 1 ਦਾ ਬਾਕੀ

ਡੱਗ ਫੋਰਡ ਕੋਲ ਠੋਸ ਅਤੇ ਨਿਰ-ਲੇਪ ਫੈਸਲੇ ਕਰਨ ਦੀ ਅਜਿਹੀ ਸਮਰੱਥਾ ਹੈ ਜੋ ਲਿਬਰਲ ਆਗੂ ਡੈਲ ਡੂਕਾ ਅਤੇ ਐਨ ਡੀ ਪੀ ਲੀਡਰ ਐਂਡਰੀਆ ਹਾਵਰਥ ਕੋਲ ਨਹੀਂ ਹੈ। ਦਰਸਅਲ ਡੱਗ ਫੋਰਡ ਤੋਂ ਬਾਅਦ ਐਂਡਰੀਆ ਹਾਵਰਥ ਹੀ ਇੱਕ ਵਾਹਦ ਲੀਡਰ ਹੈ ਜਿਸ ਬਾਰੇ ਬਹੁ ਗਿਣਤੀ ਉਂਟੇਰੀਓ ਵਾਸੀਆਂ ਦਾ ਮੰਨਣਾ ਹੈ ਕਿ ਉਹ ਸਿਹਤ ਸੇਵਾਵਾਂ ਵਿੱਚ ਡੱਗ ਫੋਰਡ ਅਤੇ ਡੈਲ ਡੂਕਾ ਦੇ ਮੁਕਾਬਲੇ ਬਿਹਤਰ ਸੁਧਾਰ ਲਿਆ ਸਕਦੀ ਹੈ। ਅਸਚਰਜ ਇਸ ਗੱਲ ਦਾ ਹੈ ਕਿ ਪਬਲਿਕ ਨੂੰ ਲਿਬਰਲ ਆਗੂ ਡੈਲ ਡੂਕਾ ਬਾਰੇ ਯਕੀਨ ਨਹੀਂ ਕਿ ਉਹ ਕਿਸੇ ਵੀ ਮੁੱਦੇ ਉੱਤੇ ਡੱਗ ਫੋਰਡ ਅਤੇ ਐਂਡਰੀਆ ਹਾਵਰਥ ਨਾਲੋਂ ਵਧੀਆਂ ਕਾਰਗੁਜ਼ਾਰੀ ਵਿਖਾ ਸਕਦਾ ਹੈ।

ਜੇ ਗੱਲ ਕਿਸੇ ਵਿਸ਼ੇਸ਼ ਰਾਈਡਿੰਗ ਵਿੱਚ ਚੱਲ ਰਹੇ ਰੁਝਾਨਾਂ ਦੀ ਕਰਨੀ ਹੋਵੇ ਤਾਂ ਅਜਿਹੇ ਕੋਈ ਸਰਵੇਖਣ ਨਹੀਂ ਮਿਲਦੇ ਜਿਹੜੇ ਸਥਾਨਕ ਵੋਟਰਾਂ ਦੇ ਰਾਏ ਨੂੰ ਸਹੀ ਮਾਅਨਿਆਂ ਵਿੱਚ ਪਕੜ ਸਕਦੇ ਹੋਣ। www.338canada ਅਤੇ iPolitics ਦੁਆਰਾ ਦਿੱਤੇ ਗਏ ਦੋ ਰੁਝਾਨ ਜਰੂਰ ਮਿਲਦੇ ਹਨ। www.338canada ਅਨੁਸਾਰ ਬਰੈਂਪਟਨ ਦੀਆਂ ਸਾਰੀਆਂ ਸੀਟਾਂ ਉੱਤੇ ਕੰਜ਼ਰਵੇਟਿਵਾਂ ਦੇ ਜਿੱਤਣ



ਦੀ ਉਮੀਦ ਹੈ। ਟੋਰਾਂਟੋ ਸਟਾਰ ਵੱਲੋਂ ਖਰੀਦੀ ਗਈ ਨਿਊਜ਼ ਵੈਬਸਾਈਟ iPolitics ਵੱਲੋਂ ਜੋ ਅਨੁਮਾਨ ਲਾਇਆ ਜਾਂਦਾ ਹੈ, ਉਹ ਸਥਾਨਕ ਲੋਕਾਂ ਦੀ ਵਰਤਮਾਨ ਚੋਣ ਵਿੱਚ ਰੁਚੀ ਨੂੰ ਨਾਪ ਕੇ ਨਹੀਂ ਕੀਤਾ ਜਾਂਦਾ। ਇਸਦੇ ਉਲਟ ਉਹ ਇੱਕ ਗੁੰਝਲਦਾਰ ਪ੍ਰਕਿਰਿਆ ਅਪਨਾਉਂਦੇ ਹਨ। ਇਸ ਵਿੱਚ ਬੀਤੇ ਸਾਲਾਂ ਵਿੱਚ ਸਿਆਸੀ ਪਾਰਟੀਆਂ ਨੂੰ ਮਿਲੀਆਂ ਵੋਟਾਂ ਅਤੇ ਮਿਲੀ ਜਿੱਤ ਦੇ ਮਿਸ਼ਰਣ ਨੂੰ ਮੈਥੇਮੈਟਿਕਸ ਦੇ ਕਈ ਫਾਰਮੂਲਿਆਂ ਦੇ ਸਹਾਰੇ ਅਨੁਮਾਨ ਲਾਇਆ ਜਾਂਦਾ ਹੈ। iPolitics ਵੀ ਬਰੈਂਪਨ ਵਿੱਚ ਕੰਜ਼ਰਵੇਟਿਵਾਂ ਦੀ ਜਿੱਤ ਨੂੰ ਸਹੀ ਮੰਨਦਾ ਹੈ।

ਚੋਣਾਂ ਦੇ ਆਖਰੀ ਹਫ਼ਤੇ ਵਿੱਚ ਕੰਜ਼ਰਵੇਟਿਵਾਂ, ਲਿਬਰਲ ਅਤੇ ਐਨ ਡੀ ਪੀ ਵੱਲੋਂ ਆਪੋ ਆਪਣੀ ਕੰਪੇਨ ਨੂੰ ਮਜ਼ਬੂਤੀ ਦੇਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਲੋਕਤੰਤਰ ਦੀ ਇਹੀ ਖ਼ੂਬੀ ਹੈ ਕਿ ਹਰ ਸਿਆਸੀ ਪਾਰਟੀ ਆਪਣੇ ਸਿਧਾਤਾਂ ਉੱਤੇ ਪਹਿਰਾ ਦੇਂਦੇ ਹੋਏ ਆਖਰੀ ਪਲ ਤੱਕ ਯੋਧੇ ਵਾਂਗੂ ਜੰਗ ਜਾਰੀ ਰੱਖੇ। ਇਸ ਪਰੀਪੇਖ ਤੋਂ ਕਿਹਾ ਜਾ ਸਕਦਾ ਹੈ ਕਿ ਚੋਣਾਂ ਦੇ ਨਤੀਜਿਆਂ ਦੇ ਨਾਲ ਨਾਲ ਚੋਣ ਜਿਸ ਭਾਵਨਾ ਨਾਲ ਲੜੀ ਜਾਂਦੀ ਹੈ, ਉਹ ਵੀ ਮਹੱਤਵਪੂਰਣ ਗੱਲ ਹੈ। ਇਸ ਭਾਵਨਾ ਦੇ ਪਰੀਪੇਖ ਵਿੱਚ ਅਗਲਾ ਹਫ਼ਤਾ ਚੋਣ ਮੁਕਾਬਲੇ ਨੂੰ ਹੋਰ ਵੀ ਦਿਲਚਸਪ ਬਣਾਉਣ ਵਾਲਾ ਹੋਵੇਗਾ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh<br>Komal Matharu |
| Photographer | Kanwaljit Singh Kanwal |
| Distributer | Bhupinder Dhillon |
| Marketing: | Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਲਿਬਰਲ ਚੋਣ ਨੂੰ ਮਜ਼ਬੂਤ ਕਰਨ ਲਈ ਡੈਲ ਡੂਕਾ ਦਾ ਬਰੈਂਪਟਨ ਦੌਰਾ

ਪੰਜਾਬੀ ਪੋਸਟ- ਬੀਤੇ ਦਿਨੀਂ ਉਂਟੇਰੀਓ ਲਿਬਰਲ ਪਾਰਟੀ ਦੇ ਲੀਡਰ ਡੈਲ ਡੂਕਾ ਨੇ ਬਰੈਂਪਟਨ ਵਿੱਚ ਲਿਬਰਲ ਉਮੀਦਵਾਰਾਂ ਦੇ ਹੱਕ ਵਿੱਚ ਚੋਣ ਪ੍ਰਚਾਰ ਕੀਤਾ। ਉਹਨਾਂ ਨੇ ਵਿਸ਼ੇਸ਼ ਰੂਪ ਵਿੱਚ ਚਿੰਗੂਜ਼ੀ ਰੋਡ ਉੱਤੇ ਸਥਿਤ ਰੋਆਇਲ ਟੇਸਟ ਸਵੀਟਸ ਐਂਡ ਰੈਸਟੋਰੈਂਟ ਵਿਜ਼ਟ ਕਰਕੇ 20 ਡਾਲਰ ਕੀਮਤ ਦੇ ਕੁੱਕ ਕੀਤੇ ਖਾਣੇ ਦੀਆਂ ਆਈਟਮਾਂ ਤੋਂ ਉਂਟੇਰੀਓ ਦੇ ਐਚ ਐਸ ਟੀ ਹਿੱਸੇ ਨੂੰ ਹਟਾ ਦੇਣ ਦੇ ਪਾਰਟੀ ਸੰਕਲਪ ਨੂੰ ਦੁਹਰਾਇਆ। ਡੈਲ ਡੂਕਾ ਨੇ ਕਿਹਾ ਕਿ ਆਉਣ ਵਾਲੀ ਲਿਬਰਲ ਸਰਕਾਰ ਉਂਟੇਰੀਓ ਵਿੱਚ 1 ਬਿਲੀਅਨ ਡਾਲਰ ਤੋਂ ਵੱਧ ਦਾ ਮੁਨਾਫਾ ਕਮਾਉਣ ਵਾਲੀਆਂ ਵੱਡੀਆਂ ਕਾਰਪੋਰੇਸ਼ਨਾਂ ਉੱਤੇ 1% ਸਰਚਾਰਜ ਅਤੇ 5 ਲੱਖ ਡਾਲਰ ਤੋਂ ਵੱਧ ਕਮਾਉਣ ਵਾਲੇ ਲੋਕਾਂ ਉੱਤੇ 2% ਆਮਦਨ ਟੈਕਸ ਦਾ ਵਾਧਾ ਕਰਕੇ ਆਮ ਉਂਟੇਰੀਓ ਵਾਸੀਆਂ ਨੂੰ ਰਾਹਤ ਦੇਵਾਂਗੇ।







ਡੈਲ ਡੂਕਾ ਦਾ ਬਰੈਂਪਟਨ ਪੁੱਜਣ ਉੱਤੇ ਸੁਆਗਤ ਕਰਦੇ ਹੋਏ ਬਰੈਂਪਟਨ ਵੈਸਟ ਤੋਂ ਨੌਜਵਾਨ ਉਮੀਦਵਾਰ ਰਿੰਮੀ ਝੱਜ ਨੇ ਕਿਹਾ ਕਿ ਬੀਤੇ ਦਿਨਾਂ ਵਿੱਚ ਗਰੌਸਰੀ ਅਤੇ ਖਾਣੇ ਦੀਆਂ ਕੀਮਤਾਂ ਵਿੱਚ ਜੋ ਅਥਾਹ ਵਾਧਾ ਹੋਇਆ ਹੈ, ਉਸਨੇ ਆਮ ਉਂਟੇਰੀਓ ਵਾਸੀਆਂ ਦਾ ਤਰਾਹ ਕੱਢ ਦਿੱਤਾ ਹੈ। ਰਿੰਮੀ ਝੱਜ ਨੇ ਕਿਹਾ ਕਿ ਡੈਲ ਡੂਕਾ ਦੀ ਅਗਵਾਈ ਵਿੱਚ 2 ਜੂਨ ਨੂੰ ਬਣਨ ਵਾਲੀ ਲਿਬਰਲ ਸਰਕਾਰ ਅਮੀਰਾਂ ਦੀ ਨਹੀਂ ਸਗੋਂ ਸਖ਼ਤ ਮਿਹਤਨ ਕਰਨ ਵਾਲੇ ਸਾਧਾਰਨ ਉਂਟੇਰੀਓ ਵਾਸੀਆਂ ਦੀਆਂ ਆਸ਼ਾਵਾਂ ਅਤੇ ਤੰਮਨਾਵਾਂ ਦੀ ਤਰਜਮਾਨੀ ਕਰੇਗੀ।

ਰੋਆਇਲ ਟੇਸਟ ਦੇ ਮਾਲਕ ਸੁਰਿੰਦਰ ਸਿੰਦਾ ਨੇ ਕਿਹਾ ਕਿ ਲਿਬਰਲ ਪਾਰਟੀ ਲੀਡਰ ਨੇ ਕਿਚਨ ਵਿੱਚ ਨਾਨ ਬਣਾ ਕੇ ਜਿੱਥੇ ਸਾਡੇ ਵਰਕਰਾਂ ਦਾ ਸਨਮਾਨ ਵਧਾਇਆ ਹੈ, ਉੱਥੇ ਬਰੈਂਪਟਨ ਵਾਸੀਆਂ ਨਾਲ ਆਪਣੀ ਨਿੱਜਤਾ ਪ੍ਰਗਟਾਈ ਹੈ।

## ਸੰਗਰੂਰ ਸਮੇਤ ਤਿੰਨ ਲੋਕ ਸਭਾ ਅਤੇ ਸੱਤ ਅਸੈਂਬਲੀ ਸੀਟਾਂ ਲਈ ਉੱਪ ਚੋਣਾਂ ਦਾ ਐਲਾਨ

ਨਵੀਂ ਦਿੱਲੀ, 26 ਮਈ, (ਪੋਸਟ ਬਿਊਰੋ)- ਪੰਜਾਬ ਦੀ ਸੰਗਰੂਰ ਲੋਕ ਸਭਾ ਸੀਟ ਸਮੇਤ ਭਾਰਤ ਦੀਆਂ ਤਿੰਨ ਲੋਕ ਸਭਾ ਅਤੇ ਸੱਤ ਵਿਧਾਨ ਸਭਾ ਸੀਟਾਂ ਲਈ ਉੱਪ ਚੋਣਾਂ 23 ਜੂਨ ਨੂੰ ਹੋਣਗੀਆਂ।

ਅੱਜ ਬੁੱਧਵਾਰ ਚੋਣ ਕਮਿਸ਼ਨ ਵੱਲੋਂ ਦਿੱਤੀ ਜਾਣਕਾਰੀ ਮੁਤਾਬਕ ਸੰਗਰੂਰ ਤੋਂ ਇਲਾਵਾ ਜਿਨ੍ਹਾਂ ਲੋਕ ਸਭਾ ਸੀਟਾਂਦੀ ਉੱਪ ਚੋਣ ਹੋਵੇਗੀ, ਉਨ੍ਹਾਂ ਵਿੱਚ ਉੱਤਰ ਪ੍ਰਦੇਸ਼ ਦੀਆਂ ਆਜ਼ਮਗੜ੍ਹ ਅਤੇ ਰਾਮਪੁਰ ਸੀਟਾਂ ਵੀ ਹਨ।ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂਇਹ ਅਹੁਦਾ ਸਾਂਭਣਤੋਂ ਪਹਿਲਾਂਸੰਗਰੂਰ ਲੋਕ ਸਭਾ ਸੀਟ ਤੋਂ ਅਸਤੀਫ਼ਾ ਦੇਣ ਨਾਲ ਸੰਗਰੂਰ ਸੀਟ ਖਾਲੀ ਹੋਈ ਸੀ। ਜਿਨ੍ਹਾਂ ਸੱਤ ਅਸੈਂਬਲੀਸੀਟਾਂ ਦੀਉੱਪ ਚੋਣ ਹੋਵੇਗੀ, ਉਨ੍ਹਾਂ ਵਿੱਚਦਿੱਲੀ ਦਾ ਰਾਜਿੰਦਰ ਨਗਰ, ਝਾਰਖੰਡਦਾ ਮੰਡਰ, ਆਂਧਰਾ

*** 23 ਜੂਨ ਨੂੰ ਵੋਟਾਂ ਪੈਣਗੀਆਂ, ਨਤੀਜਾ 26 ਨੂੰ**



ਪ੍ਰਦੇਸ਼ਦਾ ਆਤਮਾਕੁਰ, ਤ੍ਰਿਪੁਰਾਦਾ ਅਗਰਤਲਾ, ਟਾਊਨ ਬੋਰਡੋਵਾਲੀ, ਸੁਰਮਾ ਤੇ ਜੁਬਾਰਾਜਨਗਰ ਸ਼ਾਮਲ ਹਨ।ਇਨ੍ਹਾਂ ਸਾਰੇ ਹਲਕਿਆਂ ਵਿੱਚ 26 ਜੂਨ ਨੂੰ ਵੋਟਾਂ ਦੀ ਗਿਣਤੀ ਹੋਵੇਗੀ।

ਪੰਜਾਬ ਵਿੱਚਭਗਵੰਤ ਮਾਨ ਦੇ ਮੁੱਖ ਮੰਤਰੀ ਬਣਨ ਪਿੱਛੋਂਸੰਗਰੂਰ ਲੋਕ ਸਭਾ ਸੀਟਬਹਾਨੇ ਪਹਿਲੀ ਉੱਪ ਚੋਣ ਹੋਣੀ ਹੈ, ਜਿਸ ਲਈਅਸੈਂਬਲੀਚੋਣਾਂ ਵਾਂਗ ਪਹਿਲੀ ਵਾਰ ਚਾਰ ਵੱਡੀਆਂ ਸਿਆਸੀ ਧਿਰਾਂ ਮੈਦਾਨ ਵਿੱਚ ਹੋਣਗੀਆਂ, ਪਰ ਵੱਡੀ ਪ੍ਰੀਖਿਆ ਸੱਤਾਧਾਰੀ ਆਮ ਆਦਮੀ ਪਾਰਟੀ ਦੀਹੋਵੇਗੀ। ਪੰਜਾਬ ਵਿੱਚ ਨਵੀਂ ਰਾਜ ਸਰਕਾਰ ਬਣਨ ਤੋਂ ਤਿੰਨ ਮਹੀਨੇ 13 ਦਿਨ ਪਿੱਛੋਂ 23 ਜੂਨ ਨੂੰ ਉੱਪ ਚੋਣਾਂ ਲਈ ਵੋਟਾਂ ਪੈਣਗੀਆਂ। ਅੰਮ੍ਰਿਤਸਰ ਅਕਾਲੀ ਦਲ ਦੇ ਉਮੀਦਵਾਰ ਸਿਮਰਨਜੀਤ ਸਿੰਘ ਮਾਨ ਵੱਲੋਂ ਚੋਣ ਲੜਨ ਦੇ ਐਲਾਨ ਤੋਂ ਸਿਵਾ ਅਜੇ ਤੱਕ ਕਿਸੇ ਧਿਰ ਨੇ ਉਮੀਦਵਾਰ ਦਾ ਐਲਾਨ ਨਹੀਂ ਕੀਤਾ।ਮੁੱਖ ਮੰਤਰੀ ਭਗਵੰਤ ਮਾਨ 2014 ਅਤੇ 2019 ਵਿੱਚ ਲਗਾਤਾਰ ਦੋ ਵਾਰ ਸੰਗਰੂਰਤੋਂ ਲੋਕ ਸਭਾ ਚੋਣ ਜਿੱਤੇ ਸਨ।

## ਕੈਪਟਨ ਅਮਰਿੰਦਰ ਨੇ ਕਿਹਾ: ਮੈਂ ਭ੍ਰਿਸ਼ਟ ਨੇਤਾਵਾਂ ਦੇ ਨਾਂਅ ਭਗਵੰਤ ਮਾਨ ਨੂੰ ਦੱਸਣ ਨੂੰ ਤਿਆਰ ਹਾਂ

ਚੰਡੀਗੜ੍ਹ, 26 ਮਈ, (ਪੋਸਟ ਬਿਊਰੋ)-ਪੰਜਾਬ ਦੇ ਸਾਬਕਾ ਮੁੱਖ ਮੰਤਰੀ ਤੇ ਪੰਜਾਬ ਲੋਕ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਸਾਬਕਾ ਉੱਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਵੱਲੋਂਮੁੱਖ ਮੰਤਰੀ ਭਗਵੰਤ ਮਾਨ ਨੂੰ ਉਨ੍ਹਾਂ (ਕੈਪਟਨ ਅਮਰਿੰਦਰ ਸਿੰਘ) ਕੋਲੋਂ ਪਿਛਲੀ ਕਾਂਗਰਸ ਸਰਕਾਰ ਦੇ ਭ੍ਰਿਸ਼ਟ ਮੰਤਰੀਆਂ ਤੇ ਵਿਧਾਇਕਾਂ,ਖਾਸਕਰ ਜਿਹੜੇ ਰੇਤ ਦੀ ਗੈਰ ਕਾਨੂੰਨੀ ਖੁਦਾਈ ਵਿੱਚ ਸ਼ਾਮਲ ਸਨ, ਦੇ ਨਾਂ ਪੁੱਛਣ ਦੇ ਸੁਝਾਅ ਦਾ ਸਵਾਗਤ ਕੀਤਾ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉਹ ਖੁਦ ਸੁਖਜਿੰਦਰ ਸਿੰਘ ਰੰਧਾਵਾ ਤੇ ਉਨ੍ਹਾਂ ਦੇ ਕੁਝ ਸਾਥੀਆਂ ਸਮੇਤ ਇਨ੍ਹਾਂ ਗਲਤ ਕੰਮਾਂ ਵਿੱਚ ਸ਼ਾਮਲ ਸਾਰੇ ਲੋਕਾਂ ਦੇ ਨਾਵਾਂ ਦਾ ਖੁਲਾਸਾ ਕਰਨ ਤੇ ਵੇਰਵੇ ਦੇਣ ਨੂੰ ਤਿਆਰ ਹਨ। ਉਨ੍ਹਾ ਕਿਹਾ ਕਿ ਉਹ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਆਪਣੇਮੰਤਰੀ ਦੇ ਖਿਲਾਫ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿੱਚ ਕਾਰਵਾਈ ਦਾ ਸਵਾਗਤ ਕਰਦੇ ਹਨ, ਭਾਵੇਂ ਮੰਤਰੀ ਕੋਰਟਵਿੱਚ ਆਪਣਾ ਬਚਾਅ ਕਰ ਸਕਦਾ ਹੈ, ਪਰ ਭਗਵੰਤ ਮਾਨ ਨੇ ਸ਼ਿਕਾਇਤ ਤੋਂ ਬਾਅਦ ਜੋ ਕੀਤਾ, ਉਹ ਇੱਕ ਮਜ਼ਬੂਤ ਅਤੇ ਦ੍ਰਿੜ੍ਹ ਸੰਦੇਸ਼ ਦੇਣ ਲਈ ਸਹੀ ਕੰਮ ਸੀ।

ਇਸ ਮੌਕੇ ਕੈਪਟਨ ਅਮਰਿੰਦਰ ਸਿੰਘ ਨੇ ਆਖਿਆ ਕਿ ਉਹ ਸੁਖਜਿੰਦਰ ਸਿੰਘ ਰੰਧਾਵਾ ਦਾ ਚੈਲਿੰਜ ਕਬੂਲ ਕਰਦੇ ਅਤੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਪਿਛਲੀ ਕਾਂਗਰਸ ਸਰਕਾਰ ਦੇ ਭ੍ਰਿਸ਼ਟ ਮੰਤਰੀਆਂ ਦੇ ਨਾਂਅ ਦੱਸਣ ਨੂੰ ਤਿਆਰ ਹਨ ਅਤੇ ਉਨ੍ਹਾਂ ਵਿੱਚ ਉਹ ਸਾਰੇ ਲੋਕ ਹੋਣਗੇ, ਜਿਹੜੇ ਰੇਤ ਦੀ ਮਾਈਨਿੰਗ ਸਮੇਤ ਕਈ ਧੰਦਿਆਂ ਨਾਲ ਜੁੜੇ ਹੋਏ ਹਨ। ਇਸ ਤੋਂ ਪਹਿਲਾਂ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਸੀ ਕਿ ਭਗਵੰਤ ਮਾਨ ਨੇ ਕਾਰਵਾਈ ਸ਼ੁਰੂ ਹੀ ਕੀਤੀ ਹੈ ਤਾਂ ਉਹ ਕੈਪਟਨ ਅਮਰਿੰਦਰ ਸਿੰਘ ਤੋਂ ਪਿਛਲੀਆਂ ਸਰਕਾਰਾਂ ਦੇ ਭ੍ਰਿਸ਼ਟ ਮੰਤਰੀਆਂ ਦੀ ਸੂਚੀ ਵੀ ਲੈ ਲੈਣ, ਜਿਸ ਬਾਰੇ ਕੈਪਟਨ ਅਮਰਿੰਦਰ ਸਿੰਘ ਵਾਰ-ਵਾਰ ਜ਼ਿਕਰ ਕਰਦੇ ਰਹਿੰਦੇ ਹਨ।

## ਬਾਇਡਨ ਦੀ ਹਾਜ਼ਰੀ ਵਿੱਚ ਮੋਦੀ ਨੇ ਕਿਹਾ: ਇੰਡੋ-ਪੈਸਿਫਿਕ ਖੇਤਰ ਨੂੰ ਮੁਕਤ ਅਤੇ ਖੁੱਲ੍ਹਾ ਰੱਖਣ ਲਈ ਭਾਰਤ ਵਚਨਬੱਧ

ਟੋਕੀਓ, 26 ਮਈ, (ਪੋਸਟ ਬਿਊਰੋ)- ਬੀਤੇ ਦਿਨੀਂ ਜਾਪਾਨ ਦੀ ਧਰਤੀ ਤੋਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਚੀਨ ਨੂੰ ਸਾਫ਼ ਅਤੇ ਸਖ਼ਤ ਸੰਦੇਸ਼ ਦਿੱਤਾ ਤੇ ਅਮਰੀਕੀ ਰਾਸ਼ਟਰਪਤੀ ਜੋ ਬਾਇਡਨ ਦੀ ਹਾਜ਼ਰੀ ਵਿੱਚ ਕਿਹਾ ਕਿ ਭਾਰਤ ਇੰਡੋ-ਪੈਸਿਫਿਕ ਮਹਾਸਾਗਰ ਖੇਤਰ ਨੂੰ ਮੁਕਤ ਤੇ ਖੁੱਲ੍ਹਾ ਰੱਖਣ ਲਈ ਵਚਨਬੱਧ ਹੈ ਤੇ ਸਹਿਯੋਗੀ ਦੇਸ਼ਾਂ ਨਾਲ ਆਰਥਿਕ ਸਬੰਧ ਮਜ਼ਬੂਤ ਕਰ ਕੇ ਸਮੂਹਿਕ ਵਿਕਾਸ, ਸ਼ਾਂਤੀ ਤੇ ਖ਼ੁਸ਼ਹਾਲੀ ਦਾ ਮਾਹੌਲ ਰੱਖਣ ਦਾ ਹਾਮੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਸੋਮਵਾਰ ਨੂੰ ਇੰਡੋ-ਪੈਸਿਫਿਕ ਇਕਨ-ਾਮਿਕ ਫ੍ਰੇਮਵਰਕ ਫਾਰ ਪ੍ਰੋਸਪੈਰਿਟੀ (ਆਈਪੀਈਐੱਫ) ਮੁਹਿੰਮ ਸ਼ੁਰੂ ਕਰਨ



ਮੌਕੇਇਹ ਗੱਲ ਕਹੀ। ਇਹ ਮੁਹਿੰਮ ਅਮਰੀਕੀ ਰਾਸ਼ਟਰਪਤੀ ਜੋ ਬਾਇਡਨ ਨੇ ਚਲਾਈ ਹੈ, ਜਿਸ ਵਿਚ ਭਾਰਤ ਤੇ ਅਮਰੀਕਾ ਸਮੇਤ ਕੁਲ 12 ਦੇਸ਼ ਹਨ। ਆਰਥਿਕ ਤਾਣੇ-ਬਾਣੇ ਨਾਲ ਚੀਨ ਨੂੰ ਨੇੜੇ ਜਾ ਕੇ ਘੇਰਨ ਦੀ ਤਿਆਰੀ ਵਿੱਚ ਅਮਰੀਕਾ ਨੇ ਮਿਲਦੀਸੋਚ ਵਾਲੇ ਦੇਸ਼ਾਂ ਨਾਲ ਮਿਲ ਕੇ ਸਵੱਛ ਊਰਜਾ ਤੇ ਸਪਲਾਈ ਚੇਨ ਨੂੰ ਮਜ਼ਬੂਤ ਕਰਨ ਤੇ ਡਿਜੀਟਲ ਟ੍ਰੇਡ ਅੱਗੇ ਵਧਾਉਣ ਦੀ ਮੁਹਿੰਮ ਛੇੜੀ ਹੈ। ਇੰਡੋ-ਪੈਸਿਫਿਕ ਇਕੋਨ-ਾਮਿਕ ਫ੍ਰੇਮਵਰਕ ਫਾਰ ਪ੍ਰੋਸਪੇਰਿਟੀ ਨਾਂ ਦੀ ਮੁਹਿੰਮ ਚੀਨ ਦੀ ਨੀਤੀ ਦਾ ਜਵਾਬ ਹੈ, ਜਿਸ ਵਿਚ ਭਾਰਤ, ਆਸਟਰੇਲੀਆ, ਇੰਡੋਨੇਸ਼ੀਆ, ਦੱਖਣੀ ਕੋਰੀਆ, ਮਲੇਸ਼ੀਆ, ਨਿਊਜ਼ੀਲੈਂਡ, ਫਿਲਪੀਨ, ਸਿੰਗਾਪੁਰ, ਥਾਈਲੈਂਡ ਅਤੇ ਵੀਅਤਨਾਮ ਸ਼ਾਮਲ ਹਨ। ਅੱਜ ਦੇ ਸਮਾਗਮ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਆਈਪੀਈਐੱਫ ਨਾਲਇੰਡੋ-ਪੈਸਿਫਿਕ ਖੇਤਰ ਵਿਸ਼ਵ ਪੱਧਰ ਦੀ ਆਰਥਿਕ ਤਰੱਕੀ ਦੀ ਅਗਵਾਈ ਕਰੇਗਾ। ਸਹੀ ਅਰਥਾਂ ਵਿੱਚ ਇਸ ਵਿਚਲੇ 12 ਦੇਸ਼ ਦੁਨੀਆ ਦੇ ਵਿਕਾਸ ਦਾ ਇੰਜਣ ਬਣਨਗੇ, ਜਿਸ ਲਈ ਮਿਲ ਕੇ ਇੰਡੋ-ਪੈਸਿਫਿਕ ਖੇਤਰ ਦੀਆਂ ਚੁਣੌਤੀਆਂ ਦਾ ਸਾਹ-ਮਣਾ ਕਰਨਾ ਹੋਵੇਗਾ ਅਤੇ ਪਾਰਦਰਸ਼ੀ ਅਤੇ ਨਿਯਮਬੱਧ ਕਾਰਜਸ਼ੈਲੀ ਨਾਲ ਉਨ੍ਹਾਂ ਚੁਣੌਤੀਆਂ ਨੂੰ ਖ਼ਤਮ ਕਰਨਾ ਹੋਵੇਗਾ।

## ਬਰੈਂਪਟਨ ਵੂਮੈਨ ਕਲੱਬ ਦੀ ਮੀਟਿੰਗ ਹੋਈ

11 ਮਈ ਦਿਨ ਬੁੱਧਵਾਰ ਸ਼ੌਕਰ ਸੈਂਟਰ ਵਿਖੇ ਬਰੈਂਪਟਨ ਵੂਮੈਨ ਕਲੱਬ ਦੀ ਜਨਰਲ ਬਾਡੀ ਮੀਟਿੰਗ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਕੋਵਿਡ ਕਾਰਣ ਲੰਮੇ ਸਮੇਂ ਤੋਂ ਮੇਲ ਜੋਲ ਤੋਂ ਵਾਂਝੇ ਰਹਿਣ ਉਪਰੰਤ ਸਾਰੀਆਂ ਮੈਂਬਰ ਬੀਬੀਆਂ ਬੜੇ ਚਾਅ ਨਾਲ ਮਿਲੀਆਂ ਅਤੇ ਇੱਕ ਦੂਸਰੇ ਦਾ ਹਾਲ ਚਾਲ ਜਾਣਿਆ ਗਿਆ। ਇਸ ਤੋਂ ਬਾਅਦ ਕਲੱਬ ਦੇ ਔਹਦੇਦਾਰਾਂ ਦੀ ਚੋਣ ਕੀਤੀ ਗਈ ਜਿਸ ਵਿਚ ਕੁਲਦੀਪ ਕੌਰ ਗਰੇਵਾਲ ਨੂੰ ਮੁੜ ਕਲੱਬ ਪ੍ਰਧਾਨ ਚੁਣਿਆ ਗਿਆ। ਸ਼ਿੰਦਰਪਾਲ ਬਰਾੜ ਨੂੰ ਮੀਤ ਪ੍ਰਧਾਨ, ਸੁਰਿੰਦਰ ਜੀਤ ਕੌਰ ਛੀਨਾ ਸੈਕਟਰੀ ਅਤੇ ਕੰਵਲ ਜੀਤ ਕੌਰ ਤਾਤਲਾ ਨੂੰ ਖਜਾਨਚੀ ਥਾਪਿਆ ਗਿਆ। ਕਲੱਬ ਪ੍ਰਧਾਨ ਕੁਲਦੀਪ ਕੌਰ ਗਰੇਵਾਲ ਨੇ ਸਭ ਦਾ ਸਵਾਗਤ ਕਰਦਿਆਂ ਜੀ ਆਇਆਂ ਕਿਹਾ ਅਤੇ ਕਲੱਬ ਦੇ ਹੋਣ ਵਾਲੇ ਪ੍ਰੋਗ੍ਰਾਮਾਂ, ਟੂਰਾਂ ਆਦਿ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਤੋਂ ਬਾਅਦ ਮਦਰ ਡੇਅ ਮਨਾਉਣ ਲਈ ਕੇਕ ਕੱਟਿਆ ਗਿਆ। ਮਦਰ ਡੇਅ ਨੂੰ ਸਮਰਪਤ ਗੀਤ, ਕਵਿਤਾਵਾਂ ਆਦਿ ਨਾਲ ਮਾਂ ਦੀ ਮਹੱਤਾ ਅਤੇ ਉਸ ਦੀ ਅਨੋਖੀ ਘਾਲਣਾ ਦਾ ਜਿਕਰ ਕੀਤਾ ਗਿਆ। ਚਾਹ ਪਾਣੀ ਦਾ ਲੰਗਰ ਵਰਤਾਉਂਦਿਆਂ ਲੰਮੇ ਸਮੇਂ ਦੇ ਵਿਛੋੜੇ ਉਪਰੰਤ ਨਾਲ ਮਿਲ ਬੈਠਣ ਦਾ ਪੂਰਾ ਅਨੰਦ ਮਾਣਿਆ ਗਿਆ। ਕਲੱਬ ਪ੍ਰਧਾਨ ਕੁਲਦੀਪ ਕੌਰ ਨੇ ਸਭ ਦੇ ਸਹਿਯੋਗ ਲਈ ਧੰਨਵਾਦ ਕਰਦਿਆਂ ਸਭਾ ਦਾ ਸਮਾਪਨ ਕੀਤਾ।

## ਬਲਬੀਰ ਸਿੰਘ ਦਾ ਚਿੱਤਰ ਅਜੇ ਅਜਾਇਬ ਘਰ 'ਚ ਨਹੀਂ ਲੱਗਾ

-ਪ੍ਰਿੰ. ਸਰਵਣ ਸਿੰਘ-

ਆਇਕੌਨਿਕ ਓਲੰਪੀਅਨਬਲਬੀਰ ਸਿੰਘ ਦੇ ਅਕਾਲ ਚਲਾਣੇ 'ਤੇ ਸ਼੍ਰੋਮਣੀ ਕਮੇਟੀ ਨੇ ਮਤਾ ਕੀਤਾ ਕਿ ਵਿਸ਼ਵ ਦੇ ਸਰਬੋਤਮ ਹਾਕੀ ਖਿਡਾਰੀ ਦਾ ਚਿੱਤਰ ਕੇਂਦਰੀ ਸਿੱਖ ਅਜਾਇਬ ਘਰ ਵਿਚ ਸਸ਼ੋਭਤ ਕੀਤਾ ਜਾਵੇਗਾ ਜਿਸ ਤੋਂ ਬੱਚੇ ਤੇ ਨੌਜੁਆਨ ਪ੍ਰੇਰਨਾ ਲੈਣਗੇ।ਅਖ਼ਬਾਰਾਂ ਵਿਚ ਇਸ ਦਾ ਐਲਾਨ ਵੀ ਹੋ ਗਿਆ ਸੀ। ਪਰ ਪੂਰਨ ਗੁਰਸਿੱਖ ਖਿਡਾਰੀ ਦਾ ਚਿੱਤਰਅਜੇ ਤਕ ਨਹੀਂ ਲੱਗਾ। ਉਹਦੀ ਤਸਵੀਰ ਕੈਨੇਡਾ ਦੇ ਸਭ ਤੋਂ ਵੱਡੇ ਡਿਕਸੀ ਗੁਰੂ ਘਰ ਵਿਚ ਜ਼ਰੂਰ ਲੱਗੀ ਹੋਈ ਹੈ। ਬਲਬੀਰ ਸਿੰਘ ਨੂੰ ਓਲੰਪਿਕ ਖੇਡਾਂ 'ਚੋਂ ਤਿੰਨ ਗੋਲਡ ਮੈਡਲ ਜਿੱਤਣ ਕਰਕੇ 'ਗੋਲਡਨ ਹੈਟ ਟ੍ਰਿਕ' ਵਾਲਾ ਬਲਬੀਰ ਕਿਹਾ ਜਾਂਦਾ ਸੀ। ਹੈਲਸਿੰਕੀ-1952 ਦੀਆਂ ਓਲੰਪਿਕ ਖੇਡਾਂ ਵਿਚ ਸੈਮੀ ਫਾਈਨਲ ਤੇ ਫਾਈਨਲ ਮੈਚਾਂ 'ਚ ਭਾਰਤੀ ਟੀਮ ਦੇ 9 ਗੋਲਾਂ 'ਚੋਂ 8 ਗੋਲ ਉਹਦੀ ਸਟਿੱਕ ਨਾਲ ਹੋਏ ਸਨ। ਉਥੇ ਨੀਦਰਲੈਂਡ ਵਿਰੁੱਧ ਫਾਈਨਲ ਮੈਚ ਵਿਚ ਉਸ ਨੇ 5 ਗੋਲ ਕੀਤੇ ਸਨ ਜੋ ਓਲੰਪਿਕ ਖੇਡਾਂ ਦਾ ਸੱਤਰ ਸਾਲ ਪੁਰਾਣਾ ਰਿਕਾਰਡ ਹੈ। ਓਲੰਪਿਕ ਖੇਡਾਂ ਦੇ ਗੋਲਡਨ ਹੈਟ ਟ੍ਰਿਕ ਤੋਂ ਬਿਨਾਂ ਉਸ ਨੇ ਭਾਰਤੀ ਟੀਮਾਂ ਦਾ ਕੋਚ/ਮੈਨੇਜਰ ਬਣ ਕੇ ਭਾਰਤ ਨੂੰ ਵਿਸ਼ਵ ਹਾਕੀ ਕੱਪ ਜਿਤਾਇਆ, ਜੋ ਹੁਣ ਤੱਕ ਭਾਰਤ ਇਕੋ ਵਾਰ ਜਿੱਤਿਆ ਅਤੇ ਛੇ ਹੋਰ ਮੈਡਲ ਭਾਰਤੀ ਟੀਮਾਂ ਨੂੰ ਜਿਤਾਏ। ਹਾਕੀ ਦੀ ਕੋਚਿੰਗ ਬਾਰੇ 'ਦੀ ਗੋਲਡਨ ਯਾਰਡ ਸਟਿੱਕ' ਪੁਸਤਕ ਲਿਖੀ। 1962 ਵਿਚ ਭਾਰਤ-ਚੀਨ ਜੰਗ ਵੇਲੇ ਆਪਣੇ ਤਿੰਨੇ ਓਲੰਪਿਕ ਗੋਲਡ ਮੈਡਲ ਪ੍ਰਧਾਨ ਮੰਤਰੀ ਰਿਲੀਫ਼ ਫੰਡ ਲਈ ਦਾਨ ਕੀਤੇ। ਫਿਰ ਆਪਣੀਆਂ ਸਾਰੀਆਂ ਖੇਡ ਨਿਸ਼ਾਨੀਆਂ ਸਪੋਰਟਸ ਅਥਾਰਟੀ ਆਫ਼ ਇੰਡੀਆ ਦੇ ਸਪੁਰਦ ਕਰ ਦਿੱਤੀਆਂ ਜੋ ਸਾਈ ਨੇ ਪਤਾ ਨਹੀਂ ਕਿਥੇ 'ਗੁਆ' ਛੱਡੀਆਂ।

1957 ਵਿਚ ਭਾਰਤੀ ਖਿਡਾਰੀਆਂ ਵਿਚੋਂ ਸਭ ਤੋਂ ਪਹਿਲਾਂ ਬਲਬੀਰ ਸਿੰਘ ਨੂੰ ਪਦਮ ਸ਼੍ਰੀ ਦੀ ਉਪਾਧੀ ਦਿੱਤੀ ਗਈ ਸੀ। ਕੈਸੀ ਵਿਡੰਬਣਾ ਹੈ ਕਿ ਉਹਤੋਂ ਮਗਰੋਂ ਜੰਮੇ ਤੇ ਉਸ ਤੋਂ ਘੱਟ ਖੇਡ ਪ੍ਰਾਪਤੀਆਂ ਕਰਨ ਵਾਲੇ ਕੁਝ ਖਿਡਾਰੀਆਂ ਨੂੰ ਤਾਂ ਪਦਮ ਭੂਸ਼ਨ ਤੇ ਭਾਰਤ ਰਤਨ ਤਕ ਦੇ ਪੁਰਸਕਾਰਾਂ ਨਾਲ ਨਿਵਾਜਿਆ ਗਿਆ ਪਰ ਬਲਬੀਰ ਸਿੰਘ ਨੂੰ ਪਦਮ ਸ਼੍ਰੀ ਤਕ ਹੀ ਸੀਮਤ ਰੱਖਿਆ ਗਿਆ। ਲੰਡਨ ਓਲੰਪਿਕ-2012 ਮੌਕੇ ਓਲੰਪਿਕ ਖੇਡਾਂ ਦੇ ਸਫ਼ਰ 'ਚੋਂ ਜਿਹੜੇ 16 'ਆਇਕੌਨਿਕ ਓਲੰਪੀਅਨ' ਚੁਣੇ ਗਏ ਬਲਬੀਰ ਸਿੰਘ ਉਨ੍ਹਾਂ ਵਿਚੋਂ ਇਕ ਸੀ। ਭਾਰਤ ਦਾ ਤੇ ਹਾਕੀ ਜਗਤ ਦਾ ਸਿਰਫ਼ ਉਹੀ ਇਕੋ-ਇਕ ਖਿਡਾਰੀ ਸੀ ਜਿਸ ਨੂੰ ਇਹ ਮਾਣ ਮਿਲਿਆ। ਬਲਬੀਰ ਸਿੰਘ ਦਾ ਜਨਮ ਉਸ ਦੇ ਨਾਨਕੇ ਪਿੰਡ ਹਰੀਪੁਰ ਖਾਲਸਾ ਵਿਚ ਹੋਇਆ ਸੀ। ਉਸ ਦਾ ਦਾਦਕਾ ਪਿੰਡ ਪਵਾਦੜਾ ਹੈ। ਦੋਵੇਂ ਪਿੰਡ ਤਹਿਸੀਲ ਫਿਲੌਰ ਵਿਚ ਹਨ। ਉਸ ਦੇ ਤਿੰਨੇ ਪੁੱਤਰ ਹੁਣ ਕੈਨੇਡੀਅਨ ਬਣ ਚੁੱਕੇ ਹਨ। ਉਹਦੇ ਜੁਆਈ ਵਿੰਗ ਕਮਾਂਡਰ ਮਲਵਿੰਦਰ ਸਿੰਘ ਭੋਮੀਆ ਦੀ 2012 ਮ੍ਰਿਤੂ ਹੋ ਗਈ ਸੀ। ਧੀ ਸੁਸ਼ਬੀਰ ਕੌਰ ਤੇ ਦੋਹਤਾ ਕਬੀਰ ਸਿੰਘ ਭੋਮੀਆ ਚੰਡੀਗੜ੍ਹ ਰਹਿੰਦੇ ਹਨ। ਜੀਵਨ ਦੇ ਆਖ਼ਰੀ ਪਲ ਤਕ ਬਲਬੀਰ ਸਿੰਘ ਕਿਹਾ ਕਰਦਾ ਸੀ, "ਹਾਕੀ ਮੇਰਾ ਇਸ਼ਕ ਹੈ। ਮੇਰੇ 'ਤੇ ਵਾਹਿਗੁਰੂ ਦੀ



ਕਿਰਪਾ ਹੈ ਜਿਸ ਨੇ ਮੈਨੂੰ ਮਿਹਨਤ ਕਰਨੀ ਤੇ ਵੱਡਿਆਂ ਦੀ ਇਜ਼ਤ ਕਰਨੀ ਸਿਖਾਈ। ਮੈਨੂੰ ਅਨੁਸਾਸ਼ਨ ਸਿਖਾਇਆ, ਹਾਰ ਸਹਿਣੀ ਤੇ ਜਿੱਤ ਪਚਾਉਣੀ ਸਿਖਾਈ। ਮੈਂ ਜੋ ਕੁਝ ਹਾਂ ਆਪਣੇ ਮਾਪਿਆਂ, ਅਧਿਆਪਕਾਂ, ਕੋਚ ਸਾਹਿਬਾਨ, ਟੀਮ ਸਾਥੀਆਂ, ਦੋਸਤਾਂ ਮਿੱਤਰਾਂ ਤੇ ਪਰਿਵਾਰ ਦੇ ਸਹਿਯੋਗ ਸਦਕਾ ਹਾਂ। ਮੇਰੀਆਂ ਵੱਡੀਆਂ ਜਿੱਤਾਂ ਸੁਸ਼ੀਲ ਨਾਲ ਵਿਆਹ ਕਰਾਉਣ ਤੋਂ ਬਾਅਦ ਦੀਆਂ ਹਨ। ਮੈਂ ਅਕਸਰ ਆਖਦਾਂ ਮੇਰੀ ਇਕ ਪਤਨੀ ਸੁਸ਼ੀਲ ਸੀ ਤੇ ਦੂਜੀ ਹਾਕੀ। ਪਰ ਸੁਸ਼ੀਲ ਨੇ ਹਾਕੀ ਨੂੰ ਸੌਂਕਣ ਸਮਝਣ ਦੀ ਥਾਂ ਭੈਣ ਸਮਝਿਆ।"

ਬਲਬੀਰ ਸਿੰਘ ਨੇ ਪਹਿਲਾ ਸਾਹ 31 ਦਸੰਬਰ 1923 ਨੂੰ ਹਰੀਪੁਰ ਖ਼ਾਲਸਾ ਦੀ ਹਵਾ ਵਿਚ ਲਿਆ ਸੀ ਤੇ ਆਖ਼ਰੀ ਸਾਹ 25 ਮਈ 2020 ਨੂੰ ਮੁਹਾਲੀ ਦੇ ਫੋਰਟਿਸ ਹਸਪਤਾਲ ਵਿਚ ਲਿਆ। 25 ਮਈ ਦੀ ਸ਼ਾਮ ਨੂੰ ਉਹਦੀ ਦੇਹ ਦਾ ਰਾਜਕੀ ਸਨਮਾਨ ਸਹਿਤ ਚੰਡੀਗੜ੍ਹ ਵਿਚ ਸਸਕਾਰ ਕਰ ਦਿੱਤਾ ਗਿਆ ਸੀ। ਉਹਦੀ ਇੱਛਾ ਅਨੁਸਾਰ ਉਹਦੇ ਅੰਗ ਸੰਗ ਰਹਿੰਦੀ ਉਹਦੀ ਹਾਕੀ ਵੀ ਚਿਤਾ ਵਿਚ ਸਸਕਾਰੀ ਗਈ ਸੀ। ਉਸ ਮੌਕੇ ਪੰਜਾਬ ਦੇ ਖੇਡ ਮੰਤਰੀ ਨੇ, ਮੁੱਖ ਮੰਤਰੀ, ਪੰਜਾਬ ਸਰਕਾਰ ਵੱਲੋਂ ਐਲਾਨ ਕੀਤਾ ਸੀ ਕਿ ਮੁਹਾਲੀ ਦੇ ਹਾਕੀ ਸਟੇਡੀਅਮ ਦਾ ਨਾਂ ਬਲਬੀਰ ਸਿੰਘ ਹਾਕੀ ਸਟੇਡੀਅਮ ਰੱਖਿਆ ਜਾਵੇਗਾ। ਇਹ ਵੀ ਕਿਹਾ ਸੀ, ਪੰਜਾਬ ਸਰਕਾਰ ਭਾਰਤ ਸਰਕਾਰ ਨੂੰ ਪੁਰਜ਼ੋਰ ਸਿਫਾਰਸ਼ ਕਰੇਗੀ ਕਿ ਵਿਸ਼ਵ ਦੇ ਸਿਰਮੌਰ ਹਾਕੀ ਖਿਡਾਰੀ ਆਇਕੌਨਿਕ ਓਲੰਪੀਅਨ ਬਲਬੀਰ ਸਿੰਘ ਨੂੰ ਭਾਰਤ ਰਤਨ ਪੁਰਸਕਾਰ ਨਾਲ ਨਿਵਾਜੇ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਐਲਾਨ ਕੀਤਾ ਸੀ ਕਿ ਗੁਰਸਿੱਖ ਖਿਡਾਰੀ ਬਲਬੀਰ ਸਿੰਘ ਦਾ ਚਿੱਤਰ ਕੇਂਦਰੀ ਸਿੱਖ ਅਜਾਇਬ ਘਰ ਵਿਚ ਸਸ਼ੋਭਿਤ ਕੀਤਾ ਜਾਵੇਗਾ। ਤਸੱਲੀ ਦੀ ਗੱਲ ਹੈ ਕਿ ਬਲਬੀਰ ਸਿੰਘ ਦੀ ਪਹਿਲੀ ਬਰਸੀ 'ਤੇ ਬਲਬੀਰ ਸਿੰਘ ਸੀਨੀਅਰ ਹਾਕੀ ਸਟੇਡੀਅਮ ਦਾ ਉਦਘਾਟਨ ਕਰ ਦਿੱਤਾ ਗਿਆ। ਪਰ ਗੁਰਸਿੱਖ ਖਿਡਾਰੀ ਦਾ ਚਿੱਤਰ ਅਜੇ ਅਜਾਇਬ ਘਰ ਵਿਚ ਸਸ਼ੋਭਿਤ ਨਹੀਂ ਹੋਇਆ ਤੇ ਨਾ ਹੀ ਭਾਰਤ ਰਤਨ ਦੀ ਗੱਲ ਅੱਗੇ ਤੁਰੀ ਹੈ।

'ਗੋਲਡਨ ਹੈਟ ਟ੍ਰਿਕ' ਐਜ਼ ਟੋਲਡ ਟੂ ਸੈਮੂਅਲ ਬੈਨਰਜੀ, ਬਲਬੀਰ ਸਿੰਘ ਦੀ ਅੰਗਰੇਜ਼ੀ ਵਿਚ ਲਿਖੀ ਆਟੋਗਰਾਫੀ ਹੈ ਜੋ 1977 ਵਿਚ ਛਪੀ ਸੀ। 'ਗੋਲਡਨ ਗੋਲ' ਮੇਰੇ ਵੱਲੋਂ ਪੰਜਾਬੀ ਵਿਚ ਲਿਖੀ ਉਹਦੀ ਜੀਵਨੀ ਹੈ ਜੋ 2015 ਵਿਚ ਪ੍ਰਕਾਸ਼ਿਤ ਹੋਈ। ਉਹ ਜੀਵਨੀ ਮੈਂ ਬਲਬੀਰ ਸਿੰਘ ਦੇ ਇਸ ਕਥਨ ਨਾਲ ਸਮਾਪਤ ਕੀਤੀ ਸੀ, "ਜਿਵੇਂ ਮੈਚ ਬਰਾਬਰ ਰਹਿ ਜਾਣ ਪਿੱਛੋਂ ਐਕਸਟਰਾ ਟਾਈਮ ਦਿੱਤਾ ਜਾਂਦੈ, ਐਕਸਰਾ ਟਾਈਮ ਵਿਚ ਵੀ ਮੈਚ ਬਰਾਬਰ ਰਹੇ ਤਾਂ ਗੋਲਡਨ ਗੋਲ ਦਾ ਸਮਾਂ ਹੁੰਦੈ, ਉਵੇਂ ਮੈਂ ਵੀ ਹੁਣ ਗੋਲਡਨ ਗੋਲ ਦੀ ਉਡੀਕ ਵਿਚ ਹਾਂ। ਖੇਡ ਹੁਣ ਉਪਰਲੇ ਨਾਲ ਹੈ। ਜਦੋਂ 'ਗੋਲਡਨ ਗੋਲ' ਹੋ ਗਿਆ ਤਾਂ ਖੇਡ ਖ਼ਤਮ ਹੋ ਜਾਵੇਗੀ।"

ਪੁਸਤਕ ਦੀਆਂ ਅੰਤਲੀਆਂ ਸਤਰਾਂ ਸਨ: ਕੀ ਸਰਕਾਰਾਂ ਬਲਬੀਰ ਸਿੰਘ ਦੇ 'ਗੋਲਡਨ ਗੋਲ' ਦੀ ਉਡੀਕ ਵਿਚ ਹਨ? ਭਾਰਤੀ ਖਿਡਾਰੀਆਂ 'ਚੋਂ ਸਚਿਨ ਤੇਂਦੁਲਕਰ ਨੂੰ ਜੀਂਦੇ ਜੀਅ ਭਾਰਤ ਰਤਨ ਦੇ ਦਿੱਤਾ ਗਿਆ। ਵੇਖਦੇ ਹਾਂ ਬਲਬੀਰ ਸਿੰਘ ਨੂੰ ਭਾਰਤ ਰਤਨ ਜਿਊਂਦੇ ਜੀਅ ਮਿਲਦਾ ਹੈ ਜਾਂ ਜੀਵਨ ਉਪਰੰਤ?

principalsarwansingh@gmail.com

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN
GLASS AND WINDOW

# ਪ੍ਰਬੰਧਕੀ ਸੇਵਾ ਵਿੱਚ ਔਰਤਾਂ ਦੀ ਮੌਜੂਦਗੀ



ਦੇਸ਼ ਦੇ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਸਿਰਫ਼ ਦੋ ਔਰਤਾਂ ਮੁੱਖ ਸਕੱਤਰ ਸਨ। ਅੱਜ ਤੱਕ ਦੇਸ਼ ਦੇ ਸਭ ਤੋਂ ਸੀਨੀਅਰ ਪ੍ਰਸ਼ਾਸਨਿਕ ਅਧਿਕਾਰੀ ਕੈਬਨਿਟ ਸਕੱਤਰ ਦੇ ਅਹੁਦੇ 'ਤੇ ਇਕ ਵੀ ਔਰਤ ਨਹੀਂ ਪਹੁੰਚੀ ਹੈ। ਅੰਕੜੇ ਦਰਸਾਉਂਦੇ ਹਨ ਕਿ ਜਿਆਦਾਤਰ ਔਰਤਾਂ ਆਪਣਾ ਕਾਰਜਕਾਲ ਪੂਰਾ ਕਰਨ ਤੋਂ ਬਾਅਦ ਰਿਟਾਇਰ ਹੋ ਜਾਂਦੀਆਂ ਹਨ, ਫਿਰ ਵੀ ਉਨ੍ਹਾਂ ਤੋਂ ਮਰਦਾਂ ਦੇ ਮੁਕਾਬਲੇ ਜ਼ਿਆਦਾ ਸਵੈ-ਇੱਛਾ ਨਾਲ ਰਿਟਾਇਰ ਹੋਣ ਦੀ ਉਮੀਦ ਕੀਤੀ ਜਾਂਦੀ ਹੈ।

ਪਿਛਲੇ ਸਾਲ ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ (ਯੂ.ਐਨ.ਡੀ.ਪੀ.) ਦੇ ਤਹਿਤ ਜਨਤਕ ਪ੍ਰਸ਼ਾਸਨ ਵਿੱਚ ਲਿੰਗ ਸਮਾਨਤਾ ਬਾਰੇ ਇੱਕ ਰਿਪੋਰਟ ਤਿਆਰ ਕੀਤੀ ਗਈ ਸੀ। ਇਸ ਨੇ ਸਪੱਸ਼ਟ ਕੀਤਾ ਕਿ ਲਿੰਗ ਸਮਾਨਤਾ ਇੱਕ ਸਮਾਵੇਸ਼ੀ ਅਤੇ ਜਵਾਬਦੇਹ ਜਨਤਕ ਪ੍ਰਸ਼ਾਸਨ ਦੇ ਮੂਲ ਵਿੱਚ ਹੈ। ਰਿਪੋਰਟ ਵਿੱਚ ਇਹ ਵੀ ਸੰਕੇਤ ਦਿੱਤਾ ਗਿਆ ਹੈ ਕਿ ਨੌਕਰਸ਼ਾਹੀ ਅਤੇ ਜਨਤਕ ਪ੍ਰਸ਼ਾਸਨ ਵਿੱਚ ਔਰਤਾਂ ਦੀ ਬਰਾਬਰ ਪ੍ਰਤੀਨਿਧਤਾ ਬਣਾਈ ਰੱਖਣ ਨਾਲ ਸਰਕਾਰੀ ਕੰਮਕਾਜ ਵਿੱਚ ਵੱਡੇ ਸੁਧਾਰ ਹੁੰਦੇ ਹਨ।

ਆਜ਼ਾਦੀ ਦੇ ਇੰਨੇ ਲੰਬੇ ਸਫ਼ਰ ਤੋਂ ਬਾਅਦ ਇਸ ਸੁਭਾਵਿਕ ਸਵਾਲ ਨੂੰ ਟਾਲਿਆ ਨਹੀਂ ਜਾ ਸਕਦਾ ਕਿ ਜੇਕਰ ਭਾਰਤ ਨੇ ਇੱਕ ਮਹਾਂਸ਼ਕਤੀ ਬਣਨਾ ਹੈ ਅਤੇ ਇਸ ਦੇ ਨਾਲ ਹੀ ਨਵੇਂ ਭਾਰਤ ਅਤੇ ਆਤਮ-ਨਿਰਭਰ ਦਾ ਸੰਕਲਪ ਲਿਆਉਣਾ ਹੈ, ਤਾਂ ਨਵੀਂ ਨੌਕਰਸ਼ਾਹੀ ਅਤੇ ਔਰਤਾਂ ਦੀ ਬਰਾਬਰੀ ਨਹੀਂ ਰੱਖੀ ਜਾਣੀ ਚਾਹੀਦੀ। ਹਾਸ਼ੀਏ 'ਤੇ. ਕਰ ਸਕਦਾ ਹੈ. ਮਾਰਚ 2020 ਵਿੱਚ ਸੰਸਦ ਵਿੱਚ ਇੱਕ ਬਿਆਨ ਦੇ ਦੌਰਾਨ, ਸਰਕਾਰ ਨੇ ਸਪੱਸ਼ਟ ਕੀਤਾ ਕਿ ਉਹ ਇੱਕ ਕਾਰਜਬਲ ਬਣਾਉਣ ਦੀ ਕੋਸ਼ਿਸ਼ ਕਰਦੀ ਹੈ ਜੋ ਲਿੰਗ ਸੰਤੁਲਨ ਨੂੰ ਦਰਸਾਉਂਦੀ ਹੈ ਅਤੇ ਦਰਸਾਉਂਦੀ ਹੈ। ਪਰ ਸੱਚਾਈ ਇਹ ਹੈ ਕਿ ਇਸ ਸਬੰਧੀ ਜ਼ਮੀਨੀ ਹਕੀਕਤ ਵੱਖਰੀ ਹੈ।

ਇਹ ਵਿਸ਼ਵੀਕਰਨ ਦਾ ਦੌਰ ਹੈ। ਇਸ ਵਿੱਚ ਲੋਕ ਸੇਵਾ ਦੇ ਦ੍ਰਿਸ਼ ਨੂੰ ਵੀ ਨਵਾਂ ਰੂਪ ਦੇਣਾ ਹੋਵੇਗਾ। ਇਸ ਦੇ ਲਈ ਪ੍ਰਸ਼ਾਸਕੀ ਸੇਵਾ ਵਿੱਚ ਲਿੰਗ ਅਸਮਾਨਤਾ ਨੂੰ ਘਟਾਉਣਾ ਪਹਿਲ ਹੋਣੀ ਚਾਹੀਦੀ ਹੈ। ਪ੍ਰਸ਼ਾਸਨਿਕ ਸੇਵਾਵਾਂ ਵਿੱਚ ਔਰਤਾਂ ਦੀ ਮੌਜੂਦਗੀ ਵਿੱਚ ਵਾਧਾ ਹੋਣ ਨਾਲ ਅਜਿਹੀਆਂ ਸੇਵਾਵਾਂ ਨਾ ਸਿਰਫ਼ ਕਰਮਚਾਰੀਆਂ ਨੂੰ ਮਜ਼ਬੂਤ ਕਰਨਗੀਆਂ, ਸਗੋਂ ਸੰਵੇਦਨਸ਼ੀਲਤਾ ਨੂੰ ਵੀ ਦਰਸਾਉਣਗੀਆਂ। ਵਿਕਾਸ ਦੀ ਸਮਰੱਥਾ ਪੈਦਾ ਕਰਨ, ਵਿਕਾਸ ਦੀ ਧਾਰਾ ਨੂੰ ਲੋਕਾਂ ਤੱਕ ਪਹੁੰਚਾਉਣ ਅਤੇ ਭ੍ਰਿਸ਼ਟਾਚਾਰ ਨੂੰ ਠੱਲ੍ਹ ਪਾਉਣ ਵਰਗੇ ਸਾਰੇ ਕੰਮ ਔਰਤਾਂ ਦੀ ਭਾਗੀਦਾਰੀ ਵਧਾ ਕੇ ਕਾਫੀ ਹੱਦ ਤੱਕ ਆਸਾਨ ਕੀਤੇ ਜਾ ਸਕਦੇ ਹਨ। ਪਾਲਣ ਪੋਸ਼ਣ ਦਾ ਸਿਧਾਂਤ ਇਹ ਵੀ ਕਹਿੰਦਾ ਹੈ ਕਿ ਜਮਹੂਰੀਅਤ ਦੇ ਅੰਦਰ ਸਭ ਕੁਝ ਲੋਕਾਂ ਵੱਲ ਸੇਧਿਤ ਹੋਣਾ ਚਾਹੀਦਾ ਹੈ, ਇਹ ਵੀ ਚੰਗੇ ਸ਼ਾਸਨ ਦੀ ਸਭ ਤੋਂ ਉੱਚੀ ਗੱਲ ਹੈ। ਇਸ ਨਾਲ ਲਿੰਗ ਸਮਾਨਤਾ ਲਈ ਪ੍ਰਸ਼ਾਸਨਿਕ ਸੇਵਾਵਾਂ ਨੂੰ ਵੀ ਮੌਕਾ ਮਿਲੇਗਾ।

ਜਾਂਚ ਤੋਂ ਪਤਾ ਚੱਲਦਾ ਹੈ ਕਿ ਸਾਲ 1951 ਵਿੱਚ ਪਹਿਲੀ ਵਾਰ ਭਾਰਤੀ ਪ੍ਰਸ਼ਾਸਨਿਕ ਸੇਵਾ ਵਿੱਚ ਔਰਤਾਂ ਨੂੰ ਸ਼ਾਮਲ ਕਰਨ ਦਾ ਫੈਸਲਾ ਕੀਤਾ ਗਿਆ ਸੀ। ਉਸੇ ਸਾਲ ਆਈਏਐਸ ਲਈ ਇਸ ਸੇਵਾ ਲਈ ਸਿਰਫ਼ ਇੱਕ ਔਰਤ ਅੰਨਾ ਰਾਜਮ ਨੂੰ ਚੁਣਿਆ ਗਿਆ ਸੀ। ਸੱਤ ਦਹਾਕਿਆਂ ਦਾ ਲੰਬਾ ਸਫ਼ਰ ਤੈਅ ਕਰਨ ਤੋਂ ਬਾਅਦ ਸਾਲ 2020 ਵਿੱਚ ਆਈਏਐਸ ਵਿੱਚ ਔਰਤਾਂ ਦੀ ਕੁੱਲ ਗਿਣਤੀ 13 ਫ਼ੀਸਦੀ ਹੈ। ਜੇਕਰ ਅਸੀਂ ਡੂੰਘਾਈ ਵਿੱਚ ਜਾਏ ਤਾਂ ਇੱਕ ਤਾਜ਼ਾ ਅਧਿਐਨ ਅਨੁਸਾਰ, 1951 ਤੋਂ 2020 ਦਰਮਿਆਨ ਸਿਵਲ ਸੇਵਾਵਾਂ ਵਿੱਚ ਦਾਖਲ ਹੋਏ ਗਿਆਰਾਂ ਹਜ਼ਾਰ ਪੰਜ ਸੌ 79 ਆਈਏਐਸ ਅਫਸਰਾਂ ਵਿੱਚੋਂ ਔਰਤਾਂ ਦੀ ਗਿਣਤੀ ਸਿਰਫ਼ ਇੱਕ ਹਜ਼ਾਰ ਪੰਜ ਸੌ 27 ਸੀ।

ਭਾਵੇਂ ਇਹ ਅੰਕੜਾ ਲਿੰਗ ਅਸਮਾਨਤਾ ਨੂੰ ਵਿਆਪਕਤਾ ਪ੍ਰਦਾਨ ਕਰਦਾ ਹੈ, ਪਰ ਇਹ ਵੀ ਰਾਹਤ ਦੀ ਗੱਲ ਹੈ ਕਿ ਇਕਾਈ ਤੋਂ ਸ਼ੁਰੂ ਹੋਣ ਵਾਲੀ ਮਹਿਲਾ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਗਿਣਤੀ ਅੱਜ ਡੇਢ ਹਜ਼ਾਰ ਤੋਂ ਵੱਧ ਹੈ। ਲਿੰਗ ਅਸਮਾਨਤਾ ਸਿਰਫ਼ ਪ੍ਰਸ਼ਾਸਕੀ ਸੇਵਾ ਵਿੱਚ ਗਿਣਤੀ ਵਿੱਚ ਹੀ ਨਹੀਂ ਹੈ, ਸਗੋਂ ਇਸ ਸੇਵਾ ਵਿੱਚ ਔਰਤਾਂ ਦੇ ਦਾਖ਼ਲੇ ਬਾਰੇ ਵੀ ਵੱਖੋ-ਵੱਖਰੇ ਵਿਚਾਰ ਸਨ। ਅਧਿਐਨ ਵਿਚ ਇਹ ਵੀ ਸਾਹਮਣੇ ਆਇਆ ਹੈ ਕਿ ਆਈਏਐਸ ਪ੍ਰੀਖਿਆ ਪਾਸ ਕਰਨ ਵਾਲੀ ਅੰਨਾ ਰਾਜਮ ਨੂੰ ਜਦੋਂ ਉਹ ਇੰਟਰਵਿਊ ਲਈ ਗਈ ਤਾਂ ਪ੍ਰਸ਼ਾਸਨਿਕ ਸੇਵਾ ਦੀ ਬਜਾਏ ਵਿਦੇਸ਼ੀ ਜਾਂ ਕੇਂਦਰੀ ਸੇਵਾਵਾਂ 'ਤੇ ਵਿਚਾਰ ਕਰਨ ਲਈ ਕਿਹਾ ਗਿਆ ਸੀ।

ਪ੍ਰਸ਼ਾਸਨਿਕ ਸੇਵਾ ਵਿੱਚ ਉਸ ਦੀ ਚੋਣ ਤੋਂ ਬਾਅਦ ਨਿਯੁਕਤੀ ਪੱਤਰ ਵਿੱਚ ਇਹ ਸ਼ਰਤ ਸੀ ਕਿ ਵਿਆਹ ਦੀ ਸੂਰਤ ਵਿੱਚ ਉਸ ਦੀ ਸੇਵਾ ਖ਼ਤਮ ਕਰ ਦਿੱਤੀ ਜਾਵੇਗੀ। ਇਹ ਪਾਬੰਦੀ ਦੱਸਦੀ ਹੈ ਕਿ ਔਰਤਾਂ ਲਈ ਪ੍ਰਸ਼ਾਸਨਿਕ ਸੇਵਾ ਵਿੱਚ ਪੈਰ ਜਮਾਉਣਾ ਮਰਦ ਸ਼ਕਤੀ ਦੇ ਵਿਚਕਾਰੋਂ ਲੰਘਣ ਦੇ ਬਰਾਬਰ ਸੀ। ਹਾਲਾਂਕਿ, ਬਾਅਦ ਵਿੱਚ ਇਸ ਵਿੱਚ ਸੋਧ ਕੀਤੀ ਗਈ ਅਤੇ ਪਹਿਲੀ ਮਹਿਲਾ ਆਈਏਐਸ ਅੰਨਾ ਰਾਜਮ ਨੇ 1985 ਵਿੱਚ ਵਿਆਹ ਕਰਵਾ ਲਿਆ। ਮਹੱਤਵਪੂਰਨ ਗੱਲ ਇਹ ਹੈ ਕਿ ਉਨ੍ਹਾਂ ਦੇ ਪਤੀ ਆਰ ਐਨ ਮਲਹੋਤਰਾ, ਭਾਰਤੀ ਰਿਜ਼ਰਵ ਬੈਂਕ ਦੇ ਗਵਰਨਰ ਸਨ। ਜ਼ਾਹਿਰ ਹੈ ਕਿ ਭਾਰਤੀ ਪ੍ਰਸ਼ਾਸਨਿਕ ਸੇਵਾ ਵਿੱਚ ਔਰਤਾਂ ਦਾ ਰਾਹ ਇੰਨਾ ਆਸਾਨ ਨਹੀਂ ਸੀ।

ਆਈਏਐਸ ਬਣਨ ਦਾ ਰਾਹ ਦਿਨੋਂ ਦਿਨ ਔਖਾ ਹੁੰਦਾ ਜਾ ਰਿਹਾ ਹੈ। ਹਾਲਾਂਕਿ, ਸਰੋਤ ਤੇਜ਼ੀ ਨਾਲ ਵਧੇ ਹਨ ਅਤੇ ਇੰਟਰਨੈਟ ਆਦਿ ਕਾਰਨ ਇਸ ਤੱਕ ਪਹੁੰਚ ਆਸਾਨ ਹੋ ਗਈ ਹੈ। ਮੌਜੂਦਾ ਸਮੇਂ ਵਿੱਚ ਸਿਵਲ ਸੇਵਾਵਾਂ ਪ੍ਰੀਖਿਆ ਵਿੱਚ 10 ਲੱਖ ਤੋਂ ਵੱਧ ਬਿਨੈਕਾਰ ਹਨ ਅਤੇ ਸਿਰਫ਼ ਕੁਝ ਸੌ ਹੀ ਚੁਣੇ ਜਾਂਦੇ ਹਨ, ਜਿਨ੍ਹਾਂ ਵਿੱਚ ਆਈਏਐਸ ਦੀ ਗਿਣਤੀ ਸਿਰਫ਼ ਡੇਢ ਤੋਂ ਦੋ ਸੌ ਦੇ ਵਿਚਕਾਰ ਹੈ। ਇਸ ਵਿੱਚ ਵੀ ਵੱਡੀ ਗਿਣਤੀ ਵਿੱਚ ਮਰਦ ਰਹਿੰਦੇ ਹਨ। ਜੇਕਰ ਅਸੀਂ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ (ਯੂ.ਪੀ.ਐੱਸ.ਸੀ.) ਦੇ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਸਾਲ 2017 ਦੀ ਸਿਵਲ ਸੇਵਾਵਾਂ ਪ੍ਰੀਖਿਆ 'ਚ ਕੁੱਲ ਬਿਨੈਕਾਰਾਂ 'ਚੋਂ ਤੀਹ ਫੀਸਦੀ ਔਰਤਾਂ ਸਨ।

3 ਜਨਵਰੀ 2022 ਤੱਕ ਭਾਰਤ ਸਰਕਾਰ ਦੇ 99 ਸਕੱਤਰਾਂ ਵਿੱਚੋਂ ਸਿਰਫ਼ ਚੌਦਾਂ ਫ਼ੀਸਦੀ ਭਾਵ ਸਿਰਫ਼ ਤੇਰਾਂ ਹੀ ਔਰਤਾਂ ਦੇਖ ਸਕਦੀਆਂ ਹਨ। ਇੰਨਾ ਹੀ ਨਹੀਂ ਦਸੰਬਰ 2021 ਤੱਕ ਦੇਸ਼ ਦੇ ਕੁੱਲ 36 ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਸਿਰਫ਼ ਦੋ ਔਰਤਾਂ ਹੀ ਮੁੱਖ ਸਕੱਤਰ ਸਨ। ਅੱਜ ਤੱਕ ਦੇਸ਼ ਦੇ ਸਭ ਤੋਂ ਸੀਨੀਅਰ ਪ੍ਰਸ਼ਾਸਨਿਕ ਅਧਿਕਾਰੀ ਕੈਬਨਿਟ ਸਕੱਤਰ ਦੇ ਅਹੁਦੇ 'ਤੇ ਇਕ ਵੀ ਔਰਤ ਨਹੀਂ ਪਹੁੰਚੀ ਹੈ। ਅੰਕੜੇ ਦਰਸਾਉਂਦੇ ਹਨ ਕਿ ਜ਼ਿਆਦਾਤਰ ਔਰਤਾਂ ਆਪਣਾ ਕਾਰਜਕਾਲ ਪੂਰਾ ਕਰਨ ਤੋਂ ਬਾਅਦ ਰਿਟਾਇਰ ਹੋ ਜਾਂਦੀਆਂ ਹਨ, ਫਿਰ ਵੀ ਉਨ੍ਹਾਂ ਤੋਂ ਮਰਦਾਂ ਦੇ ਮੁਕਾਬਲੇ ਜ਼ਿਆਦਾ ਸਵੈ-ਇੱਛਾ ਨਾਲ ਰਿਟਾਇਰ ਹੋਣ ਦੀ ਉਮੀਦ ਕੀਤੀ ਜਾਂਦੀ ਹੈ।

ਜ਼ਿਕਰਯੋਗ ਹੈ ਕਿ ਜਿਸ ਵੀ ਸੇਵਾ ਵਿੱਚ ਔਰਤਾਂ ਹਨ, ਉਨ੍ਹਾਂ ਦੀ ਜ਼ਿੰਮੇਵਾਰੀ ਦੋਹਰੀ ਹੈ। ਦਫਤਰੀ ਕੰਮ ਤੋਂ ਇਲਾਵਾ ਘਰ ਦੀ ਦੇਖਭਾਲ ਅਤੇ ਭੂਮਿਕਾ ਨੂੰ ਸਹੀ ਢੰਗ ਨਾਲ ਨਿਭਾਉਣ ਦੇ ਨਾਲ-ਨਾਲ ਸੰਤੁਲਨ ਬਣਾਈ ਰੱਖਣਾ ਵੀ ਉਨ੍ਹਾਂ ਦੀ ਜ਼ਿੰਮੇਵਾਰੀ ਹੈ, ਜੋ ਕਿ ਕਿਸੇ ਚੁਣੌਤੀ ਤੋਂ ਘੱਟ ਨਹੀਂ ਹੈ। ਸਿਵਲ ਸਰਵਿ-ਸਿਜ਼ ਕਮੇਟੀ ਦੀ ਸਥਾਪਨਾ ਸਾਲ 2004 ਵਿੱਚ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ (ਯੂਪੀਐਸਏਸੀ) ਦੇ ਸਾਬਕਾ ਚੇਅਰਮੈਨ ਪੀਸੀ ਹੋਟਾ ਦੀ ਪ੍ਰਧਾਨਗੀ ਹੇਠ ਕੀਤੀ ਗਈ ਸੀ। ਕਮੇਟੀ ਦੀ ਰਿਪੋਰਟ ਨੇ ਘਰੇਲੂ ਜ਼ਿੰਮੇਵਾਰੀਆਂ ਨੂੰ ਮਹਿਲਾ ਅਧਿਕਾਰੀਆਂ 'ਤੇ ਵਾਧੂ ਬੋਝ ਵਜੋਂ ਉਜਾਗਰ ਕੀਤਾ ਹੈ। ਇਹ ਹੋਰ ਗੱਲ ਹੈ ਕਿ ਇਸ ਕਮੇਟੀ ਵਿੱਚ ਇੱਕ ਵੀ ਮਹਿਲਾ ਮੈਂਬਰ ਨਹੀਂ ਸੀ। 2008 ਵਿੱਚ, ਛੇਵੇਂ ਤਨਖਾਹ ਕਮਿ-ਸ਼ਨ ਦੀ ਸਿਫ਼ਾਰਸ਼ 'ਤੇ, ਕੇਂਦਰ ਸਰਕਾਰ ਨੇ ਮਹਿਲਾ ਕਰਮਚਾਰੀਆਂ ਲਈ ਜਣੇਪਾ ਛੁੱਟੀ ਇੱਕ ਸੌ ਅੱਸੀ ਦਿਨ ਅਤੇ ਬਾਲ ਦੇਖਭਾਲ ਛੁੱਟੀ ਦੋ ਸਾਲ ਵਧਾ ਦਿੱਤੀ ਸੀ।

ਦੇਸ਼ ਨੂੰ ਮਹਾਂਸ਼ਕਤੀ ਬਣਾਉਣਾ ਹੈ ਜਾਂ ਭਾਰਤ ਨੂੰ ਮਹਾਨ ਬਣਾਉਣਾ ਹੈ, ਇਸ ਲਈ ਨਾਗਰਿਕਾਂ ਦੇ ਵਿਕਾਸ ਨੂੰ ਪਹਿਲ ਦੇਣੀ ਚਾਹੀਦੀ ਹੈ। ਇਸ ਦੇ ਲਈ ਵਿਕਾਸ ਦੇ ਪ੍ਰਸ਼ਾਸਨ ਦੀ ਜ਼ਰੂਰਤ ਹੈ ਅਤੇ ਵਿਕਾਸ ਦੇ ਪ੍ਰਸ਼ਾਸਨ ਨੂੰ ਪ੍ਰਾਪਤ ਕਰਨ ਲਈ ਚੰਗੇ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਜ਼ਰੂਰਤ ਹੈ। ਇਸ ਵਿੱਚ ਸਿਰਫ਼ ਪੁਰਸ਼ ਅਫ਼ਸਰਾਂ ਨਾਲ ਇਸ ਨੂੰ ਪੂਰਾ ਕਰਨਾ ਸੰਭਵ ਨਹੀਂ ਹੈ। ਲਿੰਗ ਅਸਮਾਨਤਾ ਨੂੰ ਘਟਾਉਣ ਦੇ ਨਾਲ-ਨਾਲ ਔਰਤਾਂ ਦੀ ਭਾਗੀਦਾਰੀ ਨੂੰ ਵਧਾਉਣਾ ਨੈਤਿਕ ਤੌਰ 'ਤੇ ਜਾਇਜ਼ ਹੈ ਅਤੇ ਨਵੇਂ ਕੰਮ ਸੱਭਿਆਚਾਰ ਦੇ ਦ੍ਰਿਸ਼ਟੀਕੋਣ ਤੋਂ ਵੀ ਜਾਇਜ਼ ਹੋਵ-ਗਾ। ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਵੀ ਭਾਰਤ ਵਿਸ਼ਵ ਦੀ ਰੈਂਕਿੰਗ ਵਿੱਚ ਸਭ ਤੋਂ ਉੱਪਰ ਹੈ।

ਪ੍ਰਸ਼ਾਸਨਿਕ ਅਧਿਕਾਰੀਆਂ ਵਜੋਂ ਔਰਤਾਂ ਦੀ ਪਹੁੰਚ ਲਿੰਗ ਸੰਤੁਲਨ ਦੇ ਨਾਲ-ਨਾਲ ਸਮਾਜਿਕ ਬਰਾਬਰੀ ਦੀ ਵੀ ਨਿਸ਼ਾਨੀ ਹੈ ਅਤੇ ਜੇਕਰ ਕਿਹਾ ਜਾਵੇ ਤਾਂ ਇਸ ਨਾਲ ਭ੍ਰਿਸ਼ਟਾਚਾਰ 'ਤੇ ਕੁਝ ਹੱਦ ਤੱਕ ਕਾਬੂ ਪਾਇਆ ਜਾ ਸਕਦਾ ਹੈ। ਰਾਸ਼ਟਰੀ ਸੂਚਨਾ ਵਿਗਿਆਨ ਕੇਂਦਰ ਦੇ ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ ਕਰਨਾਟਕ ਅਤੇ ਤੇਲੰਗਾਨਾ ਦੋ ਰਾਜ ਕੇਡਰ ਹਨ ਜਿੱਥੇ ਤੀਹ ਪ੍ਰਤੀਸ਼ਤ ਅਧਿਕਾਰੀ ਔਰਤਾਂ ਹਨ, ਜਦੋਂ ਕਿ ਜੰਮੂ ਅਤੇ ਕਸ਼ਮੀਰ, ਸਿੱਕਮ, ਬਿਹਾਰ, ਤ੍ਰਿਪੁਰਾ ਅਤੇ ਝਾਰਖੰਡ ਵਿੱਚ ਇਹ ਅੰਕੜਾ 15 ਪ੍ਰਤੀਸ਼ਤ ਤੋਂ ਘੱਟ ਹੈ। ਇੱਥੇ ਵਰਲਡ ਬੈਂਕ ਦੇ ਉਸ ਬਿਆਨ ਦਾ ਜ਼ਿਕਰ ਕਰਨਾ ਉਚਿਤ ਹੋਵੇਗਾ ਕਿ ਜੇਕਰ ਭਾਰਤ ਦੀ ਔਰਤ ਆਪਣੇ ਆਪ ਨੂੰ ਉਪਜਾਊ ਬਣਾ ਲਵੇ ਤਾਂ ਦੇਸ਼ ਦੀ ਜੀਡੀਪੀ ਵਿੱਚ 4.22 ਫੀਸਦੀ ਦਾ ਵਾਧਾ ਹੋਵੇਗਾ।

ਭਾਵੇਂ ਇੱਥੇ ਸਿਰਫ਼ ਆਈਏਐਸ ਵਿੱਚ ਕੰਮ ਕਰਨ ਵਾਲੀਆਂ ਔਰਤਾਂ ਦੀ ਗੱਲ ਕੀਤੀ ਜਾ ਰਹੀ ਹੈ, ਪਰ ਮਹਿਲਾ ਸਸ਼ਕਤੀਕਰਨ ਦੇ ਨਜ਼ਰੀਏ ਤੋਂ ਸਾਰੇ ਕਾਰਜ ਖੇਤਰ ਨੂੰ ਕਵਰ ਕਰਨਾ ਸਹੀ ਹੋਵੇਗਾ। ਪ੍ਰਸ਼ਾਸਨਿਕ ਸੇਵਾਵਾਂ ਵਿੱਚ ਔਰਤਾਂ ਦੀ ਮੌਜੂਦਗੀ ਬੇਸ਼ੱਕ ਘੱਟ ਹੈ ਪਰ ਇਸ ਦਾ ਗ੍ਰਾਫ ਹਰ ਸਾਲ ਵੱਧ ਰਿਹਾ ਹੈ। ਸਪੱਸ਼ਟ ਹੈ ਕਿ ਚੰਗੇ ਸ਼ਾਸਨ ਨੂੰ ਇੱਕ ਕਿਨਾਰਾ ਦੇਣ ਲਈ ਪ੍ਰਸ਼ਾਸਨ ਵਿੱਚ ਲਿੰਗ ਅਸਮਾਨਤਾ ਨੂੰ ਖਤਮ ਕਰਨਾ ਹੋਵੇਗਾ, ਨਾਲ ਹੀ ਉਨ੍ਹਾਂ ਦੀ ਉਪਯੋਗਤਾ ਨੂੰ ਲਾਭਕਾਰੀ ਬਣਾ ਕੇ ਸਮੱਸਿਆਵਾਂ ਨੂੰ ਹੱਲ ਕਰਨਾ ਆਸਾਨ ਹੋਵੇਗਾ।

*-ਵਿਜੈ ਗਰਗ*
*ਰਿਟਾਇਰਡ ਪ੍ਰਿੰਸੀਪਲ*
*ਮਲੋਟ ਪੰਜਾਬ।*

# ਕੋਲਾ ਸੰਕਟ ਵਿੱਚ ਐਟਮੀ ਊਰਜਾ ਹੋ ਸਕਦੀ ਹੈ ਬਿਹਤਰ ਬਦਲ

ਸਚਿਨ ਪੀ ਮੰਪੱਟਾ



ਭਾਰਤ ਵਿੱਚ ਕੋਲਾ ਆਧਾਰਿਤ ਬਿਜਲੀ ਪਲਾਂਟ ਆਪਣੀ ਅੱਧੀ ਤੋਂ ਵੱਧ ਬਿਜਲੀ ਪੈਦਾ ਕਰਦੇ ਹਨ, ਪਰ ਇਸ ਨਾਲ ਪ੍ਰਦੂਸ਼ਨ ਫੈਲਦਾ ਹੈ ਅਤੇ ਇਸ ਦੀ ਬਹੁਤ ਜ਼ਿਆਦਾ ਮੰਗ ਕਾਰਨ ਇਸ ਦੀ ਆਵਾਜਾਈ ਵਿੱਚ ਔਖ ਆ ਰਹੀ ਹੈ। ਜਿਵੇਂ ਦੇਸ਼ ਊਰਜਾ ਦੇ ਹੋਰ ਸਾਧਨਾਂ ਉੱਤੇ ਵਿਚਾਰ ਕਰ ਰਿਹਾ ਹੈ, ਕੀ ਐਟਮੀ ਊਰਜਾ ਲੰਬੇ ਸਮੇਂ ਦਾ ਹੱਲ ਹੋ ਸਕਦੀ ਹੈ? ਇਸ ਬਾਰੇ ਭਾਰਤ ਸਰਕਾਰ ਨੇ ਮਾਰਚ ਵਿੱਚ ਕਿਹਾ ਕਿ ਉਹ ਅਗਲੇ ਸਾਲ ਕਰਨਾਟਕ ਵਿੱਚ ਨਵੇਂ ਐਟਮੀ ਊਰਜਾ ਰਿਐਕਟਰ ਉੱਤੇ ਕੰਮ ਸ਼ੁਰੂ ਕਰੇਗੀ ਅਤੇ ਪਹਿਲਾਂ ਐਲਾਨੇ ਅਜਿਹੇ 10 ਪਲਾਟਾਂ ਦੀ ਯੋਜਨਾ ਤੋਂ ਅੱਗੇ ਵਧੇਗੀ।

ਬ੍ਰਿਟੇਨ ਅਤੇ ਬੈਲਜੀਅਮ ਵੀ ਊਰਜਾ ਸੁਰੱਖਿਆ ਲਈ ਐਟਮੀ ਊਰਜਾਬਾਰੇ ਸੋਚ ਰਹੇ ਹਨ। 2011 ਵਿੱਚ ਜਾਪਾਨ ਦੇ ਫੁਕੁਸ਼ੀਮਾ ਐਟਮੀ ਪਲਾਂਟ ਦੁਰਘਟਨਾ ਪਿੱਛੋਂ ਇੱਕ ਦਹਾਕੇ ਤੋਂ ਚਲੀ ਆਈ ਵਿਸ਼ਵ ਪੱਧਰੀ ਮੰਦੀ ਉੱਤੇ ਮੁੜ ਵਿਚਾਰ ਹੋ ਰਿਹਾ ਹੈ। ਸਾਲ 2011 ਅਤੇ 2020 ਦੌਰਾਨ ਵਿਸ਼ਵ ਪੱਧਰੀ ਐਟਮੀ ਊਰਜਾ ਉਤਪਾਦਨ ਵਿੱਚ 1.8 ਫ਼ੀਸਦੀ ਦਾ ਵਾਧਾ ਹੋਇਆ, ਇਹ ਅਜਿਹਾ ਸਮਾਂ ਸੀ, ਜਦੋਂ ਭਾਰਤ ਨੇ ਆਪਣਾਐਟਮੀ ਊਰਜਾ ਉਤਪਾਦਨ 38.4 ਫ਼ੀਸਦੀ ਵਧਾ ਕੇ 44.6 ਟੇਰਾਵਾਟ ਘੰਟੇ ਕਰ ਦਿੱਤਾ। ਵਿਸ਼ਵ ਪੱਧਰੀ ਐਟਮੀ ਊਰਜਾ ਉਤਪਾਦਨ ਵਿੱਚ ਭਾਰਤ ਦਾ ਹਿੱਸਾ 2020 ਵਿੱਚ 50 ਸਾਲਾਂ ਵਿੱਚ ਆਪਣੇ ਸਭ ਤੋਂ ਉਚੇ ਪੱਧਰ ਉੱਤੇ ਪਹੁੰਚ ਗਿਆ। ਫਿਰ ਵੀ ਐਟਮੀ ਊਰਜਾ ਭਾਰਤ ਦੇ ਕੁਲ ਬਿਜਲੀ ਉਤਪਾਦਨ ਦਾ 1.7 ਫੀਸਦੀ ਹੈ। ਡੇਲਾਇਟੀ ਇੰਡੀਆ ਦਾ ਪਾਰਟਨਰ ਦੇਬਾਸ਼ੀਸ਼ ਮਿਸ਼ਰਾ ਅਨੁਸਾਰ ਜੇ ਇਹ 2030 ਤੱਕ ਤਿੰਨ ਗੁਣਾ ਹੋ ਜਾਵੇ ਤਾਂ ਕੁਲ ਬਿਜਲੀ ਦਾ ਉਤਪਾਦਨ 5 ਫੀਸਦੀ ਤੋਂ ਘੱਟ ਹੋਵੇਗਾ। ਐਟਮੀ ਊਰਜਾ ਦੀ ਪੂੰਜੀਗਤ ਲਾਗਤ ਵੱਧ ਹੈ, ਇਸ ਲਈ ਟੈਰਿਫ ਵੀ ਉਸੇ ਅਨੁਪਾਤ ਵਿੱਚ ਵਧਣਗੇ।ਉਨ੍ਹਾਂ ਨੇ ਕਿਹਾ ਕਿ ਵਿਸ਼ਵ ਪੱਧਰੀ ਐਟਮੀਤਕਨੀਕ ਪ੍ਰੋਵਾਈਡਰ ਅਨਸੁਲਝੇ ਜ਼ਿੰਮੇਵਾਰੀ ਮੁੱਦਿਆਂ ਕਾਰਨ ਆਉਣ ਲਈ ਚਾਹਵਾਨ ਨਹੀਂ। ਦੁਰਘਟਨਾਵਾਂ ਦੇ ਮਾਮਲੇ ਵਿੱਚ ਭਾਰਤੀ ਕਾਨੂੰਨ ਕੌਮਾਂਤਰੀ ਪ੍ਰੋਵਾਈਡਰਜ਼ ਨੂੰ ਸੰਭਾਵਤ ਅਸੀਮਤ ਜ਼ਿੰਮੇਵਾਰੀ ਲਈ ਜ਼ਾਹਰ ਕਰਦਾ ਦਿਖਾ ਦਿੰਦਾ ਹੈ। ਮਿਸ਼ਰਾ ਦੇ ਅਨੁਸਾਰ ਭਾਰਤ ਅਕਸ਼ੈ ਊਰਜਾ ਉੱਤੇ ਦਾਅ ਲਾ ਰਿਹਾ ਹੈ।

ਐਟਮੀ ਊਰਜਾ ਕਮਿਸ਼ਨ ਦੇ ਸਾਬਕਾ ਮੁਖੀ ਅਨਿਲ ਕਾਕੋਡਕਰ ਨੇ ਕਿਹਾ ਕਿ ਦੇਸ਼ੀ ਤਕਨੀਕ ਦੀ ਵਰਤੋਂ ਕਰਕੇ ਬਣਾਏ ਐਟਮੀ ਊਰਜਾ ਪਲਾਂਟਾਂ ਨੂੰ 15 ਕਰੋੜ ਰੁਪਏ ਤੋਂ 20 ਕਰੋੜ ਰੁਪਏ ਪ੍ਰਤੀ ਮੈਗਾਵਾਟ ਜਾਂ ਵਿਸ਼ਵ ਪੱਧਰੀ ਲਾਗਤ ਦੇ ਅੱਧੇ ਉੱਤੇ ਸਥਾਪਤ ਕੀਤਾ ਜਾ ਸਕਦਾ ਹੈ।ਭਾਰਤ ਦੇ ਯੂਰੇਨੀਅਮ ਭੰਡਾਰ (ਕੁਝ ਪਿੱਛੇ ਜਿਹੇ ਲੱਭੇ ਗਏ) ਪਹਿਲੇ ਦੇ ਅੰਦਾਜ਼ਿਆਂ ਤੋਂ ਪੰਜ ਗੁਣਾ ਵੱਧ ਹਨ। ਕਾਕੋਡਕਰ ਅਨੁਸਾਰ ਦੇਸ਼ ਨੂੰ ਅੱਜ ਵਿਸ਼ਵ ਪੱਧਰ ਉੱਤੇਐਟਮੀਫਿਊਲ ਦਾ ਸਰੋਤ ਬਣਾਉਣਾ ਸੌਖਾ ਹੋ ਗਿਆ ਹੈ। 1947 ਵਿੱਚ ਆਪਣਾ ਪਹਿਲਾ ਐਟਮੀ ਪ੍ਰੀਖਣ ਕਰਨ ਪਿੱਛੋਂ ਭਾਰਤ ਨੂੰ ਸਪਲਾਈ ਦੀਆਂ ਔਕੜਾਂ ਦਾ ਸਾਹਮਣਾ ਕਰਨਾ ਪਿਆ ਸੀ।ਕਾਕੋਡਕਰ ਨੇ ਕਿਹਾ ਕਿ ਗ੍ਰਿਡ ਸਥਿਰਤਾ ਇੱਕ ਮੁੱਦਾ ਬਣ ਸਕਦੀ ਹੈ ਕਿਉਂਕਿ ਨਵਿਆਉਣ ਯੋਗ ਊਰਜਾ ਆਮ ਹੋ ਗਈ ਹੈ। ਇਹ ਇਸ ਲਈ ਹੈ ਕਿ ਅਕਸ਼ੈ ਬਿਜਲੀ ਉਤਪਾਦਨ ਹਵਾ ਦੀ ਰਫ਼ਤਾਰ ਜਾਂ ਮੌਸਮ ਨਾਲ ਵੱਖ ਹੋ ਸਕਦਾ ਹੈ। ਬਿਜਲੀ ਉਤਪਾਦਨ ਦਾ ਇੱਕ ਸਥਿਰ ਸਰੋਤ ਜਿਵੇਂ ਕੋਲਾ ਆਧਾਰਿਤ ਬਿਜਲੀ, ਸਥਿਰਤਾ ਮੁਹੱਈਆ ਕਰਦਾ ਹੈ, ਬੇਸ਼ੱਕ ਅਕਸ਼ੈ ਉਤਪਾਦਨ ਵੱਖਰਾ ਹੋਵੇ। ਕਾਕੋਡਕਰ ਨੇ ਕਿਹਾ ਕਿ ਕਾਰਬਨ ਗੈਸਾਂ ਦੀ ਨਿਕਾਸੀ ਨੂੰ ਘਟਾਉਣ ਦੇ ਯਤਨਾਂ ਨਤੀਜੇ ਵਜੋਂ ਐਟਮੀ ਊਰਜਾ ਕੋਲੇ ਦੀ ਥਾਂ ਲੈ ਸਕਦੀ ਹੈ। ਸੂਰਜੀ ਊਰਜਾ ਵਰਗੀ ਨਵਿਆਉਣ ਯੋਗ ਊਰਜਾ ਦੀ ਤੁਲਨਾ ਵਿੱਚਐਟਮੀ ਊਰਜਾ ਦੀ ਨਿਕਾਸੀ ਘੱਟ ਹੁੰਦੀ ਹੈ।

ਕਾਕੋਡਕਰ ਦੇ ਅਨੁਸਾਰ, ਐਟਮੀ ਊਰਜਾ ਉਤਪਾਦਨ ਸਮਰੱਥਾਵਾਂ ਨੂੰ ਵਧਾਉਣ ਲਈ ਸਮਾਂਹੱਦ ਹੁੰਦੀ ਹੈ, ਜਿਸ ਨੂੰ ਦਹਾਕਿਆ ਕਿ ਭਾਰਤ ਨੂੰ ਇੱਕ ਵਿਕਸਤ ਦੇਸ਼ ਦੇ ਪੱਧਰ ਤੱਕ ਵਧਾਉਣ ਲਈ ਸਾਰੇ ਮਿਲਦੇ ਸਰੋਤਾਂ ਤੋਂ ਊਰਜਾ ਕੱਢਣ ਦੀ ਲੋੜ ਹੋਵੇਗੀ। ਉਨ੍ਹਾਂ ਕਿਹਾ 'ਮੇਰਾ ਮੰਨਣਾ ਹੈ ਕਿ ਐਟਮੀ ਅਸਹਿਣਯੋਗ ਹੈ'।

ਔਸਤ ਭਾਰਤੀ ਲੋਕਾਂ ਲਈ ਹੋਰ ਥਾਵਾਂ ਦੇ ਲੋਕਾਂ ਦੇ ਮੁਕਾਬਲੇ ਵਿੱਚ ਘੱਟ ਊਰਜਾ ਮਿਲਦੀ ਹੈ। ਬ੍ਰਾਜ਼ੀਲਦੇ ਇੱਕ ਵਿਅਕਤੀ ਲਈ ਔਸਤ ਊਰਜਾ ਖਪਤ ਭਾਰਤ ਦੀ ਤੁਲਨਾ ਵਿੱਚ 2.4 ਗੁਣਾ ਵੱਧ, ਚੀਨ ਵਿੱਚ 4.4 ਗੁਣਾ ਵੱਧ, ਜਾਪਾਨ ਵਿੱਚ 5.8 ਗੁਣਾ ਵੱਧ ਅਤੇ ਅਮਰੀਕਾ ਵਿੱਚ 4 ਗੁਣਾ ਵੱਧ ਹੈ।ਭਾਰਤ ਦੀ 'ਊਰਜਾ ਗਰੀਬੀ' ਨੂੰ ਹੱਲ ਕਰਨ ਵਿੱਚ ਮਦਦ ਕਰਨ ਲਈ ਐਟਮੀ ਊਰਜਾ ਦੀ ਸਮਰੱਥਾ ਨੂੰ ਨੇੜਿਓਂ ਦੇਖਿਆ ਜਾਵੇਗਾ।

## ਹਲਕਾ-ਫੁਲਕਾ

ਸ਼ਾਮ ਨੇ ਪਰਵੀਨ ਤੋਂ ਪੁੱਛਿਆ, ''ਕੀ ਤੈਨੂੰ ਪਤਾ ਹੈ ਕਿ ਹਿਪਨੋਟਾਈਜ਼ ਕਰਨਾ ਕੀ ਹੁੰਦਾ ਹੈ?''
ਪਰਵੀਨ, ''ਇਸ ਦਾ ਮਤਲਬ ਹੈ ਕਿ ਕਿਸੇ ਨੂੰ ਆਪਣੇ ਵੱਸ ਵਿੱਚ ਕਰ ਕੇ ਇਸ਼ਾਰਿਆਂ ਉੱਤੇ ਨਚਾਉਣਾ।''
ਸ਼ਾਮ, ''ਚੱਲ ਝੂਠੀ, ਉਸ ਨੂੰ ਤਾਂ ਵਿਆਹ ਕਹਿੰਦੇ ਹਨ।''

*******

ਸੰਜੀਵ, ''ਹੇ ਭਗਵਾਨ, ਪਲੀਜ਼ ਮੁੰਬਈ ਨੂੰ ਭਾਰਤ ਦੀ ਰਾਜਧਾਨੀ ਬਣਾ ਦਿਓ।''
ਮਾਂ, ''ਕਿਉਂ ਬੇਟਾ?''
ਸੰਜੀਵ, ''ਕਿਉਂਕਿ ਇਹੀ ਮੈਂ ਭੂਗੋਲ ਦੇ ਪੇਪਰ ਵਿੱਚ ਲਿਖ ਆਇਆ ਹਾਂ।''

*******

ਵਕੀਲ, ''ਤੂੰ ਇਸ ਦੀ ਘੜੀ ਕਿਉਂ ਚੋਰੀ ਕੀਤੀ?''
ਚੋਰ, ''ਜਨਾਬ, ਮੈਂ ਚੋਰੀ ਨਹੀਂ ਕੀਤੀ, ਬਲਕਿ ਉਸ ਨੇ ਮੈਨੂੰ ਖ਼ੁਦ ਦੇ ਦਿੱਤੀ।''
ਵਕੀਲ, ''ਕਦੋਂ?''
ਚੋਰ, ''ਜਦ ਮੈਂ ਉਸ ਨੂੰ ਪਿਸਤੌਲ ਦਿਖਾਈ ਸੀ।''

# ਮਨੁੱਖੀ ਜੀਵਨ ਤੇ ਮਾਨਸਿਕ ਤਣਾਅ

-ਪ੍ਰੋ. ਗੁਰਵੀਰ ਸਿੰਘ ਸਰੌਦ



ਮਨੁੱਖ ਮੁੱਢ ਕਦੀਮ ਤੋਂ ਆਪਣੀ ਜੀਵ ਨਸ਼ੈਲੀ ਨੂੰ ਸੁਖਦਾਈ ਬਣਾਉਣ ਹਿੱਤ ਯਤਨਸ਼ੀਲ ਰਿਹਾ ਹੈ। ਅੱਜ ਮਨੁੱਖ ਆਪਣੀਆਂ ਮੁੱਢਲੀਆਂ ਲੋੜਾਂ ਤੋਂ ਲੈ ਕੇ ਅਨੇਕਾਂ ਆਰਾਮਦਾਇਕ ਸਹੂਲਤ ਪੂਰੀਆਂ ਕਰਨ ਦੇ ਬਾਵਜੂਦ ਹੋਰ ਸੁਖਮਈ ਬਣਾਉਣ ਲਈ ਯਤਨਸ਼ੀਲ ਹੈ। ਇਸ ਜਦੋਂ ਜਹਿਦ ਕਾਰਨ ਮਨੁੱਖ ਦੀ ਸੁਖਦਾਇਕ ਜੀਵਨਸ਼ੈਲੀ ਮਾਨਸਿਕ ਤਣਾਅ ਕਾਰਨ ਪ੍ਰਭਾਵਿਤ ਹੋਈ ਹੈ। ਅੱਜ ਦੇ ਪਦਾਰਥਵਾ ਦੀ ਯੁੱਗ ਵਿੱਚ ਮਾਨਸਿਕ ਤਣਾਅ ਨੇ ਮਨੁੱਖੀ ਜੀਵਨ ਦੁਆਲੇ ਘੇਰਾ ਪਾ ਰੱਖਿਆ ਹੈ। ਤਣਾਅ ਇੱਕ ਅਜਿਹੀ ਪ੍ਰੇਸ਼ਾਨੀ ਹੈ ਜਿਸ ਵਿੱਚ ਮਨੁੱਖ ਸੁਖਾਵਾਂ ਮਹਿਸੂਸ ਨਹੀਂ ਕਰਦਾ। ਕੋਈ ਕੰਮ, ਵਸਤੂ ਜਾਂ ਸੋਚ ਜਿਹੜੀ ਸਾਨੂੰ ਮਾਨਸਿਕ ਪ੍ਰੇਸ਼ਾਨੀ, ਗੁੱਸਾ ਜਾਂ ਘਬਰਾਹਟ ਦੀ ਹਾਲਤ ਵਿੱਚ ਲੈ ਜਾਵੇ, ਤਣਾਅ ਕਹਾਉਂਦੀ ਹੈ।

ਨੈਸ਼ਨਲ ਇੰਸਟੀਚਿਊਟ ਆਫ ਮੈਂਟਲ ਹੈਲਥ ਐਂਡ ਨਿਊਰੋ ਸਾਇੰਸਿਜ਼ ਵੱਲੋਂ ਦੇਸ਼ ਦੇ 12 ਰਾਜਾਂ ਵਿੱਚ ਮਾਨਸਿਕ ਸਿਹਤ ਉੱਤੇ ਕੀਤੇ ਸਰਵੇਖਣ ਵਿੱਚ ਚਿੰਤਾਜਨਕ ਅੰਕੜੇ ਮਿਲੇ ਹਨ। ਇਨ੍ਹਾਂ ਅਨੁਸਾਰ ਦੇਸ਼ ਦੀ ਆਬਾਦੀ ਦਾ 27 ਫ਼ੀਸਦੀ ਹਿੱਸਾ ਤਣਾਅ (ਡਿਪਰੈਸ਼ਨ) ਵਰਗੇ ਆਮ ਮਾਨਸਿਕ ਵਿਕਾਰ ਦਾ ਸ਼ਿਕਾਰ ਹੈ, 52 ਫ਼ੀਸਦੀ ਆਬਾਦੀ ਕਿਸੇ ਨਾ ਕਿਸੇ ਸਮੇਂ ਇਸ ਸਮੱਸਿਆ ਨਾਲ ਜੂਝ ਚੁੱਕੀ ਹੈ। ਭਾਰਤ ਦੇ 15 ਕਰੋੜ ਲੋਕਾਂ ਨੂੰ ਕਿਸੇ ਨਾ ਕਿਸੇ ਮਾਨਸਿਕ ਸਮੱਸਿਆ ਕਾਰਨ ਤੁਰੰਤ ਡਾਕਟਰੀ ਸਹਾਇਤਾ ਦੀ ਲੋੜ ਹੈ।ਇਸਦਾ ਮੁੱਖ ਕਾਰਨ ਭਾਰਤ ਵਿੱਚ ਵੱਡੇ ਪੱਧਰ ਉੱਤੇ ਹੋ ਰਹੀਆਂ ਤਬਦੀਲੀਆਂ ਹਨ। ਸ਼ਹਿਰ ਫੈਲ ਰਹੇ ਹਨ, ਆਧੁਨਿਕ ਸਹੂਲਤਾਂ ਵਧ ਰਹੀਆਂ ਹਨ, ਲੋਕ ਵੱਡੀ ਗਿਣਤੀ ਵਿੱਚ ਪਿੰਡਾਂ ਅਤੇ ਸ਼ਹਿਰਾਂ ਨੂੰ ਛੱਡ ਕੇ ਨਵੇਂ ਸ਼ਹਿਰਾਂ ਵਿੱਚ ਵੱਸ ਰਹੇ ਹਨ। ਇਸ ਦਾ ਅਸਰ ਲੋਕਾਂ ਦੇ ਦਿਲ ਦਿਮਾਗ ਨੂੰ ਪ੍ਰਭਾਵਿਤ ਕਰ ਰਿਹਾ ਹੈ, ਜਿਸ ਕਾਰਨ ਤਣਾਅ ਵਰਗੀਆਂ ਮੁਸ਼ਕਲਾਂ ਵਧ ਰਹੀਆਂ ਹਨ।

'ਰਲਡ ਹੈਲਥ ਆਰਗ ੇਨਾਈਜੇਸ਼ਨ (.8.) ਅਨੁਸਾਰ ਦੁਨੀਆ ਭਰ ਵਿੱਚ 10 ਫ਼ੀਸਦੀ ਗਰਭਵਤੀ ਔਰਤਾਂ ਤੇ 13 ਫ਼ੀਸਦੀ ਔਰਤਾਂ ਜਣੇਪੇ ਤੋਂ ਬਾਅਦ ਡਿਪਰੈਸ਼ਨ ਵਿੱਚ ਆਈਆਂ ਹਨ। ਵਿਕਾਸਸ਼ੀਲ ਦੇਸ਼ਾਂ ਦੇ ਅੰਕੜੇ ਇਸ ਤੋਂ ਉਪਰ ਹਨ। ਜਿਸ ਵਿੱਚ 156 ਫ਼ੀਸਦੀ ਗਰਭਵਤੀ, 198 ਫ਼ੀਸਦੀ ਔਰਤਾਂ ਜਣੇਪੇ ਤੋਂ ਬਾਅਦ ਤਣਾਅ ਵਿੱਚੋਂ ਲੰਘੀਆਂ ਹਨ। ਬੱਚੇ ਵੀ ਤਣਾਅ ਦਾ ਸ਼ਿਕਾਰ ਹੋ ਰਹੇ ਹਨ। ਭਾਰਤ ਵਿੱਚ 0.3 ਤੋਂ 1.2 ਫ਼ੀਸਦੀ ਬੱਚੇ ਤਣਾਅ ਵਿੱਚ ਹਨ। ਜੇ ਉਨ੍ਹਾਂ ਨੂੰ ਸਮੇਂ ਸਿਰ ਡਾਕਟਰੀ ਸਹਾਇਤਾ ਨਾ ਮਿਲੀ ਤਾਂ ਸਿਹਤ ਤੇ ਮਾਨਸਿਕ ਸਿਹਤ ਦੀਆਂ ਪੇਚੀਦਗੀਆਂ ਹੋਰ ਵਧ ਸਕਦੀਆਂ ਹਨ।

ਜਰਨਲ ਆਫ ਅਮੈਰੀਕਨ ਮੈਡੀਕਲ ਐਸੋਸੀਏਸ਼ਨ ਦੇ ਅਧਿਐਨ ਅਨੁਸਾਰ ਘੱਟ ਤੰਦਰੁਸਤ ਦਿਲ ਵਾਲੇ ਲੋਕਾਂ ਵਿੱਚ ਅਟੈਕ, ਸਟ੍ਰੋਕ ਜਾਂ ਕਾਰਡੀਓਵੈਸ ਕੂਲਰ ਬਿਮਾਰੀਆਂ ਲਈ ਮਾਨਸਿਕ ਤਣਾਅ ਵਧੇਰੇ ਜ਼ਿੰਮੇਵਾਰ ਹੁੰਦਾ ਹੈ। ਅੱਜ ਸਮਾਜ ਵਿੱਚ ਵਿਚਰਦਿਆਂ ਮਹਿਸੂਸ ਹੁੰਦਾ ਹੈ ਕਿ ਸ਼ਾਇਦ ਹੀ ਕੋਈ ਮਾਨਸਿਕ ਤਣਾਅ ਤੋਂ ਬਚਿਆ ਹੋਵੇ। ਜੇ ਮਾਨਸਿਕ ਤਣਾਅ ਦੇ ਮੁੱਖ ਕਾਰਨਾਂ ਦੀ ਗੱਲ ਕਰੀਏ ਤਾਂ ਇਸਦਾ ਮੁੱਖ ਕਾਰਨ ਸਾਡੀ ਜੀਵਨਸ਼ੈਲੀ ਉੱਤੇ ਆਧਾਰਿਤ ਹੈ। ਅਸੀਂ ਕਿਹੋ ਜਿਹੇ ਵਾਤਾਵਰਨ ਵਿੱਚ ਜੀਵਨ ਬਤੀਤ ਕਰਦੇ ਹਾਂ ਅਤੇ ਜਿਹੋ ਜਿਹਾ ਅਸੀਂ ਦੇਖਦੇ ਹਾਂ, ਉਸੇ ਤਰ੍ਹਾਂ ਹੌਲੀ ਹੌਲੀ ਮਹਿਸੂਸ ਕਰਨ ਲੱਗ ਜਾਂਦੇ ਹਾਂ। ਸਮਾਜ ਵਿੱਚ ਹਰਪਰਵਾਰ ਕਿਸੇ ਨਾ ਕਿਸੇ ਤਣਾਅ ਜਾਂ ਪ੍ਰੇਸ਼ਾਨੀ ਵਿੱਚ ਘਿਰਿਆ ਹੋਇਆ ਹੈ।

ਆਧੁਨਿਕ ਨਾਲ ਸਾਡੀ ਜੀਵਨਸ਼ੈਲ ਵਿੱਚ ਹੈਰਾਨੀਜਨਕ ਬਦਲਾਅ ਆਇਆ ਹੈ। ਜ਼ਿਆਦਾ ਸਹੂਲਤਾਂ ਦੀ ਲਾਲਸਾਵਾਂ ਦੀ ਦੌੜ ਵਿੱਚ ਅਸੀਂ ਜਾਣੇ, ਅਣਜਾਣੇ ਤਣਾਅ ਦਾ ਸ਼ਿਕਾਰ ਹੋ ਰਹੇ ਹਾਂ। ਜਦੋਂ ਸਹੂਲਤਾਂ ਦਾ ਵਾਧਾ ਹੋਵੇਗਾ, ਆਮਦਨ ਦਾ ਵੀ ਵਾਧਾ ਕਰਨਾ ਲਾਜ਼ਮੀ ਹੋਵੇਗਾ। ਆਮਦਨ ਦੀ ਪੂਰਤੀ ਲਈ ਆਪਣੀ ਕੰਮ ਕਰਨ ਦੀ ਸੀਮਾ ਵੀ ਵਧਾਉਣੀ ਹੋਵੇਗੀ। ਜ਼ਾਹਿਰ ਹੈ ਕਿ ਪਰਵਾਰਕ ਸਬੰਧਾਂ ਉੱਤੇ ਪ੍ਰਭਾਵ ਪਵੇਗਾ, ਜਿਸ ਨਾਲ ਤਣਾਅ ਪੈਦਾ ਹੋਣਾ ਸੁਭਾਵਿਕ ਹੈ।

ਸੋਸ਼ਲ ਮੀਡੀਆ ਨੇ ਵੀ ਮਨੁੱਖੀ ਜੀਵਨਸ਼ੈਲੀ ਨੂੰ ਬਦਲਿਆ ਹੈ ਜਿਸ ਨਾਲ ਦੂਰ ਦੁਰਾਡੇ ਬੈਠੇ ਰਿਸ਼ਤੇਦਾਰ, ਦੋਸਤ ਮਿੱਤਰ ਮੁੱਠੀ ਵਿੱਚ ਹੋ ਗਏ। ਉਨ੍ਹਾਂ ਨਾਲ ਸਬੰਧ ਸੁਖਾਵੇਂ ਬਣ ਗਏ ਹਨ, ਪਰ ਇਹ ਸਿੱਕੇ ਦਾ ਇੱਕ ਪਾਸਾ ਹੈ। ਦੂਜੇ ਪਾਸੇ ਸੋਸ਼ਲ ਮੀਡੀਆ ਨੇ ਪਤੀ-ਪਤਨੀ ਦੇ ਸਬੰਧ ਵਿੱਚ ਦੀਵਾਰ ਵਾਲਾ ਰੋਲ ਅਦਾ ਕੀਤਾ ਹੈ। ਦੇਖਿਆ ਜਾਂਦਾ ਹੈ ਕਿ ਜਦੋਂ ਕੋਈ ਵਿਅਕਤੀ ਕੁਝ ਸਮਾਂ ਵਿਹਲਾ ਹੁੰਦਾ ਹੈ ਤਾਂ ਉਸ ਕੋਲ ਸਭ ਤੋਂ ਪਹਿਲੀ ਪਸੰਦ ਸੋਸ਼ਲ ਮੀਡੀਆ ਦੀ ਵਰਤੋਂ ਕਰਨਾ ਹੁੰਦਾ ਹੈ। ਪੁਰਾਣੇ ਸਮੇਂ ਵਿੱਚ ਵਿਹਲੇ ਸਮੇਂ ਪਰਵਾਰ ਨਾਲ ਗੱਲਬਾਤ ਕੀਤੀ ਜਾਂਦੀ ਸੀ। ਜਿਸ ਨਾਲ ਕਿਸੇ ਪ੍ਰਕਾਰ ਦਾ ਤਣਾਅ ਆਪਸੀ ਗੱਲਬਾਤ ਨਾਲ ਦੂਰ ਹੋ ਜਾਂਦਾ ਸੀ, ਅੱਜਕੱਲ੍ਹ ਇੱਕ ਕਮਰੇ ਵਿੱਚ ਵੀ ਪਤੀ-ਪਤਨੀ ਆਪਣੇ ਸੋਸ਼ਲ ਮੀਡੀਆ ਉੱਤੇ ਵਿਹਲਾ ਸਮਾਂ ਬਤੀਤ ਕਰਨਾ ਜ਼ਿਆਦਾ ਪਸੰਦ ਕਰਦੇ ਹਨ।

ਸਮਾਜ ਜਿਨ੍ਹਾਂ ਆਦਤਾਂ ਦੀ ਸਾਨੂੰ ਇਜਾਜ਼ਤ ਨਹੀਂ ਦਿੰਦਾ, ਜਾਣੇ-ਅਣਜਾਣੇ ਵਿੱਚ ਅਸੀਂ ਉਨ੍ਹਾਂ ਆਦਤਾਂ ਦੇ ਕਈ ਵਾਰ ਸ਼ਿਕਾਰ ਹੋ ਜਾਂਦੇ ਹਾਂ। ਨਸ਼ਾ, ਜੂਆ, ਚੋਰੀ ਆਦਿ ਅਲਾਮਤਾਂ ਮਨੁੱਖੀ ਦਿਮਾਗ਼ ਨੂੰ ਸੋਚਣ ਤੋਂ ਦੂਰ ਕਰ ਦਿੰਦੀਆਂ ਹਨ, ਜਿਸ ਨਾਲ ਵਿਅਕਤੀ ਖ਼ੁਦ ਮੌਤ ਜਾਂ ਵੱਡੀ ਸਜ਼ਾ ਦਾ ਹੱਕਦਾਰ ਬਣ ਜਾਂਦਾ ਹੈ, ਨਾਲ ਪਰਵਾਰ ਨੂੰ ਵੀ ਬਹੁਤ ਵੱਡੇ ਦੁੱਖ ਜਾਂ ਸਮੱਸਿਆ ਵੱਲ ਧੱਕ ਦਿੰਦਾ ਹੈ। ਕੁਝ ਸਮਾਂ ਬੀਤਣ ਪਿੱਛੋਂ ਮਹਿਸੂਸ ਜ਼ਰੂਰ ਹੁੰਦਾ ਹੈ, ਪਰ ਸਮਾਂ ਬੀਤ ਜਾਣ ਤੋਂ ਬਾਅਦ ਤਾਂ ਪਛਤਾਵਾ ਤੇ ਤਣਾਅ ਹੀ ਪ੍ਰਾਪਤ ਹੁੰਦਾ ਹੈ।ਭਾਵੇਂ ਪੂਰਾ ਵਿਸ਼ਵ ਮਹਿੰਗਾਈ ਦੀ ਮਾਰ ਝੱਲ ਰਿਹਾ ਹੈ, ਪਰ ਵਿਕਾਸਸ਼ੀਲ ਦੇਸ਼ਾਂ ਲਈ ਇਹ ਸਮੱਸਿਆ ਲੱਕ ਤੋੜਨ ਵਾਲੀ ਹੈ। ਇਸ ਤੋਂ ਵੱਡੀ ਗੱਲ ਕਿ ਨੌਜਵਾਨ ਵਰਗ ਬੇਰੁਜ਼ਗਾਰੀ ਦਾ ਸਾਹਮਣਾ ਕਰ ਰਿਹਾ ਹੋਵੇ ਤਾਂ ਅਜਿਹੇ ਸਮੇਂ ਵਿੱਚ ਸੋਚਵਾਨ ਵਿਅਕਤੀ ਮਾਨਸਿਕ ਤਣਾਅ ਤੋਂ ਕਿਸ ਤਰ੍ਹਾਂ ਬਚ ਸਕਦੇ ਹਨ?

ਇੱਕ ਸਮਾਂ ਸੀ ਜਦੋਂ ਲੋਕ ਸਾਂਝੇ ਪਰਵਾਰਾਂ ਵਿੱਚ ਰਹਿੰਦੇ ਸਨ। ਕੋਈ ਦੁੱਖ ਸੁੱਖ ਦੀ ਘੜੀ ਆਉਂਦੀ ਸੀ ਤਾਂ ਆਪਸ ਵਿੱਚ ਮਿਲ ਕੇ ਵੰਡ ਲੈਂਦੇ ਸਨ। ਕਹਿੰਦੇ ਹਨ ਕਿ ਦੁੱਖ ਵੰਡਿਆਂ ਘਟ ਜਾਂਦਾ ਹੈ। ਅੱਜ ਅਸੀਂ ਇਕੱਲੇ ਪਰਵਾਰ ਨੂੰ ਤਰਜੀਹ ਦੇਣ ਲੱਗ ਪਏ ਹਾਂ, ਜਿਸ ਨਾਲ ਸ਼ੁਰੂ ਵਿੱਚ ਚੰਗਾ ਮਹਿਸੂਸ ਕਰਦੇ ਹਾਂ, ਪਰ ਜਦੋਂ ਮਾੜਾ ਸਮਾਂ ਆਵੇ ਤਾਂ ਇਕੱਲਾਪਣ ਮਹਿਸੂਸ ਕਰਦੇ ਹਾਂ। ਜੇ ਅਸੀਂ ਅੱਜ ਵੀ ਸਾਂਝੇ ਪਰਵਾਰ ਨੂੰ ਪਹਿਲ ਦਈਏ ਤਾਂਤਣਾਅ ਦਾ ਪ੍ਰਭਾਵ ਘਟ ਸਕਦਾ ਹੈ।


ਵਿਸ਼ਵੀਕਰਨ ਦੇ ਦੌਰ ਵਿੱਚ ਇੱਕ ਪਾਸੇ ਅਸੀਂ ਆਪਣੇ ਬੱਚਿਆਂ ਨੂੰ ਅੰਤਰਰਾਸ਼ਟੀ ਪੜ੍ਹਾਈਆਂ, ਖਾਣ-ਪਾਣ ਅਤੇ ਰਹਿਣ-ਸਹਿਣ ਦਾ ਸਲੀਕਾ ਸਿਖਾ ਰਹੇ ਹਾਂ, ਦੂਜੇ ਪਾਸੇ ਜਦੋਂ ਬੱਚੇ ਅੰਤਰਰਾਸ਼ਟਰੀ ਪ੍ਰਭਾਵ ਅਧੀਨ ਆਪਣੀ ਸ਼ਖ਼ਸੀਅਤ ਵਿੱਚ ਬਦਲਾਅ ਲੈ ਆਉਂਦੇ ਹਨ ਤਾਂ ਅਸੀਂ ਬਰਦਾਸ਼ਤ ਨਹੀਂ ਕਰ ਸਕਦੇ। ਫਿਰ ਔਲਾਦ ਨਾਲ ਟਕਰਾਅ ਪੈਦਾ ਹੁੰਦਾ ਹੈ। ਮਾਤਾ-ਪਿਤਾ ਤੇ ਬੱਚੇ ਤਣਾਅਗ੍ਰਸਤ ਹੁੰਦੇ ਹਨ। ਤਣਾਅ ਕੋਈ ਕੁਦਰਤ ਦੀ ਦੇਣ ਨਹੀਂ, ਬਲਕਿ ਅਸੀਂ ਆਪਣੀ ਗਲਤ ਜੀਵਨਸ਼ੈਲੀ, ਲੋੜ ਤੋਂ ਜ਼ਿਆਦਾ ਲਾਲਸਾਵਾਂ, ਨਸ਼ਾ, ਚੋਰੀ ਵਰਦੀਆਂ ਬੁਰੀਆਂ ਆਦਤਾਂ, ਉਚੇ ਪੱਧਰ ਦਾ ਰਹਿਣ ਸਹਿਣ ਦੇ ਸੁਪਨੇ ਕਾਰਨ ਗ੍ਰਹਿਣ ਕੀਤਾ ਹੈ। ਹਾਂ, ਕਈ ਵਾਰ ਕੁਦਰਤੀ ਕਰੋਪੀਆਂ, ਨਾਮੁਰਾਦ ਬਿਮਾਰੀਆਂ ਵੀ ਤਣਾਅ ਦਾ ਕਾਰਨ ਬਣ ਜਾਂਦੀਆਂ ਹਨ।ਜੇ ਸੱਚਮੁੱਚ ਅਸੀਂ ਆਪਣੇ ਤਣਾਅ ਘਟਾਉਣਾ ਚਾਹੁੰਦੇ ਹਾਂ ਤਾਂ ਸਭ ਤੋਂ ਪਹਿਲਾਂ ਆਪਣੀ ਜੀਵਨਸ਼ੈਲੀ ਬਦਲਣੀ ਹੋਵੇਗੀ ਕਿਉਂਕਿ ਜਿਹੋ ਜਿਹਾ ਦੇਖਦੇ ਹਾਂ, ਖਾਂਦੇ ਹਾਂ, ਪੀਂਦੇ ਹਾਂ, ਉਸ ਦਾ ਪ੍ਰਭਾਵ ਸਿੱਧੇ ਤੌਰ ਉੱਤੇ ਸਰੀਰ ਉੱਤੇ ਪੈਂਦਾ ਹੈ। ਚੰਗੀਆਂ ਕਿਤਾਬਾਂ ਨਾਲ ਦੋਸਤੀ ਵੀ ਸਾਡੇ ਮਾਨਸਿਕ ਤਣਾਅ ਨੂੰ ਘਟਾਉਣ ਵਿੱਚ ਸਹਾਈ ਸਾਬਤ ਹੋ ਸਕਦੀ ਹੈ। ਜਦੋਂ ਅਸੀਂ ਸਕਾਰ-ਾਤਮਕ, ਪ੍ਰੇਰਨਾਦਾਇਕ ਕਿਤਾਬਾਂ ਪੜ੍ਹਾਂਗੇ ਤਾਂ ਸਾਡੇ ਮਨ ਵਿੱਚ ਵਿਚਾਰ ਵੀ ਸਕਾਰਾਤਮ ਪੈਦਾ ਹੋਣਗੇ।

ਅਸੀਂ ਮੋਬਾਈਲ ਫੋਨ ਦੀ ਲੋੜ ਅਨੁਸਾਰ ਵਰਤੋਂ ਨਾਲ ਖ਼ੁਸ਼ਹਾਲ ਜੀਵਨ ਬਤੀਤ ਕਰ ਸਕਦੇ ਹਾਂ। ਜਿਹੜਾ ਵਿਹਲਾ ਸਮਾਂ ਅਸੀਂ ਸੋਸ਼ਲ ਸਾਈਟਾਂ ਉੱਤੇ ਬਤੀਤ ਕਰਦੇ ਹਾਂ, ਉਹ ਅਸੀਂ ਪਰਵਾਰ, ਦੋਸਤਾਂ-ਮਿੱਤਰਾਂ, ਬੱਚਿਆਂ ਨਾਲ ਬਤੀਤ ਕਰੀਏ, ਜਿਸ ਨਾਲ ਆਪਸੀ ਭਾਈਚਾਰਕ ਸਾਂਝ ਪੈਦਾ ਹੋਵੇਗੀ। ਧਾਰਮਿਕ ਆਸਥਾ ਵੀ ਸਾਡੇ ਨਕਾਰਾਤਮਕ ਵਿਚਾਰਾਂ ਨੂੰ ਖ਼ਤਮ ਕਰਨ ਵਿੱਚ ਸਹਾਈ ਸਿੱਧ ਹੁੰਦੀ ਹੈ। ਆਪਣੇ ਜੀਵਨ ਨੂੰ ਲੋੜਾਂ ਦੀ ਪੂਰਤੀ ਤੱਕ ਸੀਮਤ ਰੱਖਣ ਦੀ ਕੋਸ਼ਿਸ਼ ਕਰੀਏ ਨਾ ਕਿ ਮਨੁੱਖੀ ਸਹੂਲਤਾਂ (ਲਾਲਸਾਵਾਂ) ਤੱਕ। ਬੱਚਿਆਂ ਨੂੰ ਲੋੜ ਤੋਂ ਵਧੇਰੇ ਸਹੂਲਤਾਂ ਦੇਣ ਤੋਂ ਗੁਰੇਜ਼ ਕੀਤਾ ਜਾਵੇ ਤਾਂ ਜੋ ਔਲਾਦ ਕੋਈ ਬੁਰੀਆਂ ਆਦਤਾਂ ਨਾ ਗ੍ਰਹਿਣ ਕਰੇ ਜੋ ਬਾਅਦ ਵਿੱਚ ਮਾਪਿਆਂ ਲਈ ਤਣਾਅ ਦਾ ਕਾਰਨ ਬਣੇ। ਸਰਕਾਰਾਂ ਨੂੰ ਵੀ ਜ਼ਿੰਮੇਵਾਰੀ ਸਮਝ ਕੇ ਬੇਰੁਜ਼ਗਾਰੀ ਖ਼ਤਮ ਕਰਨ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ ਕਿਉਂਕਿ ਨੌਜਵਾਨ ਵਰਗ ਯੋਗ ਵਿੱਦਿਆ ਹਾਸਲ ਕਰਨ ਪਿੱਛੋਂ ਬੇਰੁਜ਼ਗਾਰ ਹੋਵੇ ਤਾਂ ਸੁਭਾਵਿਕ ਤੌਰ ਉੱਤੇ ਮਾਨਸਿਕ ਪ੍ਰੇਸ਼ਾਨੀ ਦਾ ਸ਼ਿਕਾਰ ਹੋ ਜਾਂਦਾ ਹੈ।

ਲੋੜ ਹੈ ਸਮਾਜ ਨੂੰ ਮਾਨਸਿਕ ਤਣਾਅ ਦੇ ਗਲਬੇ ਤੋਂ ਬਾਹਰ ਕੱਢਣ ਦੀ। ਸਭ ਤੋਂ ਵੱਡੀ ਗੱਲ ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ 'ਮਨਿ ਜੀਤੇ, ਜਗੁ ਜੀਤੁ॥' ਭਾਵ ਆਪਣੇ ਮਨ ਨੂੰ ਜਿੱਤਣ ਨਾਲ ਮਨੁੱਖ ਸਾਰੀ ਦੁਨੀਆ ਉਤੇ ਜਿੱਤ ਪ੍ਰਾਪਤ ਕਰ ਲੈਂਦਾ ਹੈ। ਜੇ ਸੱਚਮੁੱਚ ਅਸੀਂ ਇਸ ਤੁਕ ਦੇ ਭਾਵ ਨੂੰ ਜ਼ਿੰਦਗੀ ਵਿੱਚ ਲਾਗੂ ਕਰ ਲਈਏ ਤਾਂ ਦੁਨਿਆਵੀ ਪ੍ਰੇਸ਼ਾਨੀਆਂ ਤੋਂ ਆਸਾਨੀ ਨਾਲ ਜਿੱਤ ਪ੍ਰਾਪਤ ਕੀਤੀ ਜਾ ਸਕਦੀ ਹੈ।

# ਭਵਿੱਖ ਦੀਆਂ ਵੱਡੀਆਂ ਰਾਜਸੀ ਤਬਦੀਲੀਆਂ ਲਈ ਅਹੁਲਦਾ ਜਾਪਦਾ ਹੈ ਪੰਜਾਬ





ਜਤਿੰਦਰ ਪੰਨੂ

ਇਸ ਵਕਤ ਜਦੋਂ ਅਗਲੀਆਂ ਲੋਕ ਸਭਾ ਚੋਣਾਂ ਵਿੱਚ ਦੋ ਸਾਲਾਂ ਤੋਂ ਵੀ ਘੱਟ ਸਮਾ ਰਹਿ ਗਿਆ ਹੈ, ਸਾਡਾ ਪੰਜਾਬ ਅਸਲੋਂ ਨਵੇਂ ਸਿਆਸੀ ਹਾਲਾਤ ਵੱਲ ਵਧਣ ਦੀ ਝਲਕ ਦੇਂਦਾ ਜਾਪਦਾ ਹੈ। ਅਗਲੀਆਂ ਲੋਕ ਸਭਾ ਚੋਣਾਂ ਤੱਕ ਆਮ ਆਦਮੀ ਪਾਰਟੀ ਅੱਜ ਵਾਲੀ ਹੀ ਰਹੇਗੀ, ਜਾਂ ਇਸ ਵਿੱਚ ਕਿਸੇ ਤਰ੍ਹਾਂ ਦੀ ਕੋਈ ਤਬਦੀਲੀ ਹੋਵੇਗੀ, ਇਸ ਦੀ ਕੋਈ ਝਲਕ ਹਾਲ ਦੀ ਘੜੀ ਦਿਖਾਈ ਨਹੀਂ ਦੇ ਰਹੀ, ਪਰ ਹਾਲਾਤ ਕਦੋਂ ਕਿਹੜਾ ਵਹਿਣ ਲੱਭ ਲੈਣ, ਇਸ ਬਾਰੇ ਕੋਈ ਕੁਝ ਨਹੀਂ ਕਹਿ ਸਕਦਾ, ਜਦ ਕਿ ਬਾਕੀ ਸਾਰੀਆਂ ਮੁੱਖ ਸਿਆਸੀ ਧਿਰਾਂ ਵਿੱਚ ਹਾਲਾਤ ਰੰਗ ਵਟਾ ਰਹੇ ਹਨ। ਅਜੇ ਇਹ ਕਹਿਣ ਦਾ ਸਮਾਂ ਨਹੀਂ ਕਿ ਅਕਾਲੀ ਦਲ ਦੀ ਲੀਡਰਸ਼ਿਪ ਅੱਜ ਵਾਲੀ ਰਹੇਗੀ ਜਾਂ ਹੋਰ ਹੱਥਾਂ ਵਿੱਚ ਚਲੀ ਜਾਵੇਗੀ ਤੇ ਜਾਵੇਗੀ ਤਾਂ ਕਿਹੜੇ ਹੱਥਾਂ ਵਿੱਚ ਜਾਵੇਗੀ, ਪਰ ਕਾਂਗਰਸ ਤੇ ਭਾਜਪਾ ਬਾਰੇ ਬਹੁਤ ਕੁਝ ਮਹਿਸੂਸ ਕੀਤਾ ਜਾਣ ਲੱਗ ਪਿਆ ਹੈ। ਅਗਲੇ ਦੋ ਸਾਲਾਂ ਤੱਕ ਇਨ੍ਹਾਂ ਦੋਵਾਂ ਪਾਰਟੀਆਂ ਦੀ ਲੀਡਰਸ਼ਿਪ ਵਿੱਚ ਬਹੁਤ ਕੁਝ ਨਵਾਂ ਵੇਖਣ ਨੂੰ ਮਿਲ ਸਕਦਾ ਹੈ।

ਅਕਾਲੀ ਪਾਰਟੀ ਦਾ ਹਾਲ ਓਦਾਂ ਦਾ ਹੈ, ਜਿੱਦਾਂ ਦਾ ਕਾਮਰੇਡਾਂ ਦੇ ਰਾਜ ਵਾਲੇ ਰੂਸ ਵਿੱਚ ਹੁੰਦਾ ਸੀ। ਇੱਕ ਬਹੁਤ ਸੀਨੀਅਰ ਕਮਿਊਨਿਸਟ ਆਗੂ ਨੇ ਇੱਕ ਵਾਰ ਲਿਖਿਆ ਸੀ ਕਿ ਕਾਮਰੇਡ ਸਟਾਲਿਨ ਦੀ ਮੌਤ ਮਗਰੋਂ ਜਦੋਂ ਖਰੁਸ਼ਚੋਵ ਦੇ ਹੱਥ ਸਾਰੀ ਤਾਕਤ ਆਈ ਤਾਂ ਉਸ ਨੇ ਪਾਰਟੀ ਦੀ ਸੈਂਟਰਲ ਕਮੇਟੀ ਵਿੱਚ ਸਟਾਲਿਨ ਦੇ ਖਿਲਾਫ ਧੂੰਆਂਧਾਰ ਤਕਰੀਰ ਕਰ ਕੇ ਉਸ ਨੂੰ ਭੰਡਣ ਦੀ ਸਿਖਰ ਕਰ ਦਿੱਤੀ। ਭਾਸ਼ਣ ਦੌਰਾਨ ਕਿਸੇ ਨੇ ਉਸ ਨੂੰ ਇੱਕ ਚਿੱਟ ਭੇਜ ਦਿੱਤੀ ਕਿ ਅੱਜ ਤੂੰ ਉਸ ਦੇ ਖਿਲਾਫ ਬੋਲੀ ਜਾਂਦਾ ਹੈਂ, ਉਸ ਦੇ ਹੁੰਦਿਆਂ ਕਿਉਂ ਨਹੀਂ ਸੀ ਬੋਲਦਾ? ਉਸ ਨੇ ਚਿੱਟ ਪੜ੍ਹ ਕੇ ਸੁਣਾਈ ਤੇ ਉੱਚੀ ਆਵਾਜ਼ ਵਿੱਚ ਪੁੱਛਿਆ: ਆਹ ਚਿੱਟ ਕੀਹਨੇ ਭੇਜੀ ਹੈ? ਕੋਈ ਨਹੀਂ ਸੀ ਬੋਲਿਆ। ਉਸ ਨੇ ਕਿਹਾ ਕਿ ਜਿਸ ਬੰਦੇ ਨੇ ਚਿੱਟ ਭੇਜੀ ਹੈ, ਜਿਵੇਂ ਮੈਥੋਂ ਡਰਦਾ ਅੱਜ ਉਹ ਨਹੀਂ ਬੋਲ ਰਿਹਾ, ਸਟਾਲਿਨ ਦੇ ਜਿਉਂਦੇ ਜੀਅ ਮੈਂ ਵੀ ਉਸ ਅੱਗੇ ਬੋਲਦਾ ਨਹੀਂ ਸੀ ਹੁੰਦਾ, ਕਿਉਂਕਿ ਮੈਨੂੰ ਵੀ ਉਹੀ ਡਰ ਲੱਗਦਾ ਸੀ, ਜਿਹੜਾ ਅੱਜ ਤੁਹਾਨੂੰ ਲੱਗਦਾ ਹੈ। ਰੂਸ ਵਿੱਚ ਕਮਿਊਨਿਸਟ ਸਰਕਾਰ ਦਾ ਭੋਗ ਪਾਉਣ ਦੀ ਹਮਾਇਤ ਕਰਨ ਵਾਲੇ ਉਸ ਲੀਡਰ ਨੇ ਪਤਾ ਨਹੀਂ ਇਹ ਗੱਲ ਖੁਦ ਘੜ ਕੇ ਲਿਖੀ ਸੀ ਕਿ ਸੱਚ ਸੀ, ਪਰ ਅੱਜ ਦੀ ਅਕਾਲੀ ਪਾਰਟੀ ਵਿੱਚ ਵੀ ਬਹੁਤ ਸਾਰੇ ਆਗੂ ਆਸੇ-ਪਾਸੇ ਬੋਲ ਰਹੇ ਹੋਣ ਤਾਂ ਆਪਣੀ ਲੀਡਰਸ਼ਿਪ ਬਾਰੇ ਉਹ ਕੁਝ ਬੋਲੀ ਜਾਂਦੇ ਹਨ ਕਿ ਸੁਣਿਆ ਨਹੀਂ ਜਾਂਦਾ, ਪਰ ਜਦੋਂ ਜਨਤਕ ਤੌਰ ਉੱਤੇ ਬੋਲਣ ਤਾਂ ਓਸੇ ਲੀਡਰਸ਼ਿਪ ਦੇ ਨਾਂ ਨਾਲ ਏਨੇ ਸਤਿਕਾਰਤ ਅਲੰਕਾਰ ਜੋੜ ਕੇ ਬੋਲਦੇ ਹਨ ਕਿ ਉਸ ਨਾਲ ਦੀ ਲੀਡਰਸ਼ਿਪ ਹੀ ਕਿਸੇ ਕੋਲ ਨਹੀਂ ਹੋਣੀ। ਇਸ ਲਈ ਇਹ ਗੱਲ ਕਹਿਣੀ ਔਖੀ ਹੈ ਕਿ ਇਸ ਪਾਰਟੀ ਵਿੱਚ ਇਹ ਮਾਹੌਲ ਕਦੋਂ ਤੱਕ ਚੱਲੇਗਾ ਅਤੇ ਜਿਹੜੇ ਲੀਡਰ ਆਸੇ-ਪਾਸੇ ਬੋਲਦੇ ਹਨ, ਕਦੀ ਇਹੋ ਗੱਲਾਂ ਲੋਕਾਂ ਸਾਹ-ਮਣੇ ਕਹਿਣ ਜੋਗੇ ਹੋਣਗੇ ਕਿ ਨਹੀਂ, ਇਹ ਸਿਰਫ ਉਨ੍ਹਾਂ ਨੂੰ ਪਤਾ ਹੋਵੇਗਾ।

ਦੂਸਰੇ ਪਾਸੇ ਕਾਂਗਰਸ ਦੇ ਅੱਜ ਵਾਲੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਤੋਂ ਪਹਿਲਾਂ ਪਾਰਟੀ ਦੀ ਅਗਵਾਈ ਕਰ ਚੁੱਕੇ ਤਿੰਨੇ ਆਗੂ ਇਸ ਪਾਰਟੀ ਕੋਲ ਨਹੀਂ ਰਹਿ ਗਏ। ਜਿਹੜੇ ਨਵਜੋਤ ਸਿੰਘ ਸਿੱਧੂ ਤੋਂ ਪ੍ਰਧਾਨਗੀ ਛੁਡਾ ਕੇ ਰਾਜਾ ਵੜਿੰਗ ਨੂੰ ਦਿੱਤੀ ਸੀ, ਉਹ ਜੇਲ੍ਹ ਵਿੱਚ ਚਲਾ ਗਿਆ ਹੈ। ਨਵਜੋਤ ਸਿੰਘ ਸਿਧੂ ਨੂੰ ਪ੍ਰਧਾਨ ਬਣਾਉਣ ਲਈ ਸੁਨੀਲ ਜਾਖੜ ਨੂੰ ਪਾਸੇ ਧੱਕਿਆ ਗਿਆ, ਉਹ ਨਿੱਤ ਦਿਨ ਹੁੰਦੀ ਰਹਿੰਦੀ ਬੇਇੱਜ਼ਤੀ ਤੋਂ ਅੱਕ ਕੇ ਆਖਰ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਿਆ ਹੈ।ਸੁਨੀਲ ਜਾਖੜ ਦੇ ਬਾਪ ਬਲਰਾਮ ਜਾਖੜ ਨੇ ਭਾਜਪਾ ਬਣਨ ਤੋਂ ਪਹਿਲਾਂ ਜਨ ਸੰਘ ਦੇ ਸਮਿਆਂ ਤੋਂ ਇਸ ਪਾਰਟੀ ਦਾ ਲਗਾਤਾਰ ਵਿਰੋਧ ਕੀਤਾ ਹੋਇਆ ਸੀ ਅਤੇ ਫਿਰ ਅੱਧੀ ਸਦੀ ਖੁਦ ਸੁਨੀਲ ਜਾਖੜ ਨੇ ਕੀਤਾ ਸੀ। ਆਖਰ ਉਹ ਉਸ ਪਾਰਟੀ ਵਿੱਚ ਜਾਣ ਨੂੰ ਮਜਬੂਰ ਹੋ ਗਿਆ। ਜਦੋਂ ਸੁਨੀਲ ਜਾਖੜ ਖੁਦ ਪ੍ਰਧਾਨ ਬਣਿਆ ਸੀ ਤਾਂ ਜਿਹੜੇ ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਬਣਨ ਕਰ ਕੇ ਪੰਜਾਬ ਕਾਂਗਰਸ ਦੀ ਪ੍ਰਧਾਨੀ ਛੱਡੀ ਸੀ, ਉਹ ਵੱਖਰੀ ਪਾਰਟੀ ਬਣਾ ਕੇ ਉਸ ਦਾ ਲੀਡਰ ਬਣ ਚੁੱਕਾ ਹੈ ਅਤੇ ਕਾਂਗਰਸ ਅਸਲੋਂ ਨਵੇਂ ਆਗੂਆਂ ਦੇ ਹੱਥ ਵਿੱਚ ਹੈ। ਜਿਹੜੇ ਲੋਕ ਅੱਜ ਇਸ ਪਾਰਟੀ ਦੀ ਅਗਵਾਈ ਸੰਭਾਲ ਰਹੇ ਹਨ, ਉਹ ਸਾਰੇ ਵੀ ਆਪਸ ਵਿੱਚ ਮਿਲ ਕੇ ਚੱਲਣ ਜੋਗੇ ਨਹੀਂ ਅਤੇ ਰੋਜ਼ ਕਿਸੇ ਨਾ ਕਿਸੇ ਥਾਂ ਬੈਠਕਾਂ ਵਿੱਚ ਉਨ੍ਹਾਂ ਦੇ ਸਮੱਰਥਕਾਂ ਦੇ ਪੱਗੋ-ਹੱਥੀ ਹੋਣ ਦੀਆਂ ਖਬਰਾਂ ਆ ਰਹੀਆਂ ਹਨ। ਇਸ ਤੋਂਜਾਪਦਾ ਨਹੀਂ ਕਿ ਇਹ ਪਾਰਟੀ ਅਗਲੀਆਂ ਚੋਣਾਂ ਲਈ ਤਿਆਰੀ ਕਰਦੀ ਪਈ ਹੈ, ਸਗੋਂ ਇੰਜ ਜਾਪਦਾ ਹੈ ਕਿ ਪਾਰਟੀ ਅੰਦਰਲਾ ਆਪਸੀ ਰੱਫੜ ਅਜੇ ਹੋਰ ਚੰਦ ਚਾੜ੍ਹ ਸਕਦਾ ਹੈ ਤੇ ਹੋਰ ਦੋ ਸਾਲਾਂ ਨੂੰ ਲੋਕ ਸਭਾ ਚੋਣਾਂ ਤੱਕ ਇਹ ਹੋਰ ਦੀ ਹੋਰ ਰੰਗ ਵਿੱਚ ਦਿੱਸ ਸਕਦੀ ਹੈ। ਇਨ੍ਹਾਂ ਹਾਲਾਤ ਵਿੱਚ ਇਹ ਪਾਰਟੀ ਕਿੱਦਾਂ ਦੀ ਜਾਂ ਕਿੰਨੇ ਜੋਗੀ ਹੋਵੇਗੀ, ਹਾਲ ਦੀ ਘੜੀ ਕਹਿਣਾ ਔਖਾ ਹੈ।

ਸਭਨਾਂ ਤੋਂ ਤਿੱਖੀ ਤੋਰ ਭਾਜਪਾ ਦੀ ਕੇਂ ਦਰੀ ਕਮਾਂਡ ਚੱਲਦੀ ਜਾਪਦੀ ਹੈ। ਉਸ ਦੀਆਂ ਨੀਤੀਆਂ ਵਿੱਚ ਭਾਰਤੀ ਲੋਕਾਂ ਦੀ ਬਹੁ-ਗਿਣਤੀ ਦੀਆਂ ਭਾਵਨਾਵਾਂ ਦਾ ਲਾਭ ਲੈਣ ਦਾ ਕੇਂਦਰੀ ਨੁਕਤਾ ਤਾਂ ਮੌਜੂਦ ਹੈ, ਪਰਪਾਰਟੀ ਦਾ ਘੇਰਾ ਵੱਡਾ ਕਰਨ ਵਾਸਤੇ ਉਹ ਪੁਰਾਣੇ-ਪਰਖੇ ਲੀਡਰ ਮੂਹਰੇ ਲਾਈ ਜਾਣ ਦੀ ਨੀਤੀ ਨਾਲ ਬੱਝੀ ਨਹੀਂ ਰਹੀ। ਆਸਾਮ ਦਾ ਮੁੱਖ ਮੰਤਰੀ ਸਾਲ 2015 ਤੱਕ ਕਾਂਗਰਸ ਦਾ ਆਗੂ ਤੇ ਉਸ ਰਾਜ ਦਾ ਮੰਤਰੀ ਰਹਿ ਚੁੱਕਾ ਸੀ, ਅਗਲੇ ਸਾਲ ਓਥੇ ਬਣਨ ਵਾਲੀ ਭਾਜਪਾ ਦੀ ਪਹਿਲੀ ਸਰਕਾਰ ਦਾ ਮੰਤਰੀ ਬਣਿਆ ਅਤੇ ਪੰਜ ਸਾਲਾਂ ਪਿੱਛੋਂ ਭਾਜਪਾ ਵੱਲੋਂ ਮੁੱਖ ਮੰਤਰੀ ਬਣ ਗਿਆ ਸੀ। ਅਰੁਣਾਚਲ ਦਾ ਅਜੋਕਾ ਭਾਜਪਾ ਮੁੱਖ ਮੰਤਰੀ ਸਤੰਬਰ 2016 ਤੱਕ ਕਾਂਗਰਸੀ ਹੁੰਦਾ ਸੀ ਤੇ ਭਾਜਪਾ ਵਿੱਚ ਆਉਣ ਪਿੱਛੋਂਦਸੰਬਰ 2016 ਤੋਂ ਭਾਜਪਾ ਵੱਲੋਂ ਮੁੱਖ ਮੰਤਰੀ ਬਣਿਆ ਪਿਆ ਹੈ। ਕਰਨਾਟਕ ਦਾ ਅਜੋਕਾ ਭਾਜਪਾ ਮੁੱਖ ਮੰਤਰੀ ਜਨਤਾ ਦਲ ਤੋਂ ਆਇਆ ਸੀ ਤੇ ਕੁਝ ਸਮਾਂ ਮੰਤਰੀ ਰਹਿਣ ਦੇ ਬਾਅਦ ਅੱਜਕੱਲ੍ਹ ਪਾਰਟੀ ਦਾ ਮੁੱਖ ਮੰਤਰੀ ਹੈ। ਮਨੀਪੁਰ ਵਿੱਚ ਭਾਜਪਾ ਮੁੱਖ ਮੰਤਰੀ ਨਾਗਥੌਂਬਮ ਬੀਰੇਨ ਸਿੰਘ ਅਕਤੂਬਰ 2016 ਤੱਕ ਕਾਂਗਰਸ ਸਰਕਾਰ ਦਾ ਮੰਤਰੀ ਹੁੰਦਾ ਸੀ, ਭਾਜਪਾ ਵਿੱਚ ਜਾਣ ਤੋਂ ਪੰਜ ਮਹੀਨੇ ਬਾਅਦ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਜਿੱਤ ਪਿੱਛੋਂ ਭਾਜਪਾ ਨੇ ਮੁੱਖ ਮੰਤਰੀ ਬਣਾ ਦਿੱਤਾ। ਮੇਘਾਲਿਆ ਵਿੱਚ ਮੁੱਖ ਮੰਤਰੀ ਕੋਨਰਾਡ ਸੰਗਮਾ ਪੁਰਾਣੇ ਕਾਂਗਰਸ ਆਗੂ ਪੂਰਨੋ ਸੰਗਮਾ ਦਾ ਪੁੱਤਰ ਹੈ, ਜਿਸ ਨੇ ਸੋਨੀਆ ਗਾਂਧੀ ਦੀ ਲੀਡਰੀ ਵਿਰੁੱਧ ਰੋਸ ਵਜੋਂ ਕਾਂਗਰਸ ਛੱਡੀ ਸੀ। ਪੱਛਮੀ ਬੰਗਾਲ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਭਾਜਪਾ ਦਾ ਆਗੂ ਅਤੇ ਅਗਲੀ ਵਾਰਮੁੱਖ ਮੰਤਰੀ ਦਾ ਚਿਹਰਾ ਸੁਵੇਂਦੂ ਅਧਿਕਾਰੀ ਪਿਛਲੇ ਸਾਲ ਅਸੈਂਬਲੀ ਚੋਣਾਂ ਹੋਣ ਤੱਕ ਤ੍ਰਿਣਮੂਲ ਕਾਂਗਰਸ ਵਿੱਚ ਸੀ। ਸਾਫ ਹੈ ਕਿ ਭਾਜਪਾ ਨੂੰ ਕਿਸੇ ਵੀ ਨਵੇਂ ਆਏ ਲੀਡਰ ਦੇ ਰਾਜਸੀ ਪਿਛੋਕੜ ਨਾਲ ਕੋਈ ਮਤਲਬ ਨਹੀਂ ਰਿਹਾ।

ਪੰਜਾਬ ਵਿੱਚ ਭਾਜਪਾ ਅਗਲੀਆਂ ਲੋਕ ਸਭਾ ਚੋਣਾਂ ਤੱਕ ਪਾਰਟੀ ਦੀ ਮੌਜੂਦਾ ਲੀਡਰਸ਼ਿਪ ਨੂੰ ਲਾਂਭੇ ਕਰਨ ਤੇ ਉਸ ਦੀ ਥਾਂ ਧੜੱਲੇਦਾਰ ਲੀਡਰਸ਼ਿਪ ਖੜੀ ਕਰਨ ਲਈ ਚਿਰਾਂ ਤੋਂ ਕੋਸ਼ਿਸ਼ ਕਰਦੀ ਪਈ ਸੀ। ਸੁਨੀਲ ਜਾਖੜ ਦੇ ਰੂਪ ਵਿੱਚ ਉਸ ਕੋਲ ਇੱਕ ਆਗੂ ਆ ਗਿਆ ਹੈ, ਜਿਸ ਨੂੰ ਪੰਜਾਬ ਦੇ ਕਿਸੇ ਵੀ ਹੋਰ ਭਾਜਪਾ ਆਗੂ ਤੋਂ ਚੰਗੀ ਪੰਜਾਬੀ ਬੋਲਣੀ ਅਤੇ ਆਮ ਲੋਕਾਂ ਦੇ ਮੁੱਦਿਆਂ ਦੀ ਗੱਲ ਕਰਨ ਦੀ ਜਾਚ ਹੈ। ਇਹ ਪ੍ਰਭਾਵ ਅਸ਼ਵਨੀ ਸ਼ਰਮਾ, ਸ਼ਵੇਤ ਮਲਿਕ, ਮਦਨ ਮੋਹਨ ਮਿੱਤਲ ਤੇ ਮਨੋਰੰਜਨ ਕਾਲੀਆ ਵਰਗੇ ਸ਼ਹਿਰੀ ਖੇਤਰ ਤੋਂ ਆਏ ਆਗੂ ਨਹੀਂ ਸੀ ਬਣਾ ਸਕੇ। ਡੇਰਾ ਬਾਬਾ ਨਾਨਕ ਜਦੋਂ ਕਰਤਾਰਪੁਰ ਸਾਹਿਬ ਦੇ ਲਾਂਘੇ ਦਾ ਉਦਘਾਟਨ ਕਰਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਏ ਤਾਂ ਉਸ ਵੇਲੇ ਹੀ ਸੁਨੀਲ ਜਾਖੜ ਨੂੰ ਇਹ ਗੱਲ ਕਹਿ ਗਏ ਸਨ ਕਿ ਕਦੀ ਦਿੱਲੀ ਆਉਂਦੇ ਹੋ ਤਾਂ ਮਿਲ ਜਾਇਆ ਕਰੋ। ਕਾਂਗਰਸੀਆਂ ਨੂੰ ਜਿਹੜੀ ਸਮਝ ਨਹੀਂ ਸੀ ਪਈ, ਉਹ ਪੱਤਰਕਾਰੀ ਖੇਤਰ ਦੇ ਕਈ ਲੋਕਾਂ ਨੂੰ ਓਦੋਂ ਪੈ ਗਈ ਸੀ ਤੇ ਇੱਕ ਸੀਨੀਅਰ ਪੱਤਰਕਾਰ ਨੇ ਅਗਲੇ ਦਿਨ ਜਲੰਧਰ ਵਿੱਚ ਕਈ ਪੱਤਰਕਾਰਾਂ ਨਾਲ ਬੈਠਿਆਂ ਇਸ ਦੀ ਚਰਚਾ ਬੜੀ ਉਚੇਚ ਨਾਲ ਕੀਤੀ ਸੀ। ਹਾਲਾਤ ਸਮਝਣ ਵਿੱਚ ਕਾਂਗਰਸੀਆਂ ਦੀ ਗਲਤੀ ਆਪਣੀ ਥਾਂ, ਅਹੁਦਿਆਂ ਲਈ ਹਾਬੜ ਆਪਣੀ ਥਾਂ, ਅਸਲ ਗੱਲ ਇਹ ਹੈ ਕਿ ਭਾਜਪਾ ਪੰਜਾਬ ਦੀ ਰਾਜਨੀਤੀ ਨੂੰ ਭੁਆਂਟਣੀ ਦੇਣ ਲਈ ਲੰਮੇ ਸਮੇਂ ਤੋਂ ਕੰਮ ਕਰਦੀ ਆਈ ਹੈ। ਅੱਜ ਇਹ ਕਹਿਣ ਦੀ ਕਿਸੇ ਨੂੰ ਵੀ ਲੋੜ ਨਹੀਂ ਕਿ ਕਾਂਗਰਸ ਪਾਰਟੀ ਆਪਣੇ ਆਖਰੀ ਸਫਰ ਦੀਆਂ ਤਿਆਰੀਆਂ ਕਰਦੀ ਪਈ ਹੈ ਤੇ ਇਸ ਦੀ ਮੌਜੂਦਾ ਪ੍ਰਧਾਨ ਦੇ ਪੁੱਤਰ-ਮੋਹ ਨੇ ਇਸ ਪਾਰਟੀ ਨੂੰ ਕਾਸੇ ਜੋਗੀ ਛੱਡਣਾ ਹੀ ਨਹੀਂ, ਪਰ ਉਹਸਭ ਭੁਲਾ ਕੇ ਪੰਜਾਬ ਬਾਰੇ ਸੋਚੀਏ ਤਾਂ ਸਾਫ ਦਿੱਸਦਾ ਹੈ ਕਿ ਭਾਜਪਾ ਪਲੈਨ-2024 ਲਈ ਆਪਣੀ ਸਿਆਸੀ ਖੇਡ ਦੇ ਮੋਹਰੇ ਵਿਛਾ ਚੁੱਕੀ ਹੈ ਅਤੇ ਉਹ ਸੁਨੀਲ ਜਾਖੜ ਨੂੰ ਅੱਜ ਅੱਗੇ ਲਾਉਣ ਜਾਂ ਚਾਰ ਦਿਨ ਠਹਿਰ ਕੇ, ਅਗਲੀ ਚੋਣ ਤੱਕ ਇਸ ਪਾਰਟੀ ਦੀ ਅਗਵਾਈ ਉਸ ਆਗੂ ਦੇ ਹੱਥ ਦਿੱਤੀ ਜਾਣ ਵਾਲੀ ਹੈ, ਜਿਹੜਾ ਪਹਿਲਾਂ ਕਾਂਗਰਸ ਦੀ ਅਗਵਾਈ ਏਸੇ ਪੰਜਾਬ ਰਾਜ ਵਿੱਚ ਬਾਖੂਬੀ ਕਰ ਚੁੱਕਾ ਹੈ।

ਅਗਲੀਆਂ ਲੋਕ ਸਭਾ ਚੋਣਾਂ ਵਿੱਚ ਮਸਾਂ ਦੋ ਸਾਲ ਬਾਕੀ ਰਹਿੰਦੇ ਤੋਂ ਜਿਹੜੇ ਹਾਲਾਤ ਬਣਦੇ ਜਾਪਦੇ ਹਨ ਤੇ ਜਿੱਦਾਂ ਦੇ ਸਿਆਸੀ ਸੰਕੇਤ ਸਾਫ ਦਿੱਸਣ ਲੱਗੇ ਹਨ, ਉਸ ਬਾਰੇ ਪੰਜਾਬ ਦੀ ਇੱਕ ਵੀ ਰਾਜਸੀ ਪਾਰਟੀ ਦੇ ਲੀਡਰਾਂ ਨੂੰ ਪਤਾ ਹੋਵੇ, ਇਸ ਬਾਰੇ ਕੋਈ ਨਹੀਂ ਜਾਣਦਾ। ਅਗਲੀ ਵਾਰੀ ਦੀਆਂ ਚੋਣਾਂ ਦੌਰਾਨ ਪੰਜਾਬ ਵਿੱਚ ਵੱਡੀ ਰਾਜਸੀ ਤਬਦੀਲੀ ਲਈ ਜਿਹੜਾ ਮੈਦਾਨ ਤਿਆਰ ਹੁੰਦਾ ਪਿਆ ਹੈ, ਉਸ ਦੇ

## ਹਵਾ ਪ੍ਰਦੂਸ਼ਣ ਬਨਾਮ ਭਵਿੱਖ



ਧਰਤੀ ਦੇ ਰਚਣਹਾਰੇ ਨੇ ਕਿੰਨੀ ਸੋਹਣੀ ਰਚਨਾ ਕੀਤੀ ਹੈ, ਕਿੰਨੇ ਸੋਹਣੇ ਪਹਾੜ, ਦਰੱਖਤ,ਝਿਲਮਿਲ ਕਰਦੇ ਪਾਣੀ ਦੇ ਝਰਨੇ, ਨਦੀਆਂ,ਦਰਿਆ , ਨੀਲੇ ਸਮੁੰਦਰ,ਹਜ਼ਾਰਾਂ ਕਿਸਮ ਦੇ ਜਲ ਤੇ ਥਲ ਉੱਤੇ ਰਹਿਣ ਵਾਲੇ ਜੀਵ ਜੰਤੂ , ਚਿਹਚਕਾਉਂਦੀਆ ਕਈ ਤਰ੍ਹਾਂ ਦੀਆਂ ਚਿੜੀਆਂ, ਦਿਲ ਟੁੰਬਵੀਂ ਅਵਾਜ਼ ਵਾਲੇ ਪੰਛੀ , ਪਤਾ ਨਹੀਂ ਕਿੰਨੀ ਤਰ੍ਹਾਂ ਦੇ ਫਲ ਤੇ ਰੰਗ ਬਿਰੰਗੇ ਫੁੱਲ ਜੋ ਚਾਰ ਚੁਫ਼ੇਰੇ ਮਹਿਕਾਂ ਬਿਖੇਰਦੇ ਹਨ । ਚੰਦ ਸੂਰਜ ਦੇ ਰੂਪ ਵਿੱਚ ਰੌਸ਼ਨੀ ਦੇ ਦੋ ਦੀਵੇ , ਕਿਤੇ ਬਰਫ਼ ਨਾਲ ਲੱਧੇ ਪਹਾੜ ਤੇ ਕਿਤੇ ਸੜਦੀ ਰੇਤਾ ਵਾਲਾ ਰੇਗਿਸਤਾਨ। ਇੱਕ ਅਜਿਹੀ ਰਚਨਾ ਜਿਸ ਦਾ ਕੋਈ ਅੰਤ ਨਹੀਂ ਪਾ ਸਕਦਾ। ਮਨੁੱਖ ਨੂੰ ਇਸ ਧਰਤੀ ਦਾ ਸਰਵਸ਼ੇਸ਼੍ਰ ਜੀਵ ਮੰਨਿਆ ਜਾਂਦਾ ਹੈ , ਕਿਉਂ ਇਸ ਵਿੱਚ ਚੀਜ਼ਾਂ ਨੂੰ ਸਮਝਣ, ਵਰਤਣ ਦੀ ਪਰਖ ਹੋਰਨਾਂ ਜੀਵਾਂ ਨਾਲੋਂ ਜਿਆਦਾ ਹੈ। ਕਾਦਰ ਦੀ ਕੁਦਰਤ ਦੇ ਅਨੋਖੇ ਝਲਕਾਰਿਆ ਨੂੰ ਮਾਨਣਾ ਮਨੁੱਖ ਦੀ ਕੁਦਰਤ ਨਾਲ ਨੇੜਤਾ ਨੂੰ ਵਧਾਉਂਦਾ ਹੈ। ਕੁਦਰਤ, ਵਾਤਾਵਰਣ ਸਾਡੇ ਜੀਵਨ ਦਾ ਸਭ ਤੋਂ ਮਹੱਤਵਪੂਰਣ ਅੰਗ ਹਨ। ਅੱਜ ਮਨੁੱਖ ਨੇ ਏਨੀ ਤਰੱਕੀ ਕਰ ਲਈ ਹੈ ਕਿ ਮਨੁੱਖ ਧਰਤੀ ਤੋਂ ਇਲਾਵਾ ਹੋਰਨਾਂ ਗ੍ਰਹਿਾਂ ਤੇ ਵੀ ਜੀਵਨ ਨੂੰ ਸੰਭਵ ਬਣਾਉਣ ਵਿੱਚ ਜੁਟਿਆ ਹੈ। ਪਰ ਇਸ ਤਰੱਕੀ ਦੇ ਰਾਹ ਤੇ ਚੱਲਦਿਆਂ ਮਨੁੱਖ ਨੇ ਪਤਾ ਨਹੀਂ ਕਿੰਨੇ ਜੀਵਨਾਂ ਨੂੰ ਜੋਖਮ ਵਿੱਚ ਧਕੇਲ ਦਿੱਤਾ ਹੈ, ਮਨੁੱਖ ਦੀ ਤਰੱਕੀ ਦਾ ਰਾਹ ਕੁਦਰਤ ਦੀ ਨਿਖੇਧੀ ਦੇ ਰਸਤੇ ਵਿੱਚੋਂ ਹੋਕੇ ਗੁਜ਼ਰਆ ਹੈ। ਪਿਛਲੇ ਕੁਝ ਸਮੇਂ ਤੋਂ ਵਾਤਾਵਰਣ ਵਿੱਚ ਅਜਿਹੀਆਂ ਤਬਦੀਲੀਆਂ ਆਈਆਂ ਕਿ ਮਨੁੱਖੀ ਜਨਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਜਿਸ ਦੀ ਸਭ ਤੋਂ ਵੱਡੀ ਉਦਹਾਰਣ ਹਵਾ, ਪਾਣੀ, ਮਿੱਟੀ ਪ੍ਰਦੂਸ਼ਣ ਕਰਕੇ ਵਧੀਆਂ ਲਾਇਲਾਜ਼ ਬਿਮਾਰੀਆਂ ਹਨ। ਜਦੋਂ ਅਸੀਂ ਕਿਸੇ ਆਪਣੇ ਕਿਸੇ ਨਜ਼ਦੀਕੀ ਦੀ ਬਿਮਾਰੀ ਜਾਂ ਮੌਤ ਬਾਰੇ ਸੁਣਦੇ ਹਾਂ ਤਾਂ ਅਸੀਂ ਬਹੁਤ ਭਾਵੁਕਤਾ ਨਾਲ ਭਰ ਜਾਂਦੇ ਹਾਂ ਪਰ ਜਦੋਂ ਹਜ਼ਾਰਾਂ ਲੋਕੀਂ ਵਾਤਾਵਰਣ ਪ੍ਰਦੂਸ਼ਣ ਨਾਲ ਬਿਮਾਰ ਤੇ ਅਪਾਹਿਜ ਹੁੰਦੇ ਹਨ ਤਾਂ ਸਾਡੇ ਮੱਥੇ ਤੇ ਸ਼ਿਕਨ ਘੱਟ ਹੀ ਵੇਖਣ ਨੂੰ ਮਿਲਦੀ ਹੈ। ਅਸੀਂ ਵਾਤਾਵਰਣ ਦੀ ਸਾਂਭ ਸੰਭਾਲ ਪ੍ਰੀ ਬਿਲਕੁਲ ਵੀ ਜਾਗਰੂਕ ਨਹੀਂ ਹਾਂ।

ਭਾਵੇਂ ਪ੍ਰਦੂਸ਼ਣ ਦੀ ਹਰ ਕਿਸਮ ਹਾਨੀਕਾਰਕ ਹੈ ਪਰ ਹਵਾ ਪ੍ਰਦੂਸ਼ਣ ਅੱਜ ਸਭ ਤੋਂ ਘਾਤਕ ਰੂਪ ਅਖ਼ਤਿਆਰ ਕਰ ਚੁੱਕਾ ਹੈ। ਵਿਸ਼ਵ ਸਿਹਤ ਸੰਗਠਨ ਦੁਆਰਾ ਕੀਤੇ ਗਏ ਸਰਵੇਖਣਾਂ ਅਤੇ ਨੈਸ਼ਨਲ ਅਕੈਡਮੀ ਆਫ਼ ਸਾਈਂਸਿਜ਼' ਵਿੱਚ ਪ੍ਰਕਾਸ਼ਤਿ ਅਧਿਐਨ ਮੁਤਾਬਕ "ਸਾਡੇ ਕੋਲ ਇਸ ਗੱਲ ਦਾ ਸਬੂਤ ਹੈ ਕਿ ਮੌਖਿਕ ਟੈਸਟਾਂ 'ਤੇ ਹਵਾ ਦੇ ਪ੍ਰਦੂਸ਼ਣ ਦਾ ਅਸਰ ਉਮਰ ਵੱਧਣ 'ਤੇ ਵਧੇਰੇ ਹੁੰਦਾ ਹੈ, ਖਾਸ ਤੌਰ 'ਤੇ ਮਰਦਾਂ ਅਤੇ ਘੱਟ ਪੜ੍ਹੇ ਲਿਖੇ ਲੋਕਾਂ 'ਉੱਪਰ" । ਅਧਿਐਨ ਮੁਤਾਬਕ ਪ੍ਰਦੂਸ਼ਣ ਅਲਜ਼ਾਈਮਰ ਅਤੇ ਡਿਮੇਨਸ਼ੀਆ ਵਰਗੀਆਂ ਬੀਮਾਰੀਆਂ ਦੇ ਖਤਰੇ ਨੂੰ ਵਧਾਉਂਦਾ ਹੈ।ਇਸ ਤੋਂ ਇਲਾਵਾ 2010-2014 ਵਿੱਚ ਲੜਕੇ ਅਤੇ ਲੜਕੀਆਂ ਉੱਪਰ ਕੀਤੇ ਇੱਕ ਸਰਵੇਖਣ ਤੋਂ ਪਤਾ ਲੱਗਾ ਕਿ ਪ੍ਰਦੂਸ਼ਣ ਦਾ ਵਿਦਿਆਰਥੀਆਂ ਦੀ ਸੋਚਣ-ਸਮਝਣ ਦੀ ਸ਼ਕਤੀ 'ਤੇ ਮਾੜਾ ਅਸਰ ਪੈਂਦਾ ਹੈ। ਹਵਾ ਪ੍ਰਦੂਸ਼ਣ ਕਾਰਨ ਹਰ ਸਾਲ 7 ਮਿਲੀਅਨ ਲੋਕਾਂ ਦੀ ਮੌਤ ਹੁੰਦੀ ਹੈ। ਦੁਨੀਆ ਭਰ ਵਿੱਚ 2016 ਵਿੱਚ ਹਵਾ ਪ੍ਰਦੂਸ਼ਣ ਕਾਰਨ 4.2 ਮਿਲੀਅਨ ਮੌਤਾਂ ਹੋਈਆਂ। 91% ਦੁਨੀਆ ਦੀ ਆਬਾਦੀ ਅਜਿਹੇ ਵਾਤਾਵਰਨ ਵਿੱਚ ਰਹਿੰਦੀ ਹੈ ਜਿੱਥੇ ਹਵਾ ਦੀ ਗੁਣਵੱਤਾ ਵਿਸ਼ਵ ਸਿਹਤ ਸੰਗਠਨ ਦੇ ਤੈਅ ਮਾਪਦੰਡਾਂ ਤੋਂ ਵੱਧ ਹਨ। ਜੇਕਰ ਗੱਲ ਭਾਰਤ ਦੀ ਕੀਤੀ ਜਾਵੇ ਤਾਂ ਭਾਰਤ ਦੇ 14 ਸ਼ਹਿਰ ਦੁਨੀਆ ਦੇ 20 ਸਭ ਤੋਂ ਪ੍ਰਦੂਸ਼ਤਿ ਸ਼ਹਿਰਾਂ ਵਿੱਚ ਹਨ।ਵਿਸ਼ਵ ਸਿਹਤ ਸੰਗਠਨ ਦੇ ਅਨੁਸਾਰ

ਦੁਨੀਆ ਵਿੱਚ 10 ਵਿੱਚੋਂ 9 ਲੋਕ ਪ੍ਰਦੂਸ਼ਣ ਵਾਲੀ ਹਵਾ ਵਿੱਚ ਸਾਹ ਲੈਂਦੇ ਹਨ। ਇਹਨਾਂ ਕੁਝ ਸਰਵੇਖਣਾਂ ਤੋਂ ਅਸੀਂ ਅੰਦਾਜ਼ਾ ਲਗਾ ਸਕਦੇ ਹਾਂ ਕਿ ਹਵਾ ਪ੍ਰਦੂਸ਼ਣ ਨੂੰ ਤਬਦੀਲੀਯੋਗ ਖ਼ਤਰੇ ਵਜੋਂ ਦੇਖਿਆ ਜਾ ਸਕਦਾ ਹੈ।

ਜੇਕਰ ਗੁਰੂ ਗ੍ਰੰਥ ਸਾਹਿਬ ਦੀ ਗੁਰਬਾਣੀ ਤੋਂ ਅਗਵਾਈ ਲਈਏ ਤਾਂ ਗੁਰਬਾਣੀ ਨੇ ਬਨਸਪਤੀ ਦੀ ਸਾਂਭ ਸੰਭਾਲ ਦੀ ਖਾਸ ਤਾਕੀਦ ਕੀਤੀ ਹੈ। ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਜਿਆਦਾ ਬਾਣੀ ਵਿੱਚ ਕੁਦਰਤ, ਬਨਸਪਤੀ ਦਾ ਜ਼ਕਿਰ ਹੋਇਆ ਹੈ। ਗੁਰੂ ਸਾਹਿਬ ਨੇ ਹਵਾ, ਪਾਣੀ,ਧਰਤ ਨੂੰ ਗੁਰੂ, ਪਿਤਾ, ਮਾਤਾ ਖਾਸ ਰੁਤਬਿਆਂ ਨਾਲ ਨਿਵਾਜਿਆ ਹੈ । ਪਰ ਮਨੁੱਖ ਹੈ ਕਿ ਆਪਣੀ ਜ਼ਿੰਮੇਵਾਰੀ ਤੋਂ ਅਵੇਸਲਾ ਹੋਇਆ ਅੰਨ੍ਹੇਵਾਹ ਕੁਦਰਤ ਦਾ ਘਾਣ ਕਰ ਰਿਹਾ ਹੈ। ਸਾਡੀਆਂ ਕੁਦਰਤ ਦੀ ਸਾਂਭ ਸੰਭਾਲ ਨੂੰ ਲੈਕੇ ਇਹ ਅਣਗਹਿਲੀਆਂ ਸਾਡਾ ਅਤੇ ਆਉਣ ਵਾਲੀਆਂ ਹੋਰ ਪੀੜੀਆਂ ਦੇ ਜੀਵਨ ਨੂੰ ਵਿਨਾਸ਼ ਵੱਲ ਧਕੇਲ ਦੇਣਗੀਆਂ। ਅੱਜ ਅਸੀਂ ਪੱਥਰਾਂ ਦੇ ਘਰਾਂ , ਸ਼ਹਿਰਾਂ ਦੇ ਵਸਨੀਕ ਬਣ ਬਣਾਉਟੀ ਫੁੱਲਾਂ, ਗੁਲਦਸਤਿਆਂ ਵਿਚੋਂ ਮਹਿਕਾਂ ਲੱਭਣ ਵਿੱਚ ਜੁੱਟੇ ਹੋਏ ਹਾਂ ਅਤੇ ਕੁਦਰਤ ਦੀ ਅਹਿਮੀਅਤ ਨੂੰ ਅੱਖੋਂ ਪਰੋਖਾ ਕਰ ਰਹੇ ਹਾਂ।

ਅੱਜ ਹਵਾ ਪ੍ਰਦੂਸ਼ਣ ਦਾ ਸਭ ਤੋਂ ਵੱਡਾ ਕਾਰਣ ਬਣੇ ਡੀਜਲ ਤੋਂ ਚੱਲਦੇ ਵਾਹਨ, ਫੈਕਟਰੀਆਂ ਵਿਚੋਂ ਨਿਕਲਦਾ ਦੂਸ਼ਿਤ ਧੂੰਆਂ, ਫਸਲਾਂ ਦੀ ਰਹਿਦ ਖੂੰਹਦ ਨੂੰ ਲੱਗਦੀਆਂ ਅੱਗਾਂ ਤੇ ਅੰਨ੍ਹੇਵਾਹ ਹੋ ਰਹੀ ਰੁੱਖਾਂ ਦੀ ਕਟਾਈ ਹੈ। ਇੱਕ ਛੋਟਾ ਜਿਹਾ ਪੌਦਾ ਰੁੱਖ ਬਣਨ ਵਿੱਚ ਕਿੰਨੇ ਵਰ੍ਹੇ ਲੈਂਦਾ ਹੈ, ਪਰ ਸਾਡੀ ਅਖੌਤੀ ਤਰੱਕੀ ਦੇ ਨਾਮ ਤੇ ਲੋੜ ਪੈਣ ਤੇ ਕਿਸੇ ਨਵੀਂ ਇਮਾਰਤ ਨੂੰ ਬਣਾਉਣ ਲਈ ਜੇ. ਸੀ. ਬੀ ਦੇ ਜਬਾੜੇ ਵਿੱਚ ਰੁੱਖ ਨੂੰ ਪਾ ਦੁੱਧ ਚ ਪਈ ਮੱਖੀ ਵਾਂਗ ਪੁੱਟ ਕੇ ਸੁੱਟ ਦਿੱਤਾ ਜਾਂਦਾ ਹੈ।

ਹਾਲੇ ਵੀ ਸਮਾਂ ਹੈ, ਸਮੇਂ ਦੀ ਨਜ਼ਾਕਤ ਨੂੰ ਸਮਝੀਏ ਅਤੇ ਕੁਦਰਤੀ ਸਾਧਨਾਂ ਦੀ ਵਰਤੋਂ ਪ੍ਰੀ ਸੁਚੇਤ ਹੋਈਏ। ਹਵਾ, ਪਾਣੀ ਤੇ ਧਰਤ ਨੂੰ ਬਚਾ ਲਈਏ। ਸੁਗੰਧਾਂ ਭਰੀ ਠੰਡੀ ਹਵਾ, ਅੰਮ੍ਰਿ ਵਰਗਾ ਪਾਣੀ ਸਾਨੂੰ ਕੁਦਰਤ ਨੇ ਮੁਫ਼ਤ ਦਿੱਤਾ ਹੈ, ਇਸਦੀ ਕਦਰ ਕਰੀਏ ਨਹੀਂ ਤਾਂ ਉਹ ਦਿਨ ਦੂਰ ਨਹੀਂ ਜਿਸ ਦਿਨ ਸਾਡੀਆਂ ਆਉਣ ਵਾਲੀਆਂ ਪੀੜੀਆਂ ਲਈ ਦੂਸ਼ਿਤ ਹਵਾ ਵਿੱਚ ਸਾਹ ਲੈਣਾ ਮੁਸ਼ਕਲ ਹੋ ਜਾਵੇਗਾ ਅਤੇ ਉਹਨਾਂ ਦਾ ਜੀਵਨ ਦੁੱਭਰ ਹੋ ਜਾਵੇਗਾ ।ਕੁਝ ਜਿਆਦਾ ਨਹੀਂ ਤਾਂ ਹਰ ਘਰ ਵਿੱਚ ਜਿੰਨੇ ਪਰਿਵਾਰ ਦੇ ਮੈਂਬਰ ਹਨ , ਆਪਣੇ ਸਾਹ ਲੈਣ ਲਈ ਆਪਣੇ ਹਿੱਸੇ ਦਾ ਇੱਕ ਇੱਕ ਰੁੱਖ ਜਰੂਰ ਲਾਉਣ, ਕਿਉਂਕਿ ਰੁੱਖ ਹਵਾ ਨੂੰ ਸਾਫ਼ ਤੇ ਸ਼ੁੱਧ ਕਰਨ ਵਿੱਚ ਸਭ ਤੋਂ ਵੱਡੀ ਭੂਮਿਕਾ ਨਿਭਾਉਂਦੇ ਹਨ। ਬਨਸਪਤੀ ਨਾਲ ਪਿਆਰ ਤੇ ਇਸਦੀ ਸਾਂਭ ਸੰਭਾਲ ਹੀ ਸਾਡੇ ਕੋਲ ਇੱਕ ਮਾਤਰ ਰਸਤਾ ਹੈ ਜਿਸ ਨਾਲ ਅਸੀਂ ਆਉਣ ਵਾਲੀਆਂ ਪੀੜੀਆਂ ਦਾ ਜੀਵਨ ਬਚਾ ਸਕਦੇ ਹਾਂ।

*-ਹਰਕੀਰਤ ਕੌਰ*

## ਬਾਰ੍ਹਵੀਂ ਜਮਾਤ ਤੋਂ ਬਾਅਦ ਕਰੀਅਰ ਦੇ ਵਿਕਲਪ

ਇੰਜਨੀਅਰਿੰਗ, ਮੈਡੀਕਲ, ਚਾਰਟਰਡ ਅਕਾਊਂਟੈਂਟ ਸਭ ਕੁਝ ਨਹੀਂ ਹੈ ਪਰ 12ਵੀਂ ਤੋਂ ਬਾਅਦ ਕਈ ਹੋਰ ਕਰੀਅਰ ਵਿਕਲਪ ਉਪਲਬਧ ਹਨ ਜਿਨ੍ਹਾਂ ਨੂੰ ਖੋਜਣ ਦੀ ਲੋੜ ਹੈ।

ਬਹੁਤ ਸਾਰੇ ਵਿਦਿਆਰਥੀ ਆਪਣੇ ਮਾਪਿਆਂ ਜਾਂ ਬਜ਼ੁਰਗਾਂ ਦੀ ਸਲਾਹ ਦੇ ਆਧਾਰ 'ਤੇ ਆਪਣਾ ਕਰੀਅਰ ਚੁਣਦੇ ਹਨ।

ਆਪਣੇ ਹੁਨਰ, ਰੁਚੀਆਂ ਅਤੇ ਯੋਗਤਾਵਾਂ ਦੇ ਅਨੁਸਾਰ 12ਵੀਂ ਜਮਾਤ ਤੋਂ ਬਾਅਦ ਆਪਣਾ ਅਕਾਦਮਿਕ ਕਰੀਅਰ ਚੁਣਨਾ ਮਹੱਤਵਪੂਰਨ ਹੈ।

12ਵੀਂ ਜਮਾਤ ਤੋਂ ਬਾਅਦ ਤੁਸੀਂ ਕੀ ਪੜ੍ਹ ਸਕਦੇ ਹੋ? ਇਹ ਸਭ ਤੋਂ ਉਲਝਣ ਵਾਲਾ ਪੜਾਅ ਹੈ ਜਿਸ ਦਾ ਸਾਹਮਣਾ ਵਿਦਿਆਰਥੀ 12ਵੀਂ ਜਮਾਤ ਦੀਆਂ ਬੋਰਡ ਪ੍ਰੀਖਿਆਵਾਂ ਪਾਸ ਕਰਨ ਤੋਂ ਬਾਅਦ ਕਰਦੇ ਹਨ ਜਿੱਥੇ ਉਨ੍ਹਾਂ ਨੂੰ ਤਿੰਨ ਸਟ੍ਰੀਮਾਂ (ਸਾਇੰਸ/ਕਾਮਰਸ/ਆਰਟਸ) ਵਿੱਚੋਂ ਚੋਣ ਕਰਨੀ ਪੈਂਦੀ ਹੈ। ਇਸ ਸਥਿਤੀ ਵਿੱਚ, ਬਹੁਤ ਸਾਰੇ ਵਿਦਿਆਰਥੀ ਆਪਣੇ ਮਾਪਿਆਂ ਜਾਂ ਬਜ਼ੁਰਗਾਂ ਦੀ ਸਲਾਹ ਦੇ ਅਧਾਰ ਤੇ ਆਪਣਾ ਕਰੀਅਰ ਚੁਣਦੇ ਹਨ।

ਇੰਜਨੀਅਰਿੰਗ, ਮੈਡੀਕਲ ਅਤੇ ਚਾਰਟਰਡ ਅਕਾਊਂਟੈਂਟ ਕੈਰੀਅਰ ਸਭ ਕੁਝ ਨਹੀਂ ਹੈ -- 12ਵੀਂ ਤੋਂ ਬਾਅਦ ਬਹੁਤ ਸਾਰੇ ਹੋਰ ਕੈਰੀਅਰ ਵਿਕਲਪ ਉਪਲਬਧ ਹਨ ਜਿਨ੍ਹਾਂ ਨੂੰ ਖੋਜਣ ਦੀ ਲੋੜ ਹੈ ਭਾਵੇਂ ਕਿ 93% ਵਿਦਿਆਰਥੀ ਸਿਰਫ਼ ਸੱਤ ਕੈਰੀਅਰ ਵਿਕਲਪਾਂ ਬਾਰੇ ਜਾਣਦੇ ਹਨ।

ਹੋਰ ਖੇਤਰ ਨਾ ਸਿਰਫ਼ ਚੰਗੇ ਮੌਕੇ ਪ੍ਰਦਾਨ ਕਰਦੇ ਹਨ ਬਲਕਿ ਸਾਰੇ ਦੂਜਿਆਂ ਤੋਂ ਵੱਖਰੇ ਹੁੰਦੇ ਹਨ ਅਤੇ ਸਾਥੀਆਂ ਤੋਂ ਘੱਟ ਮੁਕਾਬਲਾ ਦੇਖ ਸਕਦੇ ਹਨ।

1. ਫੈਸ਼ਨ ਡਿਜ਼ਾਈਨਿੰਗ:

ਫੈਸ਼ਨ ਡਿਜ਼ਾਈਨਿੰਗ ਨੂੰ ਇੱਕ ਵਿਦਅਕ ਸਟਰੀਮ ਵਿੱਚ ਸਭ ਤੋਂ ਵੱਧ ਰਚਨਾਤਮਕ ਕੋਰਸ ਵਿਕਲਪਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ, ਨਾ ਸਿਰਫ਼ ਭਾਰਤ ਵਿੱਚ ਸਗੋਂ ਵਿਦੇਸ਼ਾਂ ਵਿੱਚ ਵੀ।

ਚਾਹਵਾਨ ਅੰਡਰ ਗ੍ਰੈਜੂਏਟ ਜਾਂ ਪੋਸਟ ਗ੍ਰੈਜੂਏਟ ਪੱਧਰ 'ਤੇ ਵੀ ਫੈਸ਼ਨ ਡਿਜ਼ਾਈਨਿੰਗ ਦਾ ਪਿੱਛਾ ਕਰ ਸਕਦੇ ਹਨ। ਇਸ ਤੋਂ ਇਲਾਵਾ, ਚਾਹਵਾਨ ਫੈਸ਼ਨ ਡਿਜ਼ਾਈਨ ਦੇ ਖੇਤਰ ਵਿੱਚ ਥੋੜ੍ਹੇ ਸਮੇਂ ਲਈ ਡਿਪਲੋਮਾ ਜਾਂ ਸਰਟੀਫਿਕੇਟ ਪ੍ਰੋਗਰਾਮ ਵੀ ਕਰ ਸਕਦੇ ਹਨ।

ਇੱਕ ਫੈਸ਼ਨ ਡਿਜ਼ਾਈਨਰ ਵਜੋਂ ਆਪਣਾ ਕਰੀਅਰ ਬਣਾਉਣ ਲਈ, ਇੱਕ ਕਲਾਤਮਕ ਅਤੇ ਸਿਰ-ਜਣਾਤਮਕ ਸ਼ਖਸੀਅਤ ਹੋਣੀ ਚਾਹੀਦੀ ਹੈ ਅਤੇ ਉਸ ਕੋਲ ਵਧੀਆ ਡਰਾਇੰਗ ਹੁਨਰ ਹੋਣਾ ਚਾਹੀਦਾ ਹੈ।

ਚਾਹਵਾਨ ਜਿਨ੍ਹਾਂ ਨੇ ਆਪਣੀ 12ਵੀਂ ਜਮਾਤ ਦੀ ਪੜ੍ਹਾਈ ਕਿਸੇ ਵੀ ਸਟਰੀਮ ਤੋਂ ਪਾਸ ਕੀਤੀ ਹੈ, ਉਹ ਫੈਸ਼ਨ ਡਿਜ਼ਾਈਨਿੰਗ ਕੋਰਸ ਕਰ ਸਕਦੇ ਹਨ।

2. ਨੈਸ਼ਨਲ ਡਿਫੈਂਸ ਅਕੈਡਮੀ:

ਸਾਡੇ ਦੇਸ਼ ਵਿੱਚ ਸਭ ਤੋਂ ਮਸ਼ਹੂਰ ਪ੍ਰਵੇਸ਼ ਪ੍ਰੀਖਿਆਵਾਂ ਵਿੱਚੋਂ ਇੱਕ ਦਾ ਆਯੋਜਨ ਕਰਦਾ ਹੈ, ਜੋ ਕਿ ਆਰਮੀ, ਨੇਵੀ, ਏਅਰ ਫੋਰਸ ਵਿੰਗ, ਅਤੇ ਇੰਡੀਅਨ ਨੇਵਲ ਅਕੈਡਮੀ ਕੋਰਸ ਵਿੱਚ ਦਾਖਲੇ ਲਈ ਕਰਵਾਈ ਜਾਂਦੀ ਹੈ।

ਪ੍ਰੀਖਿਆ ਸਾਲ ਵਿੱਚ ਦੋ ਵਾਰ ਦੋ ਪੜਾਵਾਂ ਵਿੱਚ ਕਰਵਾਈ ਜਾਂਦੀ ਹੈ: ਇੱਕ ਲਿਖਤੀ ਪ੍ਰੀਖਿਆ ਅਤੇ ਇੰਟਰਵਿਊ। ਲਗਪਗ ਲੱਖਾਂ ਵਿਦਿਆਰਥੀ ਦਾਖਲਾ ਪ੍ਰੀਖਿਆ ਲਈ ਬੈਠਦੇ ਹਨ, ਜਿਨ੍ਹਾਂ ਵਿੱਚੋਂ ਸਿਰਫ਼ 600 ਵਿਦਿਆਰਥੀਆਂ ਨੂੰ ਇੰਟੈਲੀਜੈਂਸ ਅਤੇ ਪਰਸਨੈਲਿਟੀ ਟੈਸਟ ਲਈ ਇੰਟਰਵਿਊ ਲਈ ਬੁਲਾਇਆ ਜਾਂਦਾ ਹੈ।

ਜਿਹੜੇ ਵਿਦਿਆਰਥੀ 12ਵੀਂ ਜਮਾਤ ਪਾਸ ਕਰ ਚੁੱਕੇ ਹਨ ਜਾਂ ਪਾਸ ਹੋਏ ਹਨ, ਉਹ ਵੀ ਫਿਜ਼ਕਿਸ, ਕੈਮਿਸਟਰੀ ਅਤੇ ਗਣਿਤ ਦੇ ਵਿਸ਼ਿਆਂ ਨਾਲ ਅਪਲਾਈ ਕਰ ਸਕਦੇ ਹਨ।

ਕੋਰਸ ਦੀ ਸੁਰੂਆਤ ਦੇ ਦੌਰਾਨ ਇਸ ਲਈ ਉਮਰ ਯੋਗਤਾ 15.7 ਸਾਲ -18.7 ਸਾਲ ਹੈ।

3. ਯਾਤਰਾ ਅਤੇ ਸੈਰ-ਸਪਾਟਾ ਪ੍ਰਬੰਧਨ:

ਯਾਤਰਾ ਅਤੇ ਸੈਰ-ਸਪਾਟਾ ਪ੍ਰਬੰਧਨ ਦਾ ਬੈਚਲਰ ਉਹਨਾਂ ਵਿਦਿਆਰਥੀਆਂ ਲਈ ਇੱਕ ਵਿਸ਼ੇਸ਼ ਅੰਡਰਗ੍ਰੈਜੁਏਟ ਕੋਰਸ ਹੈ ਜੋ ਯਾਤਰਾ ਅਤੇ ਸੈਰ-ਸਪਾਟਾ ਪ੍ਰਬੰਧਨ ਵਿੱਚ ਡਿਗਰੀ ਪ੍ਰਾਪਤ ਕਰਨਾ ਚਾਹੁੰਦੇ ਹਨ।

ਇਹ ਤਿੰਨ ਜਾਂ ਚਾਰ ਸਾਲਾਂ ਦਾ (ਸੰਸਥਾਨ 'ਤੇ ਨਿਰਭਰ ਕਰਦਾ ਹੈ) ਅੰਡਰਗਰੈਜੂਏਟ ਕੋਰਸ ਹੈ।

ਕਾਮਰਸ ਸਟਰੀਮ ਵਿੱਚ 12ਵੀਂ ਜਮਾਤ ਪਾਸ ਕਰਨ ਵਾਲੇ ਵਿਦਿਆਰਥੀ ਇਸ ਕੋਰਸ ਲਈ ਅਪਲਾਈ ਕਰ ਸਕਦੇ ਹਨ।

ਯਾਤਰਾ ਅਤੇ ਸੈਰ-ਸਪਾਟਾ ਖੇਤਰ ਜਿਵੇਂ ਕਿ ਅੰਤਰਰਾਸ਼ਟਰੀ ਯਾਤਰਾ ਅਤੇ ਸੈਰ-ਸਪਾਟਾ ਉਦਯੋਗਾਂ, ਸੈਰ-ਸਪਾਟਾ ਬੋਰਡਾਂ ਆਦਿ ਵਿੱਚ ਨੌਕਰੀਆਂ ਦੇ ਭਰਪੂਰ ਮੌਕੇ ਉਪਲਬਧ ਹਨ।

4. ਡਾਟਾ ਸਾਇੰਸ ਅਤੇ ਵਿਸ਼ਲੇਸ਼ਣ ਵਿੱਚ ਬੀਐਸਸੀ:

ਡੇਟਾ ਵਿਗਿਆਨ ਇੱਕ ਬਹੁ-ਅਨੁਸ਼ਾਸਨੀ ਖੇਤਰ ਹੈ ਜੋ ਕੱਚੇ ਅਤੇ ਢਾਂਚਾਗਤ ਡੇਟਾ ਦੇ ਇੱਕ ਵੱਡੇ ਸਮੂਹ ਤੋਂ ਕਾਰਵਾਈਯੋਗ ਸੂਝ ਲੱਭਣ 'ਤੇ ਕੇਂਦ੍ਰਿਤ ਹੈ ਜਿੱਥੇ ਡੇਟਾ ਵਿਸ਼ਲੇਸ਼ਣ ਮੌਜੂਦਾ ਡੇਟਾਸੈਟਾਂ ਦੇ ਸੰਖਿਆਤਮਕ ਵਿਸ਼ਲੇਸ਼ਣ ਦੀ ਪ੍ਰਕਿਰਿਆ ਅਤੇ ਪ੍ਰਦਰਸ਼ਨ 'ਤੇ ਕੇਂਦ੍ਰਤ ਕਰਦਾ ਹੈ।

ਇਸ ਕੋਰਸ ਦੀ ਅਕਾਦਮਿਕ ਮਿਆਦ ਤਿੰਨ ਸਾਲ ਦੀ ਹੈ।

ਸਿਰਫ਼ ਉਹ ਵਿਦਿਆਰਥੀ ਜਿਨ੍ਹਾਂ ਨੇ ਆਪਣੀ 12ਵੀਂ ਜਮਾਤ ਪੀਸੀਐਮ/ਸਟੈਟਿਸਟਿਕਸ/ਕੰਪਿਊਟਰ ਸਾਇੰਸ ਨਾਲ ਪਾਸ ਕੀਤੀ ਹੈ, ਉਹ ਇਸ ਕੋਰਸ ਲਈ ਅਪਲਾਈ ਕਰ ਸਕਦੇ ਹਨ।

ਡਾਟਾ ਸਾਇੰਸ ਪੇਸ਼ੇਵਰਾਂ ਨੂੰ ਆਮ ਤੌਰ 'ਤੇ ਫਰਮਾਂ, ਵਪਾਰਕ ਫਰਮਾਂ ਕੰਸਲਟੈਂਸੀਜ਼, & ਫਰਮਾਂ, ਆਦਿ ਦੁਆਰਾ ਨਿਯੁਕਤ ਕੀਤਾ ਜਾਂਦਾ ਹੈ। ਇਹਨਾਂ ਥਾਵਾਂ 'ਤੇ, ਉਹਨਾਂ ਨੂੰ ਡੇਟਾ ਵਿਸ਼ਲੇਸ਼ਕ, ਪ੍ਰੋਜੈਕਟ ਮੈਨੇਜਰ ਸਲਾਹਕਾਰ ਵਜੋਂ ਨਿਯੁਕਤ ਕੀਤਾ ਜਾਂਦਾ ਹੈ।

5. ਪਾਇਲਟ:

ਇੱਕ ਪਾਇਲਟ ਇੱਕ ਕਿਸਮ ਦਾ ਏਅਰਕ੍ਰ ਅਧਿਕਾਰੀ ਹੁੰਦਾ ਹੈ ਜੋ ਇੱਕ ਹਵਾਈ ਜਹਾਜ਼ ਦੇ ਉਡਾਣ ਨਿਯੰਤਰਣ ਨੂੰ ਚਲਾਉਂਦਾ ਹੈ। ਪਾਇਲਟ ਨੂੰ ਏਵੀਏਟਰ ਵੀ ਕਿਹਾ ਜਾਂਦਾ ਹੈ।

ਪਾਇਲਟ ਹੋਣ ਦੇ ਨਾਤੇ, ਤੁਹਾਡੇ ਕੋਲ ਦੁਨੀਆ ਭਰ ਦੀ ਯਾਤਰਾ ਕਰਨ ਦਾ ਮੌਕਾ ਹੈ। ਭਾਰਤ ਵਿੱਚ ਵੱਖ-ਵੱਖ ਪਾਇਲਟ-ਸਿਖਲਾਈ ਸੰਸਥਾਵਾਂ ਹਨ।

ਜਿਨ੍ਹਾਂ ਵਿਦਿਆਰਥੀਆਂ ਨੇ ਪੀਸੀਐਮ ਵਿਸ਼ਿਆਂ ਨਾਲ 12ਵੀਂ ਜਮਾਤ ਪਾਸ ਕੀਤੀ ਹੈ, ਉਹ ਇਸ ਕੋਰਸ ਲਈ ਅਪਲਾਈ ਕਰ ਸਕਦੇ ਹਨ। ਕਿਸੇ ਚੋਟੀ ਦੀ ਸਿਖਲਾਈ ਸੰਸਥਾ ਵਿੱਚ ਦਾਖਲਾ ਲੈਣ ਲਈ, ਵਿਦਿਆਰਥੀਆਂ ਨੂੰ ਦਾਖਲਾ ਪ੍ਰੀਖਿਆਵਾਂ ਲਈ ਯੋਗਤਾ ਪੂਰੀ ਕਰਨੀ ਪੈਂਦੀ ਹੈ ਅਤੇ ਉਹਨਾਂ ਕੋਲ ਚੰਗੀ , ਸਮੱਸਿਆ ਹੱਲ ਕਰਨ ਦੀਆਂ ਤਕਨੀਕਾਂ ਅਤੇ ਹਵਾਬਾਜ਼ੀ ਉਦਯੋਗ ਦੇ ਮਾਪਦੰਡਾਂ ਅਨੁਸਾਰ ਸਰੀਰਕ ਤੌਰ 'ਤੇ ਫਿੱਟ ਹੋਣਾ ਲਾਜ਼ਮੀ ਹੁੰਦਾ ਹੈ।

ਕਰੀਅਰ ਦੀ ਚੋਣ ਕਰਨਾ ਤੁਹਾਡੇ ਜੀਵਨ ਦੇ ਮਹੱਤਵਪੂਰਨ ਫੈਸਲਿਆਂ ਵਿੱਚੋਂ ਇੱਕ ਹੈ। ਤੁਹਾਡੇ ਮਾਤਾ-ਪਿਤਾ ਜਾਂ ਬਜ਼ੁਰਗਾਂ ਦੁਆਰਾ ਚੁਣਿਆ ਗਿਆ ਕਰੀਅਰ ਤੁਹਾਡੇ ਲਈ ਢੁਕਵਾਂ ਨਹੀਂ ਹੋ ਸਕਦਾ। ਇਸ ਲਈ ਆਪਣੇ ਹੁਨਰ, ਰੁਚੀਆਂ ਅਤੇ ਯੋਗਤਾਵਾਂ ਦੇ ਅਨੁਸਾਰ 12ਵੀਂ ਜਮਾਤ ਤੋਂ ਬਾਅਦ ਆਪਣਾ ਅਕਾਦਮਿਕ ਕਰੀਅਰ ਚੁਣਨਾ ਮਹੱਤਵਪੂਰਨ ਹੈ।

*-ਵਿਜੈ ਗਰਗ*

*ਰਿਟਾਇਰਡ ਪ੍ਰਿੰਸੀਪਲ*




# ਪੰਜਾਬ ਵਿੱਚ ਵਿਧਾਇਕਾਂ ਤੇ ਵਜ਼ੀਰਾਂ ਦੇ ਸਕੇ-ਸੰਬੰਧੀਆਂ ਦੇ ਟੌਹਰ ਦੇ ਦਿਨ ਪੁੱਗੇ

## * ਨੇਤਾਵਾਂ ਤੇ ਅਫਸਰਾਂ ਨੂੰ ਡਰ ਪਿਆ, ਸਾਬਕਾ ਵਜ਼ੀਰਾਂ ਨੂੰ ਧੁੜਕੂ ਲੱਗਾ

ਚੰਡੀਗੜ੍ਹ, 26 ਮਈ (ਪੋਸਟ ਬਿਊਰੋ)- ਪੰਜਾਬ ਵਿੱਚ ਭ੍ਰਿਸ਼ਟਾਚਾਰ ਦੇ ਖਿਲਾਫ ਮੁੱਖ ਮੰਤਰੀ ਭਗਵੰਤ ਮਾਨ ਦੀ ਜ਼ੀਰੋ ਟੌਲਰੈਂਸ ਦੀ ਨੀਤੀ ਹੇਠ ਮੁੱਖ ਮੰਤਰੀ ਨੇ ਵਿਧਾਇਕਾਂ ਤੇ ਵਜ਼ੀਰਾਂ ਨਾਲ ਤੈਨਾਤ ਨੇੜਲੇ ਰਿਸ਼ਤੇਦਾਰਾਂ ਦੀ ਛੁੱਟੀ ਕਰਨ ਲਈ ਵੀ ਇਸ਼ਾਰਾ ਕਰ ਦਿੱਤਾ ਹੈ। ਦੋ ਤਿੰਨ ਵਜ਼ੀਰਾਂ ਨਾਲ ਉਨ੍ਹਾਂ ਦੇ ਸੱਕੇ ਸੰਬੰਧੀ ਲੱਗੇ ਹੋਏ ਸਨ। ਵਰਨਣ ਯੋਗ ਹੈ ਕਿ ਸਿਹਤ ਮੰਤਰੀ ਵਿਜੇ ਸਿੰਗਲਾ ਨੇ ਆਪਣੇ ਭਾਣਜੇ ਨੂੰ ਓ ਐਸ ਡੀ ਬਣਾ ਰੱਖਿਆ ਸੀ। ਸੂਤਰ ਦੱਸਦੇ ਹਨ ਕਿ ਮੁੱਖ ਮੰਤਰੀ ਨੇ ਕੱਲ੍ਹ ਤੇ ਪਰਸੋਂ ਮਿਲਣ ਆਏ ਕਈ ਵਜ਼ੀਰਾਂ ਨੂੰ ਕਹਿ ਦਿੱਤਾ ਹੈ ਕਿ ਭਾਈ-ਭਤੀਜਾਵਾਦ ਤੋਂ ਦੂਰ ਰਹਿਣ।

ਅਸਲ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੀ ਪਾਰਟੀ ਦੇ ਵਿਧਾਇਕਾਂ ਨੂੰ ਪਿਛਲੀ ਬੈਠਕ ਵਿੱਚ ਸਾਫ ਕਿਹਾ ਸੀ ਕਿ ਪਰਿਵਾਰਕ ਮੈਂਬਰਾਂ ਵੱਲੋਂ ਅਫਸਰਾਂ ਨੂੰ ਫੋਨ ਖੜਕਾਉਣੇ ਬੰਦ ਕਰਵਾ ਦਿਉ, ਪ੍ਰਸ਼ਾਸਨ ਵਿੱਚ ਸਕੇ-ਸੰਬੰਧੀਆਂ ਦਾ ਦਖਲ ਨਹੀਂ ਚਾਹੀਦਾ। ਜਾਣਕਾਰ ਸੂਤਰ ਦੱਸਦੇ ਹਨ ਕਿ ਕਈ ਵਿਧਾਇਕਾਂ ਨੇ ਆਪਣੇ ਨਾਲ ਪੀ ਏ ਵਜੋਂ ਰਿਸ਼ਤੇਦਾਰ ਰੱਖੇ ਹੋਏ ਹਨ। ਵਿਜੇ ਸਿੰਗਲਾ ਵਾਲੀ ਕਾਰਵਾਈ ਪਿੱਛੋਂ ਉਹ ਵਿਧਾਇਕ ਚੌਕਸ ਹੋ ਗਏ ਹਨ ਅਤੇ ਪਰਵਾਰਕ ਮੈਂਬਰਾਂ ਨੂੰ ਨਾਲ ਲੈ ਕੇ ਚੱਲਣ ਤੋਂ ਝਿਜਕਣ ਲੱਗੇ ਹਨ।ਇੱਕੋ ਮੰਤਰੀ ਵਿਜੇ ਸਿੰਗਲਾ ਦੀ ਗ੍ਰਿਫਤਾਰੀ ਨਾਲ ਇਸ ਪਾਰਟੀ ਦੇ ਵਿਧਾਇਕਾਂ ਤੇ ਵਜ਼ੀਰਾਂ ਵਿੱਚ ਅੰਦਰੋਂ-ਅੰਦਰੀ ਡਰ ਪੈ ਗਿਆ ਹੈ ਅਤੇ ਵਿਰੋਧੀ ਧਿਰਾਂ ਦੇ ਆਗੂ



ਵੀ ਡਰੇ ਹੋਏ ਹਨ। ਇਹ ਹੀ ਨਹੀਂ, ਵਿਜੇ ਸਿੰਗਲਾ ਖਿਲਾਫ ਕਾਰਵਾਈ ਪਿੱਛੋਂ ਵੱਢੀਖੋਰ ਸੁਭਾਅ ਵਾਲੇ ਕਈ ਅਧਿਕਾਰੀ ਵੀ ਦੜ ਵੱਟ ਗਏ ਹਨ।

ਮਿਲੇ ਵੇਰਵੇ ਅਨੁਸਾਰ ਪਿਛਲੇ ਦਿਨੀਂ ਮੁੱਖ ਮੰਤਰੀ ਭਗਵੰਤ ਮਾਨ ਦੀ 'ਕੁੰਡੀ ਹਟਾਓ' ਮੁਹਿੰਮ ਤਹਿਤ ਕੁਨੈਕਸ਼ਨ ਕੱਟਣ ਵਾਲੇ ਬਰਗਾੜੀ ਦੇ ਜੇ ਈ ਦੀ ਬਦਲੀ ਇੱਕ ਵਿਧਾਇਕ ਦੇ ਕਹਿਣ ਉੱਤੇ ਬਿਜਲੀ ਵਿਭਾਗ ਨੇ ਕਰ ਦਿੱਤੀ ਸੀ। ਕੱਲ੍ਹ ਬਿਜਲੀ ਵਿਭਾਗ ਨੇ ਉਸ ਜੇ ਈ ਦੀ ਬਦਲੀ ਰੱਦ ਕਰ ਦਿੱਤੀ ਹੈ। ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਵਿੱਚ ਵੀ ਕਈ ਅਫਸਰਾਂ ਦੇ ਬਦਲੀ ਦੇ ਹੁਕਮ ਰੱਦ ਕੀਤੇ ਗਏ ਹਨ। ਕਈ ਵਿਭਾਗਾਂ ਵਿੱਚ ਉਨ੍ਹਾਂ ਅਫਸਰਾਂ ਦੀ ਪਛਾਣ ਕੀਤੀ ਜਾ ਰਹੀ ਹੈ, ਜਿਨ੍ਹਾਂ ਦਾ ਸਰਕਾਰੀ ਨੌਕਰੀ ਦਾ ਪਿਛੋਕੜ ਦਾਗਦਾਰ ਹੈ। ਮੁੱਖ ਮੰਤਰੀ ਨੇ ਹੁਕਮ ਦਿੱਤੇ ਹਨ ਕਿ ਸਾਫ-ਸੁਥਰੇ ਅਕਸ ਵਾਲੇ ਅਧਿਕਾਰੀਆਂ ਨੂੰ ਪ੍ਰਮੁੱਖ ਥਾਵਾਂ ਉੱਤੇਲਾਇਆ ਜਾਵੇ। ਜਾਣਕਾਰ ਸੂਤਰਾਂ ਮੁਤਾਬਕ ਪਿਛਲੇ ਸਮੇਂ ਦੌਰਾਨਆਮ ਆਦਮੀ ਪਾਰਟੀ ਦੇ ਵਿਧਾਇਕਾਂਤੱਕ ਦਾਗੀ ਅਫਸਰਾਂ ਨੇ ਆਪਣੀ ਪਹੁੰਚ ਬਣਾ ਲਈ ਸੀ, ਜਿਸ ਕਾਰਨ ਵਿਧਾਇਕ ਉਨ੍ਹਾਂ ਦਾਗਦਾਰ ਅਫਸਰਾਂ ਨੂੰ ਫੋਨ ਖੜਕਾ ਰਹੇ ਸਨ। ਇੱਕ ਵਜ਼ੀਰ ਨੇ ਦੱਸਿਆ ਕਿ ਕੱਲ੍ਹ ਕਿਸੇ ਵੀ ਅਫਸਰ ਦੀ ਤੈਨਾਤੀ ਲਈ ਵਿਧਾਇਕ ਦੀ ਸਿਫਾਰਸ਼ ਨਹੀਂ ਆਈ। ਮੁੱਖ ਮੰਤਰੀ ਦੇ ਤਾਜ਼ਾ ਕਦਮ ਨਾਲ ਆਮ ਲੋਕਾਂ ਦੇ ਹੌਸਲੇ ਵਧੇ ਤੇ ਇਮਾਨਦਾਰ ਅਫਸਰਾਂ ਨੂੰ ਵੀ ਭਵਿੱਖ ਸੁਖਾਵਾਂ ਜਾਪਣ ਲੱਗਾ ਹੈ।ਪੰਜਾਬ ਸਰਕਾਰ ਦੀ ਇਹ ਮੁਹਿੰਮ ਕਿੱਥੋਂ ਤੱਕ ਜਾਂਦੀ ਹੈ, ਇਹ ਵਕਤ ਦੱਸੇਗਾ, ਪਰ ਫਿਲਹਾਲ ਆਮ ਲੋਕਾਂ ਵਿੱਚ ਆਸ ਜਗੀ ਹੈ। ਪਤਾ ਲੱਗਾ ਹੈ ਕਿ ਮੁੱਖ ਮੰਤਰੀ ਨੇ ਉਨ੍ਹਾਂ ਕੇਸਾਂ ਦੀ ਪੈਰਵੀ ਦੀ ਹਿਦਾਇਤ ਵੀ ਕੀਤੀ ਹੈ, ਜਿਨ੍ਹਾਂ ਦੀਆਂ ਪੜਤਾਲ ਰਿਪੋਰਟਾਂ ਸੀਲਬੰਦ ਲਿਫਾਫਿਆਂ ਵਿੱਚ ਪਈਆਂ ਹਨ ਤੇ ਇਹ ਕੇਸ ਅਦਾਲਤ ਵਿੱਚ ਚੱਲ ਰਹੇ ਹਨ। ਬਠਿੰਡੇ ਦੇ ਐਡਵੋਕੇਟ ਵਿਨੋਦ ਕੁਮਾਰ ਦੇ ਮੁਤਾਬਕ ਕੱਲ੍ਹ ਤਹਿਸੀਲਾਂ ਦਾ ਮਾਹੌਲ ਪੂਰਾ ਬਦਲਿਆ ਹੋਇਆ ਸੀ ਅਤੇ ਅਫਸਰਾਂ ਦਾ ਆਮ ਲੋਕਾਂ ਪ੍ਰਤੀ ਵਤੀਰਾ ਪੂਰੀ ਤਰ੍ਹਾਂ ਮਿਲਾਪੜਾ ਬਣ ਗਿਆ ਹੈ।

ਇਸ ਦੌਰਾਨ ਸਿਹਤ ਮੰਤਰੀ ਵਿਜੇ ਸਿੰਗਲਾ ਖਿਲਾਫ ਕਾਰਵਾਈ ਨੇ ਕਈ ਸਾਬਕਾ ਵਜ਼ੀਰਾਂ ਨੂੰ ਵੀ ਧੁੜਕੂ ਲਾ ਦਿੱਤਾ ਹੈ, ਜਿਨ੍ਹਾਂ ਦਾ ਨਾਂਅ ਕਿਸੇ ਨਾ ਕਿਸੇ ਘੁਟਾਲੇ ਨਾਲ ਜੁੜਿਆ ਸੀ। ਪਿਛਲੀ ਕਾਂਗਰਸ ਸਰਕਾਰ ਸਮੇਂ ਨਵਜੋਤ ਸਿੰਘ ਸਿੱਧੂ ਨੇ ਓਦੋਂ ਦੇ ਮੁੱਖ ਮੰਤਰੀ ਤੋਂ ਕਾਰਵਾਈ ਦੀ ਮੰਗ ਵੀ ਕੀਤੀ, ਪਰ ਕਾਰਵਾਈ ਨਹੀਂ ਸੀ ਹੋਈ। ਅਕਾਲੀ-ਭਾਜਪਾ ਗੱਠਜੋੜ ਸਰਕਾਰ ਵੇਲੇਦੇ ਕਈ ਵਜ਼ੀਰ ਵੀ ਅੰਦਰੋਂ ਹਿੱਲੇ ਹੋਏ ਹਨ ਤੇ ਅਧਿਕਾਰੀਆਂ ਰਾਹੀਂ ਅੰਦਰੋਂ ਕਨਸੋਆਂ ਲੈ ਰਹੇ ਹਨ।

# ਦਰਬਾਰ ਸਾਹਿਬ ਵਿੱਚ ਤੰਤੀ ਸਾਜ਼ਾਂ ਨਾਲ ਕੀਰਤਨ ਦੀ ਯੋਜਨਾ ਲਟਕੀ

ਅੰਮ੍ਰਿਤਸਰ, 26 ਮਈ (ਪੋਸਟ ਬਿਊਰੋ)- ਅਕਾਲ ਤਖਤ ਸਾਹਿਬਦੇ ਕਾਰਜਕਾਰੀ ਜੱਥੇਦਾਰ ਦੇ ਹੁਕਮਾਂ ਉੱਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦਰਬਾਰ ਸਾਹਿਬ ਵਿਖੇ ਤੰਤੀ ਸਾਜ਼ਾਂ ਨਾਲ ਗੁਰਬਾਣੀ ਦਾ ਕੀਰਤਨ ਸ਼ੁਰੂ ਕਰਵਾਉਣ ਦੇ ਫੈਸਲੇ ਨੂੰ ਲਾਗੂ ਕਰਨ ਵਿੱਚ ਫਿਲਹਾਲ ਸਮਾਂ ਲੱਗੇਗਾ।

ਵਰਨਣ ਯੋਗ ਹੈ ਕਿ ਅਕਾਲ ਤਖਤ ਵਿਖੇ ਪੰਜ ਸਿੰਘ ਸਾਹਿਬਾਨ ਦੀ ਬੈਠਕ ਪਿੱਛੋਂ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਤਿੰਨ ਮਈ ਨੂੰ ਸ਼੍ਰੋਮਣੀ ਕਮੇਟੀ ਨੂੰ ਕਿਹਾ ਸੀ ਕਿ ਦਰਬਾਰ ਸਾਹਿਬ ਵਿਖੇ ਪੁਰਾਤਨ ਸ਼ੈਲੀ ਅਨੁਸਾਰ ਤੰਤੀ ਸਾਜ਼ਾਂ ਨਾਲ ਗੁਰਬਾਣੀ ਦਾ ਕੀਰਤਨ ਕਰਨ ਦੇ ਯਤਨ ਕੀਤੇ ਜਾਣ। ਇਸ ਦੇ ਲਈ ਤਿੰਨ ਸਾਲ ਦਾ ਸਮਾਂ ਦਿੱਤਾ ਗਿਆ ਸੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਦਰਬਾਰ ਸਾਹਿਬ ਵਿਖੇ ਤੰਤੀ ਸਾਜ਼ਾਂ ਨਾਲ ਕੀਰਤਨ ਤੁਰੰਤ ਸ਼ੁਰੂ ਕਰਨ ਦੀ ਯੋਜਨਾ ਸੀ, ਪਰ ਸ਼੍ਰੋਮਣੀ ਕਮੇਟੀ ਕੋਲ ਤੰਤੀ ਸਾਜ਼ਾਂ ਨਾਲ ਕੀਰਤਨ ਕਰਨ ਵਾਲੇ ਸਿਰਫ ਚਾਰ ਜੱਥੇ ਹਨ ਅਤੇ ਇਸ ਵੇਲੇ ਤਿੰਨ ਜੱਥੇ ਵਿਦੇਸ਼ ਗਏ ਹੋਏ ਹਨ, ਜਿਨ੍ਹਾਂ ਦੀ ਵਾਪਸੀ ਮਗਰੋਂ ਇਹ ਯੋਜਨਾ ਸ਼ੁਰੂ ਹੋ ਸਕੇਗੀ। ਉਨ੍ਹਾਂ ਕਿਹਾ ਕਿ ਰਾਗੀ ਜੱਥਿਆਂ ਨੂੰ ਕਿਹਾ ਗਿਆ ਹੈ ਕਿ ਉਹ ਤੰਤੀ ਸਾਜ਼ਾਂ ਦੀ ਸਿਖਲਾਈ ਲੈਣ। ਇਸ ਸਬੰਧੀ ਇੱਕ ਸਬ ਕਮੇਟੀ ਵੀ ਬਣਾਈ ਹੈ। ਉਨ੍ਹਾਂ ਕਿਹਾ ਕਿ ਜਲਦੀ ਹੀ ਤੰਤੀ ਸਾਜ਼ਾਂ ਨਾਲ ਕੀਰਤਨ ਨੂੰ ਸ਼ੁਰੂ ਕਰਨ ਦਾ ਹੁਕਮ ਪੂਰਾ ਕੀਤਾ ਜਾਵੇਗਾ। ਸ਼੍ਰੋਮਣੀ



ਕਮੇਟੀ ਦੇ ਮੀਤ ਸੈਕਟਰੀ ਕੁਲਵਿੰਦਰ ਸਿੰਘ ਰਮਦਾਸ ਨੇ ਦੱਸਿਆ ਕਿ ਧਰਮ ਪ੍ਰਚਾਰ ਕਮੇਟੀ ਵੱਲੋਂ ਚਲਾਏ ਜਾਂਦੇ ਗੁਰਮਤਿ ਸੰਗੀਤ ਵਿਦਿਆਲਾ ਤੇ ਮਿਸ਼ਨਰੀ ਕਾਲਜਾਂ ਵਿੱਚ ਕੀਰਤਨ ਸਿਖਲਾਈ ਲੈਣ ਵਾਲੇ ਵਿਦਿਆਰਥੀਆਂ ਨੂੰ ਤੰਤੀ ਸਾਜ਼ਾਂ ਦਾ ਅਭਿਆਸ ਲਾਜ਼ਮੀ ਕਰਨ ਲਈ ਕਿਹਾ ਗਿਆ ਹੈ।

ਇਸ ਦੌਰਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇੱਕ ਸਰਕੂਲਰ ਰਾਹੀਂ ਆਪਣੇ ਸਾਰੇ ਹਜ਼ੂਰੀ ਰਾਗੀ ਜਥਿਆਂ ਨੂੰ ਕਿਹਾ ਹੈ ਕਿ ਸ੍ਰੀ ਅਕਾਲ ਤਖਤ ਦੇ ਹੁਕਮਾਂ ਮੁਤਾਬਕ ਗੁਰਦੁਆਰਿਆਂ ਵਿੱਚ ਤੰਤੀ ਸਾਜ਼ਾਂ ਨਾਲ ਮਿਥੇ ਰਾਗਾਂ ਵਿੱਚ ਕੀਰਤਨ ਕੀਤਾ ਜਾਵੇ। ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਨੇ ਰਾਗੀ ਜਥਿਆਂ ਨੂੰ ਕਿਹਾ ਹੈ ਕਿ ਛੇ ਮਹੀਨਿਆਂ ਵਿੱਚ 23 ਨਵੰਬਰ 2022 ਤਕ ਛੇਤੀ ਤੋਂ ਛੇਤੀ ਤੰਤੀ ਸਾਜ਼ਾਂ ਦਾ ਅਭਿਆਸ ਕਰ ਕੇ ਕੀਰਤਨ ਕਰਨਾ ਆਰੰਭ ਕਰ ਦੇਣ।

# ਗੁਰਸ਼ਰਨ ਭਾਅ ਜੀ ਵਾਲਾ ਜੱਦੀ ਘਰ ਢਾਹੁਣ ਦਾ ਵੱਖ-ਵੱਖ ਧਿਰਾਂ ਵੱਲੋਂ ਵਿਰੋਧ

## * ਨਿਗਮ ਨੇ ਘਰ ਦੇ ਬਾਹਰ ਢਾਹੁਣ ਤੇ ਉਸਾਰੀ ਰੋਕਣ ਦਾ ਨੋਟਿਸ ਲਾਇਆ

ਅੰਮ੍ਰਿਤਸਰ, 26 ਮਈ (ਪੋਸਟ ਬਿਊਰੋ)- ਉਘੇ ਇਨਕਲਾਬੀ ਨਾਟਕਕਾਰ ਤੇ ਚਿੰਤਕ ਗੁਰਸ਼ਰਨ ਭਾਅ ਜੀ (ਭਾਈ ਮੰਨਾ ਸਿੰਘ) ਦੇ ਜੱਦੀ ਘਰ ਨੂੰ ਯਾਦਗਾਰੀ ਮਿਊਜ਼ੀਅਮ ਬਣਾਉਣ ਅਤੇ ਵਿਰਾਸਤੀ ਦਰਜਾ ਦੇਣ ਦੀ ਮੰਗ ਉਠਣ ਲੱਗੀ ਹੈ। ਕੱਲ੍ਹ ਨਗਰ ਨਿਗਮ ਨੇ ਇਸ ਇਮਾਰਤ ਅੱਗੇ ਇਸ ਨੂੰ ਢਾਹੁਣ ਜਾਂ ਉਸਾਰੀਰੋਕਣ ਦਾ ਨੋਟਿਸ ਲਾ ਦਿੱਤਾ ਹੈ।

ਵਰਨਣ ਯੋਗ ਹੈ ਕਿ ਗੁਰਸ਼ਰਨ ਭਾਅ ਜੀ ਦਾ ਇਹ ਘਰ ਏਥੇ ਪੁਤਲੀਘਰ ਨੇੜੇ ਰਣਜੀਤਪੁਰਾ ਇਲਾਕੇ ਵਿੱਚ ਹੈ, ਜਿਸ ਨੂੰ ਢਾਹੁਣ ਦਾ ਕੰਮ ਸ਼ੁਰੂ ਹੋਇਆ ਸੀ। ਕੱਲ੍ਹ ਕਲਾਕਾਰਾਂ, ਲੇਖਕਾਂ ਅਤੇ ਵਿਦਵਾਨਾਂ ਨੇ ਮੌਕੇ ਉੱਤੇ ਪੁੱਜ ਕੇ ਇਸ ਦਾ ਵਿਰੋਧ ਕੀਤਾ, ਜਿਨ੍ਹਾਂ ਵਿੱਚ ਡਾਕਟਰ ਪਰਮਿੰਦਰ, ਪੰਜਾਬ ਲੋਕ ਸਭਿਆਚਾਰਕ ਮੰਚ (ਪਲਸ) ਦੇ ਪ੍ਰਧਾਨ ਅਮੋਲਕ ਸਿੰਘ, ਤਰਕਸ਼ੀਲ ਆਗੂ ਸੁਮੀਤ ਸਿੰਘ ਤੇ ਜਸਪਾਲ ਬਾਸ-ਰਕੇ, ਫੋਕਲੋਰ ਰਿਸਰਚ ਅਕੈਡਮੀ ਦੇ ਪ੍ਰਧਾਨ ਰਮੇਸ਼ ਯਾਦਵ ਤੇ ਉਘੇ ਰੰਗਕਰਮੀ ਜਸਵੰਤ ਜੱਸ ਸ਼ਾਮਲ ਸਨ। ਉਨ੍ਹਾਂ ਆਖਿਆ ਕਿ ਪਲਸ ਮੰਚ ਦੇ ਬਾਨੀ ਪ੍ਰਧਾਨ ਗੁਰਸ਼ਰਨ ਸਿੰਘ ਭਾਅ ਜੀ ਦਾ ਜੱਦੀ ਘਰ ਗੁਰੂ ਖਾਲਸਾ ਨਿਵਾਸ ਆਪਣੇ ਆਪ ਵਿੱਚ ਇਤਿਹਾਸਕ ਰੰਗ-ਮੰਚ ਦੀ ਅਮੁੱਲੀ ਵਿਰਾਸਤ ਹੈ। ਇਹ ਮਕਾਨ ਨਹੀਂ ਤੇ ਨਾ ਇਹ ਕੋਈ



ਜਾਤੀਗਤ ਮੁੱਦਾ ਹੈ। ਇਹ ਇਨਕਲਾਬੀ ਲੋਕ ਪੱਖੀ ਰੰਗਮੰਚ ਦੀਅਮੀਰ ਵਿਰਾ-ਸਤ ਦੀ ਕੌਮੀ ਯਾਦਗਾਰ ਹੈ। ਇਸ ਨੂੰ ਨਿੱਜੀ ਜਾਇਦਾਦ ਐਲਾਨ ਕਰ ਕੇ ਵੇਚਣਾ ਜਾਂ ਇਸ ਦੇ ਮੂਲ ਸਰੂਪ ਨਾਲ ਛੇੜਛਾੜ ਕਰਨ ਦੀ ਕਿਸੇ ਕੋਸ਼ਿਸ਼ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਘਰ ਨੂੰ ਉਨ੍ਹਾਂ ਦੇ ਯਾਦਗਾਰੀ ਮਿਊਜ਼ੀਅਮ ਵਜੋਂ ਸੰਭਾਲਣ ਦਾ ਹਰ ਸੰਭਵ ਯਤਨ ਕੀਤਾ ਜਾਵੇਗਾ। ਇੱਥੇ ਵਿਰੋਧ ਦੌਰਾਨ ਪੁੱਜੀ ਗੁਰਸ਼ਰਨ ਭਾਅ ਜੀ ਦੀ ਧੀ ਡਾਕਟਰ ਅਰੀਤ ਨੇ ਵੀ ਮੰਗ ਕੀਤੀ ਕਿ ਇਸ ਘਰ ਨੂੰ ਉਨ੍ਹਾਂ ਦੀ ਯਾਦਗਾਰ ਵਜੋਂ ਸੰਭਾਲਿਆ ਜਾਵੇ। ਉਨ੍ਹਾਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਇਸ ਯਾਦਗਾਰ ਨੂੰ ਸਾਂਭਣ ਲਈ ਢੁਕਵਾਂ ਸਹਿਯੋਗ ਦਿੱਤਾ ਜਾਵੇ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਪਿਤਾ ਗੁਰਸ਼ਰਨ ਭਾਅ ਜੀ ਨੇ ਇੱਥੇ ਆਪਣੀ ਨਾਟਕ ਯਾਤਰਾ ਦੇ ਲਗਭਗ ਚਾਲੀ ਸਾਲ ਬਿਤਾਏ ਹਨ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਦਾ ਘਰ ਵੀ ਸਾਂਭਣ ਦਾ ਯਤਨ ਹੋ ਰਿਹਾ ਹੈ।ਮਿਲੀ ਜਾਣਕਾਰੀ ਮੁਤਾਬਕ ਨਗਰ ਨਿਗਮ ਦੇ ਮਿਊਂਸੀਪਲ ਟਾਊਨ ਪਲਾਨਰ ਵਿਭਾਗ ਦੇ ਸਹਾਇਕ ਟਾਊਨ ਪਲਾਨਰ ਨੇ ਘਰ ਦੇ ਬਾਹਰ ਕੱਲ੍ਹ ਇੱਕ ਨੋਟਿਸ ਲਾ ਦਿੱਤਾ ਹੈ, ਜਿਸ ਵਿੱਚ ਲਿਖਿਆ ਕਿ ਇਸ ਜੱਦੀ ਜਾਇਦਾਦ ਬਾਰੇ ਕੁਝ ਸ਼ਿਕਾਇਤਾਂ ਬਾਰੇ ਮਾਮਲਾ ਪੈਂਡਿੰਗ ਹੈ, ਇਸ ਲਈ ਕਮਿਸ਼ਨਰ ਦਫਤਰ ਵੱਲੋਂ ਹੁਕਮ ਹਨ ਕਿ ਇੱਥੇ ਕਿਸੇ ਵੀ ਤਰ੍ਹਾਂ ਦੀ ਨਵੀਂ ਉਸਾਰੀ ਜਾਂ ਇਸ ਨੂੰ ਢਾਹੁਣ ਦਾ ਕੰਮ ਬਿਨਾਂ ਮਨਜ਼ੂਰੀ ਨਾ ਕੀਤਾ ਜਾਵੇ।

# ਸੇਵਾ ਕਾਲ ਦੌਰਾਨ ਜ਼ਖਮੀ ਸਿਪਾਹੀ ਸਪੈਸ਼ਲ ਪੈਨਸ਼ਨ ਦਾ ਹੱਕਦਾਰ

ਚੰਡੀਗੜ੍ਹ, 26 ਮਈ (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈ ਕੋਰਟ ਨੇ ਇੱਕ ਅਹਿਮ ਫੈਸਲੇ ਵਿੱਚ ਸਾਫ ਕਰ ਦਿੱਤਾ ਹੈ ਕਿ ਸੇਵਾ ਦੌਰਾਨ ਜ਼ਖਮੀ ਹੋਏ ਸੀ ਆਰ ਪੀ ਐਫ ਦੇ ਜਵਾਨ ਜੇ ਖੁਦ ਦੀ ਬੇਨਤੀ ਉੱਤੇ ਸੇਵਾ ਮੁਕਤ ਹੋ ਜਾਂਦੇ ਹਨ ਤਾਂ ਵੀ ਉਹ ਵਿਸ਼ੇਸ਼ ਪੈਨਸ਼ਨ ਦੇ ਹੱਕਦਾਰ ਹੋਣਗੇ।ਹਾਈ ਕੋਰਟ ਦੇ ਜਸਟਿਸ ਹਰਸਿਮਰਨ ਸਿੰਘ ਸੇਠੀ ਨੇ ਸੀ ਆਰ ਪੀ ਐਫ ਦੇ ਇੱਕ ਸਾਬਕਾ ਫੌਜੀ ਬਿਕਰਮ ਸਿੰਘ ਦੀ ਪਟੀਸ਼ਨ ਪ੍ਰਵਾਨ ਕਰਦੇ ਹੋਏ ਇਹ ਹੁਕਮ ਜਾਰੀ ਕੀਤੇ।

ਪਟੀਸ਼ਨਰ ਦਾ ਕਹਿਣਾ ਹੈ ਕਿ ਉਹ 15 ਮਾਰਚ 1979 ਨੂੰ ਸੀ ਆਰ ਪੀ ਐਫ ਵਿੱਚ ਭਰਤੀ ਹੋਇਆ ਸੀ ਤੇ ਜਦੋਂ ਉਹ ਤਰਨ ਤਾਰਨ ਵਿੱਚ ਤੈਨਾਤ ਸੀ ਤਾਂ ਇੱਕ ਕਾਫਲੇ, ਜਿਸ ਵਿੱਚ ਸੀ ਆਰ ਪੀ ਐਫ ਦੇ ਉਚ ਅਧਿਕਾਰੀ ਯਾਤਰਾ ਕਰ ਰਹੇ ਸਨ, ਉੱਤੇ ਖਾੜਕੂਆਂ ਨੇ ਲੁਕ ਕੇ ਹਮਲਾ ਕੀਤਾ ਤਾਂ ਮੁਕਾਬਲੇ ਵਿੱਚ ਪਟੀਸ਼ਨਰ ਦੇ ਪੈਰ ਵਿੱਚ ਗੋਲੀਆਂ ਲੱਗੀਆਂ ਸਨ। ਉਹ ਚਾਰ ਮਹੀਨੇ ਹਸਪਤਾਲ ਵਿੱਚ ਦਾਖਲ ਰਿਹਾ ਅਤੇ ਉਸ ਦੇ ਪੈਰ ਦਾ ਕਈ ਵਾਰ ਆਪਰੇਸ਼ਨ ਹੋਇਆ ਤੇ ਚੱਲਣ ਲਈ ਉਸ ਦੇ ਪੈਰ ਵਿੱਚ ਸਟੀਲ ਦੀ ਰਾਡ ਪਾਈ ਗਈ। ਇਸ ਕਾਰਨ ਉਹ ਸੇਵਾ ਦੇ ਕਾਬਲ ਨਹੀਂ ਰਿਹਾ। ਉਸ ਦੀ ਬੇਨਤੀ ਉੱਤੇ ਉਸ ਨੂੰ ਸੀ ਆਰ ਪੀ ਐਫ ਨੇ ਇੱਕ ਦਸੰਬਰ 2000 ਨੂੰ ਸੇਵਾ-ਮੁਕਤ ਕਰ ਦਿੱਤਾ। ਓਦੋਂ ਉਸ ਨੂੰ ਕੇਵਲ ਸਾਧਾਰਨ ਪੈਨਸ਼ਨ ਲਾਭ ਦੇਣ ਦਾ ਫੈਸਲਾ ਲਿਆ ਗਿਆ।ਸੀ ਆਰ ਪੀ ਐਫ ਦੇ ਇਸ ਫੈਸਲੇ ਦੇ ਵਿਰੁੱਧ ਪਟੀਸ਼ਨਰ ਨੇ ਹਾਈ ਕੋਰਟ ਵਿੱਚ ਅਪੀਲ ਕੀਤੀ ਕਿ ਉਹ ਸੇਵਾ ਦੌਰਾਨ ਜ਼ਖਮੀ ਹੋਇਆ ਹੈ ਅਤੇ ਇਸੇ ਕਾਰਨ ਸੇਵਾ ਮੁਕਤ ਹੋ ਰਿਹਾ ਹੈ, ਇਸ ਲਈ ਉਸ ਨੂੰ ਸਾਧਾਰਨ ਪੈਨਸ਼ਨ ਦੇ ਬਦਲੇ ਵਿਸ਼ੇਸ਼ ਪੈਨਸ਼ਨ ਦਿੱਤੀ ਜਾਵੇ। ਇਸ ਦਾ ਵਿਰੋਧ ਕਰਦੇ ਹੋਏ ਕੇਂਦਰ ਸਰਕਾਰ ਨੇ ਦਲੀਲ ਦਿੱਤੀ ਕਿ ਪਟੀਸ਼ਨਰ ਨੂੰ ਸੇਵਾ ਦੌਰਾਨ ਖਾੜਕੂਆਂਦੀ ਗੋਲੀ ਲੱਗੀ ਸੀ, ਪਰ ਉਸ ਦੀ ਬੇਨਤੀ ਉੱਤੇ ਉਸ ਨੂੰ ਸੇਵਾ ਮੁਕਤ ਕੀਤਾ ਗਿਆ ਸੀ, ਇਸ ਲਈ ਸਪੈਸ਼ਲ ਪੈਨਸ਼ਨ ਦਾ ਵਾਧੂ ਲਾਭ ਨਹੀਂ ਦਿੱਤਾ ਜਾ ਸਕਦਾ।ਹਾਈ ਕੋਰਟ ਨੇ ਮੰਨਿਆ ਕਿ ਪਟੀਸ਼ਨਰ ਸੇਵਾਮੁਕਤ ਹੋਣ ਦੀ ਤਰੀਕ ਤੋਂ ਸਪੈਸ਼ਲ ਪੈਨਸ਼ਨ ਦਾ ਹੱਕਦਾਰ ਹੈ ਅਤੇ ਕੇਂਦਰ ਸਰਕਾਰ ਨੂੰ ਹੁਕਮ ਦਿੱਤਾ ਕਿ ਉਹ ਦੋ ਮਹੀਨਿਆਂ ਦੇ ਅੰਦਰਉਸ ਦੀ ਪੈਨਸ਼ਨ ਨੂੰ ਫਿਰ ਤੈਅ ਕਰੇ ਅਤੇ ਬਕਾਇਆ ਰਾਸ਼ੀ, ਜਿਸ ਦਾ ਉਹ ਹੱਕਦਾਰ ਹੈ, ਅਗਲੇ ਇੱਕ ਮਹੀਨੇ ਵਿੱਚ ਦਿੱਤੀ ਜਾਵੇ।

# ਨਵਜੋਤ ਸਿੰਘ ਸਿੱਧੂ ਨੂੰ ਕੇਂਦਰੀ ਜੇਲ੍ਹ ਵਿੱਚ ਮੁਣਸ਼ੀ ਦਾ ਕੰਮ ਮਿਲਿਆ

ਪਟਿਆਲਾ, 26 ਮਈ (ਪੋਸਟ ਬਿਊਰੋ)- ਕ੍ਰਿਕਟਰ ਤੋਂ ਸਿਆਸਤਦਾਨ ਬਣੇ ਨਵਜੋਤ ਸਿੰਘ ਸਿੱਧੂ ਅੱਜਕੱਲ੍ਹ ਕੇਂਦਰੀ ਜੇਲ੍ਹ ਪਟਿਆਲਾ ਦੇ ਮੁਣਸ਼ੀ ਬਣ ਗਏ ਹਨ। ਜੇਲ੍ਹ ਨਿਯਮਾਂ ਮੁਤਾਬਕ ਹਰ ਤੰਦਰੁਸਤ ਕੈਦੀ ਤੋਂ ਜੇਲ੍ਹ ਵਿੱਚ ਕੰਮ ਲਿਆ ਜਾਂਦਾ ਹੈ। ਕੰਮ ਦੀ ਚੋਣ ਕੈਦੀ ਦੀ ਯੋਗਤਾ ਅਤੇ ਮੁਹਾਰਤ ਮੁਤਾ-ਬਕ ਹੀ ਕੀਤੀ ਜਾਂਦੀ ਹੈ। ਮੈਡੀਕਲ ਲਾਈਨ ਵਾਲੇ ਕੈਦੀ ਨੂੰ ਜੇਲ੍ਹ ਹਸਪਤਾਲ, ਟੀਚਰ ਨੂੰ ਪੜ੍ਹਾਈ ਵਾਲਾ, ਖਿਡਾਰੀ ਨੂੰ ਖੇਡਾਂ ਦੇ ਖੇਤਰ ਅਤੇ ਕੁੱਕ ਆਦਿ ਨੂੰ ਰਸੋਈ ਘਰ ਨਾਲ ਜੋੜ ਦਿੱਤਾ ਜਾਂਦਾ ਹੈ। ਨਵਜੋਤ ਸਿੰਘ ਸਿੱਧੂ ਤੋਂ ਦਫਤਰੀ ਕੰਮ ਲੈਣ ਦਾ ਫੈਸਲਾ ਇਸੇ ਕੜੀ ਦਾ ਹਿੱਸਾ ਹੈ। ਕ੍ਰਿਕਟਰ ਰਹੇ ਹੋਣ ਕਰ ਕੇ ਉਹ ਕੈਦੀਆਂ ਨੂੰ ਕ੍ਰਿਕਟ ਅਤੇ ਕੁਮੈਂਟਰੀ ਸਬੰਧੀ ਵੀ ਜਾਣਕਾਰੀ ਦੇ ਸਕਦੇ ਹਨ।



ਇਹ ਹੋ ਸਕਦਾ ਹੈ ਕਿ ਨਵਜੋਤ ਸਿੰਘ ਸਿੱਧੂ ਨੂੰ ਕੰਮ ਦੀ ਵੰਡ ਬਾਰੇ ਉਚ ਅਧਿਕਾਰੀਆਂ ਨੇਹਿਦਾਇਤ ਜਾਂ ਸਲਾਹ ਦਿੱਤੀ ਹੋਵੇ, ਪਰ ਅਸਲ ਵਿੱਚ ਕੰਮ ਦੀ ਵੰਡ ਦਾ ਅਧਿਕਾਰ ਜੇਲ੍ਹ ਸੁਪਰਡੈਂਟ ਕੋਲ ਹੁੰਦਾ ਹੈ। ਇਸੇ ਤਹਿਤ ਉਨ੍ਹਾਂ ਨਵਜੋਤ ਸਿੰਘ ਸਿੱਧੂ ਨੂੰ ਇਸ ਬਾਰੇ 20 ਮਈ ਨੂੰ ਦੱਸ ਦਿੱਤਾ ਸੀ ਤੇ 21 ਮਈ ਤੋਂ ਬਾਕਾਇਦਾ ਉਨ੍ਹਾਂ ਤੋਂ ਕੰਮ ਲੈਣਾ ਸ਼ੁਰੂ ਹੋ ਗਿਆ ਹੈ। ਜੇਲ੍ਹ ਦੇ ਲਈ ਹੋਰ ਕੈਦੀਆਂ ਤੋਂ ਵੀ ਦਫਤਰੀ ਕੰਮ ਲਿਆ ਜਾਂਦਾ ਹੈ। ਉਹ ਸਾਰੇ ਜੇਲ੍ਹ ਦੀ ਡਿਓਢੀ ਵਿੱਚ ਮੁੱਖ ਦਫਤਰ ਵਿੱਚ ਮੁਲਾਜ਼ਮਾਂ ਨਾਲ ਜਾ ਕੇ ਇਹ ਕੰਮ ਕਰਦੇ ਹਨ।ਸੂਤਰਾਂ ਦੇ ਅਨੁਸਾਰ ਨਵਜੋਤ ਸਿੰਘ ਸਿੱਧੂ ਇਸ ਕੰਮ ਲਈ ਦਫਤਰਨਹੀਂ ਜਾਣਗੇ, ਸਗੋਂ ਕੰਮ ਵਾਲਾ ਰਜਿਸਟਰ ਉਨ੍ਹਾਂ ਨੂੰ ਰੋਜ਼ ਭੇਜਿਆ ਜਾਵੇਗਾ। ਸਿੱਧੂ ਅਜਿਹੇ ਇਕਲੌਤੇ ਕੈਦੀ ਹਨ, ਜੋ ਆਪਣੀ ਵਾਰਡ ਵਿੱਚੋਂ ਕੰਮ ਕਰਨਗੇ। ਜੇਲ੍ਹ ਵਿਭਾਗ ਦੇ ਇੱਕ ਉਚ ਅਧਿਕਾਰੀ ਨੇ ਇਸ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਅਜਿਹਾ ਸਿੱਧੂ ਦੀ ਸੁਰੱਖਿਆ ਦੇ ਕਾਰਨ ਕੀਤਾ ਗਿਆ ਹੈ। ਪੰਜਾਬ ਦੇ ਜੇਲ੍ਹ ਮੰਤਰੀ ਹਰਜੋਤ ਸਿੰਘ ਬੈਂਸ ਨੇ ਪਟਿਆਲਾ ਜੇਲ੍ਹ ਵਿੱਚ ਕਾਂਗਰਸੀ ਆਗੂ ਨਵਜੋਤ ਸਿੰਘ ਸਿੱਧੂ ਨੂੰ ਵੀ ਆਈ ਪੀ ਟਰੀਟਮੈਂਟ ਦੇਣ ਦੇ ਦੋਸ਼ਾਂ ਦਾ ਖੰਡਨ ਕੀਤਾ ਹੈ। ਉਨ੍ਹਾ ਦਾ ਕਹਿਣਾ ਹੈ ਕਿ ਉਹ ਪਹਿਲਾਂ ਵੀ ਆਖ ਚੁੱਕੇ ਹਨ ਕਿ ਜੇਲ੍ਹ ਵਿਭਾਗ ਲਈ ਸਾਰੇ ਕੈਦੀ ਇੱਕੋ ਬਰਾਬਰ ਹਨ।

# ਖੁੱਲ੍ਹੇ ਬੋਰਵੈਲ ਇੱਕ ਮਹੀਨੇ ਵਿੱਚ ਬੰਦ ਨਾ ਕੀਤੇ ਤਾਂ ਕੇਸ ਦਰਜ ਹੋਣਗੇ

ਚੰਡੀਗੜ੍ਹ, 26 ਮਈ (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਖੁੱਲ੍ਹੇ ਬੋਰਵੈਲ ਬੰਦ ਕਰਾਉਣ ਬਾਰੇ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ, ਜਿਨ੍ਹਾਂ ਮੁਤਾਬਕ ਜ਼ਮੀਨ ਮਾਲਕਾਂ ਨੂੰ ਇੱਕ ਮਹੀਨੇ ਵਿੱਚ ਆਪਣੀਆਂ ਜ਼ਮੀਨਾਂ ਵਿੱਚ ਖੁੱਲ੍ਹੇ ਬੋਰਵੈਲ ਬੰਦ ਕਰਨ ਦੇ ਹੁਕਮ ਦਿੱਤੇ ਗਏ ਹਨ। ਜੇ ਉਹ ਨਹੀਂ ਕਰਦੇ ਤਾਂ ਉਨ੍ਹਾਂ ਖਿਲਾਫ ਸ਼ਿਕਾਇਤ ਦਰਜ ਹੋਵੇਗੀ।

ਬੀਤੇ ਦਿਨੀਂ ਬੋਰਵੈਲ ਵਿੱਚ ਡਿੱਗਣ ਕਾਰਨ ਇੱਕ ਬੱਚੇ ਦੀ ਮੌਤ ਹੋਣ ਪਿੱਛੋਂ ਸਰਕਾਰ ਵੱਲੋਂ ਬੋਰਵੈਲ ਬੰਦ ਕਰਨ ਬਾਰੇ ਜੋ ਗਾਈਡਲਾਈਨਾਂ ਜਾਰੀ ਕੀਤੀਆਂ ਗਈਆਂ ਹਨ, ਉਸ ਵਿੱਚ ਸੁਪਰੀਮ ਕੋਰਟ ਦੇ ਹੁਕਮਾਂ ਦਾ ਹਵਾਲਾ ਦਿੱਤਾ ਗਿਆ ਹੈ। ਸਾਰੇ ਡਿਪਟੀ ਕਮਿਸ਼ਨਰਾਂ ਨੂੰ ਹੁਕਮ ਦਿੱਤੇ ਗਏ ਹਨ ਕਿ ਉਹ ਖੁੱਲ੍ਹੇ ਬੋਰਵੈਲ ਬੰਦ ਕਰਨ ਬਾਰੇ ਜਾਗਰੂਕਤਾ ਮੁਹਿੰਮ ਚਲਾ ਕੇ ਜ਼ਮੀਨਾਂ ਮਾਲਕਾਂ ਨੂੰ ਇਨ੍ਹਾਂ ਤੋਂ ਹੋਣ ਵਾਲੇ ਹਾਦਸਿਆਂ ਤੋਂ ਜਾਣੂ ਕਰਾਉਣ। ਅਧਿਕਾਰੀ ਯਕੀਨੀ ਕਰਨ ਕਿ ਉਨ੍ਹਾਂ ਦੇ ਖੇਤਰਾਂ ਵਿੱਚ ਖੁੱਲ੍ਹੇ ਬੋਰਵੈਲ ਨਾ ਹੋਣ।ਸਬੰਧਤ ਵਿਭਾਗ ਆਪੋ-ਆਪਣੇ ਖੇਤਰ ਵਿੱਚ ਖੁੱਲ੍ਹੇ ਬੋਰਵੈਲ ਦਾ ਪਤਾ ਲਾਉਣ। ਬਿਜਲੀ ਵਿਭਾਗ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਜਿਨ੍ਹਾਂ ਬੋਰਵੈਲਾਂ ਦੇ ਕੁਨੈਕਸ਼ਨ ਬੰਦ ਹਨ ਅਤੇ ਜਿੱਥੇ ਨਵੇਂ ਕੁਨੈਕਸ਼ਨ ਦਿੱਤੇ ਜਾ ਰਹੇ ਹਨ, ਇਸ ਦੀ ਸੂਚੀ ਬਣਾਈ ਜਾਵੇ। ਨਵੇਂ ਬੋਰਵੈਲ ਦਾ ਕੁਨੈਕਸ਼ਨ ਦੇਣ ਤੋਂ ਪਹਿਲਾਂ ਇਸ ਗੱਲ ਨੂੰ ਪੁਖਤਾ ਕੀਤਾ ਜਾਵੇ ਕਿ ਪੁਰਾਣਾ ਬੋਰਵੈਲ ਪੱਕੇ ਤੌਰ ਉੱਤੇ ਬੰਦ ਕਰ ਦਿੱਤਾ ਗਿਆ ਹੈ। ਇਹੀ ਨਹੀਂ, ਪੰਚਾਇਤਾਂ ਇਸ ਗੱਲ ਬਾਰੇ ਮਤਾ ਪਾਸ ਕਰਨ ਕਿ ਉਨ੍ਹਾਂ ਦੇ ਪਿੰਡ ਵਿੱਚ ਕੋਈ ਬੋਰਵੈਲ ਖੁੱਲ੍ਹਾ ਨਹੀਂ ਹੈ ਅਤੇ ਜੋ ਖੁੱਲ੍ਹਾ ਹੈ ਤਾਂ ਤਾਂ ਬੰਦ ਕਰਵਾਇਆ ਜਾਵੇ। ਐਸ ਡੀ ਐਮ ਅਤੇ ਡੀ ਐਸ ਪੀ ਇਸ ਯਕੀਨੀ ਕਰਨ ਕਿ ਬੰਦ ਪਏ ਬੋਰਵੈਲ ਖੁੱਲ੍ਹੇ ਨਹੀਂ ਹਨ।

# ਗਰੀਬ ਪਰਿਵਾਰ ਨੂੰ 5.88 ਲੱਖ ਦਾ ਬਿਜਲੀ ਬਿੱਲ ਭੇਜ ਛੱਡਿਆ

ਭਦੌੜ, 26 ਮਈ (ਪੋਸਟ ਬਿਊਰੋ)- ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ (ਪਾਵਰਕਾਮ) ਦੀ ਅਣਗਹਿਲੀ ਕਾਰਨ ਇਕ ਗਰੀਬ ਪਰਵਾਰ ਨੂੰ ਪੰਜ ਲੱਖ 88 ਹਜ਼ਾਰ 220 ਰੁਪਏ ਦਾ ਬਿੱਲ ਆ ਗਿਆ ਹੈ। ਮਜ਼ਦੂਰ ਭਗਵਾਨ ਸਿੰਘ ਨੇ ਦੱਸਿਆ ਕਿ ਉਸ ਦੇ ਘਰ ਸਿਰਫ ਇੱਕ ਕਮਰਾ ਤੇ ਇੱਕ ਰਸੋਈ ਹੈ, ਜਿੱਥੇ ਸਿਰਫ ਪੱਖਾ ਜਾਂ ਬਲਬ ਚੱਲਦਾ ਹੈ। ਉਨ੍ਹਾਂ ਦਾ ਕੁਝ ਸਮਾਂ ਪਹਿਲਾਂ ਮੀਟਰ ਖੜ੍ਹਾ ਸੀ ਅਤੇ ਮੀਟਰ ਰੀਡਰ ਬਿੱਲ ਦੇ ਕੇ ਜਾਣ ਦੀ ਥਾਂ ਕਹਿ ਦਿੰਦਾ ਸੀ ਕਿ ਤੁਹਾਡਾ ਮੀਟਰ ਨਹੀਂ ਚੱਲਦਾ। ਜਦੋਂ ਐਸ ਸੀ ਭਾਈਚਾਰੇ ਨੂੰ ਪੰਜਾਬ ਸਰਕਾਰ ਵੱਲੋਂ ਯੂਨਿਟਾਂ ਮੁਆਫ ਹੋਈਆਂ ਹਨ, ਉਦੋਂ ਤੋਂ ਉਨ੍ਹਾਂ ਦਾ ਬਿੱਲ ਨਹੀਂ ਆ ਰਿਹਾ, ਪਰ ਬੀਤੇ ਦਿਨੀਂ ਮੀਟਰ ਨਵਾਂ ਲਵਾਇਆ ਤਾਂ ਇਸ ਉੱਤੇ 160 ਯੂਨਿਟਾਂ ਖਪਤ ਹੋਣ ਦਾ ਬਿੱਲ ਪੰਜ ਲੱਖ 88 ਹਜ਼ਾਰ 220 ਰੁਪਏ ਆ ਗਿਆ। ਉਹ ਗਰਿੱਡ ਭਦੌੜ ਵਿਖੇ ਗਿਆ ਤੇ ਉਨ੍ਹਾਂ ਨੂੰ ਬਰਨਾਲਾ ਵਿਖੇ ਅਰਜ਼ੀ ਦੇਣ ਨੂੰ ਕਿਹਾ, ਪਰ ਹਾਲੇ ਮਸਲਾ ਹੱਲ ਨਹੀਂ ਹੋਇਆ। ਇਸ ਬਾਰੇ ਐਸ ਡੀ ਓ ਨੇ ਕਿਹਾ ਕਿ ਇੱਕ ਘਰ ਦਾ ਇੰਨਾ ਬਿੱਲ ਨਹੀਂ ਆ ਸਕਦਾ। ਉਹ ਪਰਵਾਰ ਉਨ੍ਹਾਂ ਕੋਲ ਆਇਆ ਸੀ ਅਤੇ ਇਹ ਤਕਨੀਕੀ ਗਲਤੀ ਹੋ ਸਕਦੀ ਹੈ, ਜਲਦੀ ਹੀ ਮਾਮਲੇ ਦੀ ਜਾਂਚ ਕਰ ਕੇ ਪਰਵਾਰ ਦਾ ਬਿੱਲ ਸਹੀ ਤਰੀਕੇ ਨਾਲ ਭੇਜਿਆ ਜਾਵੇਗਾ।

# ਹਵਾਈ ਫੌਜ ਦੇ ਸਾਬਕਾ ਅਧਿਕਾਰੀ ਤੇ ਉਸ ਦੀ ਪਤਨੀ ਦਾ ਕਤਲ

ਲੁਧਿਆਣਾ, 26 ਮਈ (ਪੋਸਟ ਬਿਊਰੋ)- ਇਸ ਸ਼ਹਿਰ ਦੇ ਜੀ ਟੀ ਬੀ ਨਗਰ ਵਿੱਚ ਕੱਲ੍ਹ ਸਵੇਰੇ ਅਣਪਛਾਤੇ ਬੰਦਿਆਂ ਨੇ ਹਵਾਈ ਫੌਜ ਦੇ ਸੇਵਾਮੁਕਤ ਅਧਿਕਾਰੀ ਤੇ ਉਸ ਦੀ ਪਤਨੀ ਦਾ ਗਲਾ ਘੁੱਟ ਕੇ ਕਤਲ ਕਰ ਦਿੱਤਾ ਹੈ। ਮਿਲੀ ਜਾਣਕਾਰੀ ਅਨੁਸਾਰ ਦੋਸ਼ੀ ਕੰਧ ਟੱਪ ਕੇ ਘਰ ਵਿੱਚ ਵੜੇ ਸਨ। ਉਹ ਜਾਂਦੇ ਹੋਏ ਸੀ ਸੀ ਟੀ ਵੀ ਕੈਮਰੇ ਦਾ ਡੀ ਵੀ ਆਰ ਨਾਲ ਲੈ ਗਏ। ਕਤਲ ਦਾ ਪਤਾ ਉਸ ਸਮੇਂ ਲੱਗਾ, ਜਦੋਂ ਸੇਵਾਮੁਕਤ ਅਧਿਕਾਰੀ ਭੁਪਿੰਦਰ ਸਿੰਘ ਦਾ ਪੋਤਰਾ ਕਿਸੇ ਕੰਮ ਲਈ ਉਪਰਲੀ ਮੰਜ਼ਿਲ ਤੱਕ ਗਿਆ ਤੇ ਮ੍ਰਿਤਕ ਪਏ ਦਾਦਾ-ਦਾਦੀ ਨੂੰ ਦੇਖ ਕੇ ਰੌਲਾ ਪਾਇਆ। ਇਸ ਪਿੱਛੋਂ ਉਸ ਨੇ ਆਪਣੇ ਪਿਤਾ ਹਰਮੀਤ ਸਿੰਘ ਉਰਫ ਮਨੀ ਨੂੰ ਦੱਸਿਆ, ਜਿਨ੍ਹਾਂ ਨੇ ਪੁਲਸ ਨੂੰ ਦੱਸਿਆ। ਪੁਲਸ ਤੇ ਫੋਰੈਂਸਿਕ ਟੀਮਾਂ ਮੌਕੇ ਉੱਤੇ ਪੁੱਜੀਆਂ। ਜਾਣਕਾਰ ਸੂਤਰ ਇਹ ਦੱਸਦੇ ਹਨ ਕਿ ਭੁਪਿੰਦਰ ਸਿੰਘ ਤੇ ਉਸ ਦੇ ਪਰਵਾਰ ਦਾ ਕੁਝ ਲੋਕਾਂ ਨਾਲ ਪ੍ਰਾਪਰਟੀ ਸਬੰਧੀ ਝਗੜਾ ਵੀ ਚੱਲ ਰਿਹਾ ਸੀ।

# ਗੋਲਕ ਤੋਂ ਪੈਸੇ ਚੋਰੀ ਕਰਨ ਵਾਲੇ ਚੋਰ ਕਾਬੂ

ਜਲੰਧਰ, 26 ਮਈ (ਪੋਸਟ ਬਿਊਰੋ)- ਗੁਰਦੁਆਰਾ ਸਾਹਿਬ ਦੀ ਗੋਲਕ ਵਿੱਚੋਂ ਪੈਸੇ ਚੋਰੀ ਕਰਨ ਵਾਲੇ ਪੇਸ਼ੇਵਰ ਚੋਰ ਨੂੰ ਥਾਣਾ-1 ਦੀ ਪੁਲਸ ਨੇ ਗੁਪਤ ਸੂਚਨਾ ਉੱਤੇ ਗ੍ਰਿਫ਼ਤਾਰ ਕੀਤਾ ਅਤੇ ਚੋਰੀ ਕੀਤੇ ਰੁਪਏ ਅਤੇ ਦੋ ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਚੋਰ ਦੀ ਪਛਾਣ ਪੁਨੀਤ ਪੁੱਤਰ ਰਾਜਿੰਦਰ ਕੁਮਾਰ ਵਾਸੀ ਜਲੰਧਰ ਕੈਂਟ ਵਜੋਂ ਹੋਈ ਹੈ। ਸ਼ਿਕਾਇਤਕਰਤਾ ਗੁਰਦੀਪ ਸਿੰਘ ਪੁੱਤਰ ਧੰਨਾ ਰਾਮ ਵਾਸੀ ਨਾਗਰਾ ਰੋਡ ਦੇ ਬਿਆਨਾਂ ਉੱਤੇ ਚੋਰੀ ਦਾ ਕੇਸ ਦਰਜ ਕੀਤਾ ਗਿਆ ਸੀ, ਜਿਸ ਦੀ ਜਾਂਚ ਪਿੱਛੋਂ ਸੀ ਸੀ ਟੀ ਵੀ ਫੁਟੇਜ ਦੇ ਆਧਾਰ ਉੱਤੇ ਦੋਸ਼ੀ ਪੁਨੀਤ ਨੂੰ ਗ੍ਰਿਫ਼ਤਾਰ ਕੀਤਾ। ਉਹ ਫੁਟੇਜ ਵਿੱਚ ਚੋਰੀ ਕਰਦਾ ਸਾਫ ਨਜ਼ਰ ਆ ਰਿਹਾ ਸੀ। ਉਸ ਕੋਲੋਂ ਚੋਰੀ ਕੀਤੇ 1640 ਰੁਪਏ ਤੇ ਗੋਲਕ ਤੋਂ ਪੈਸੇ ਕੱਢਣ ਲਈ ਬਣਾਈ ਹੋਈ ਬਾਂਸ ਦੀ ਲੰਬੀ ਛੜੀ ਮਿਲ ਗਈ ਹੈ। ਤਲਾਸ਼ੀ ਦੌਰਾਨ ਨੌਜਵਾਨ ਦੀ ਜੇਬ ਤੋਂ ਦੋ ਗ੍ਰਾਮ ਹੈਰੋਇਨ ਵੀ ਮਿਲੀ ਹੈ। ਥਾਣਾ ਮੁੱਖੀ ਨੇ ਦੱਸਿਆ ਕਿ ਪੁਨੀਤ ਪਹਿਲਾਂ ਗੱਡੀਆਂ ਦੀ ਡਰਾਈਕਲੀਨ ਦਾ ਕੰਮ ਕਰਦਾ ਸੀ, ਉਸ ਦੇ ਬਾਅਦ ਉਹ ਨਸ਼ੇ ਦਾ ਆਦੀ ਹੋ ਗਿਆ ਤੇ ਚੋਰੀਆਂ ਕਰਨ ਲੱਗਾ ਜਿਸ ਦੇ ਖ਼ਿਲਾਫ਼ ਵੱਖ-ਵੱਖ ਥਾਂਈਂ 13 ਕੇਸ ਦਰਜ ਹਨ।





# ਤਲਾਕ-ਏ-ਹਸਨ ਦੇ ਖਿਲਾਫ ਸੁਪਰੀਮ ਕੋਰਟ ਵਿੱਚ ਪਟੀਸ਼ਨ



ਨਵੀਂ ਦਿੱਲੀ, 26 ਮਈ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਬੀਤੇ ਦਿਨ ਉਸ ਪਟੀਸ਼ਨ ਉੱਤੇ ਤਤਕਾਲ ਸੁਣਵਾਈ ਤੋਂ ਨਾਂਹ ਕਰ ਦਿੱਤੀ, ਜਿਸ ਵਿੱਚ ਤਲਾਕ-ਏ-ਹਸਨ ਅਤੇ ਇੱਕ ਪੱਖੀ ਗੈਰ ਨਿਆਂ ਤਲਾਕ ਦੀਆਂ ਸਭ ਕਿਸਮਾਂ ਨੂੰ ਨਾਜਾਇਜ਼ ਤੇ ਗੈਰ ਸੰਵਿਧਾਨਕ ਐਲਾਨਣ ਦੀ ਮੰਗ ਕੀਤੀ ਗਈ ਹੈ।

ਇਸ ਪਟੀਸ਼ਨ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਇਸ ਤਰ੍ਹਾਂ ਦੇ ਤਲਾਕ ਮਨਮਾਨੇ ਅਤੇ ਦਲੀਲਾਂ ਤੋਂ ਪਰੇ ਹਨ ਤੇ ਕਈ ਇਸਲਾਮੀ ਦੇਸ਼ਾਂ ਵਿੱਚ ਵੀ ਇਨ੍ਹਾਂ ਉੱਤੇ ਰੋਕ ਹੈ।ਜਸਟਿਸ ਡੀ ਵਾਈ ਚੰਦਰਚੂੜ ਅਤੇ ਜਸਟਿਸ ਬੇਲਾ ਐਮ ਤ੍ਰਿਵੇਦੀ ਦੇ ਬੈਂਚ ਨੇ ਪਟੀਸ਼ਨਰ ਮੁਸਲਮਾਨ ਔਰਤ ਦੀ ਵਕੀਲ ਨੂੰ ਕਿਹਾ ਕਿ ਉਹ ਅਗਲੇ ਹਫਤੇ ਇਸ ਕੇਸ ਦਾ ਜ਼ਿਕਰ ਕਰਨ। ਤਲਾਕ-ਏ-ਹਸਨ ਹੇਠ ਮਹੀਨੇ ਵਿੱਚ ਇੱਕ ਵਾਰੀ ਤਲਾਕ ਬੋਲ ਕੇ ਜਾਂ ਲਿਖਤੀ ਰੂਪ ਵਿੱਚ ਦਿੱਤਾ ਜਾਂਦਾ ਹੈ ਤੇ ਇਸੇ ਤਰ੍ਹਾਂ ਤਿੰਨ ਮਹੀਨਿਆਂ ਤਕ ਬੋਲ ਕੇ ਜਾਂ ਲਿਖ ਕੇ ਦਿੱਤਾ ਜਾਂਦਾ ਹੈ। ਇਸ ਦੌਰਾਨ ਜੇ ਸੁਲ੍ਹਾ ਨਹੀਂ ਹੁੰਦੀ ਤਾਂ ਤੀਸਰੇ ਮਹੀਨੇ ਵਿੱਚ ਤੀਜੀ ਵਾਰੀ ਤਲਾਕ ਬੋਲ ਕੇ ਜਾਂ ਲਿਖ ਕੇ ਦੇਣ ਨਾਲ ਰਸਮੀ ਤਲਾਕ ਹੋ ਜਾਂਦਾ ਹੈ। ਪਹਿਲੀ ਵਾਰੀ ਜਾਂ ਦੂਜੀ ਵਾਰੀ ਤਲਾਕ ਬੋਲ ਕੇ ਜਾਂ ਲਿਖ ਕੇ ਦੇਣ ਤੋਂ ਬਾਅਦ ਜੇ ਸੁਲ੍ਹਾ ਹੋ ਜਾਂਦੀ ਹੈ ਤਾਂ ਪਹਿਲੀ ਤੇ ਦੂਜੀ ਵਾਰੀ ਬੋਲ ਕੇ ਜਾਂ ਲਿਖ ਕੇ ਦਿੱਤੇ ਗਏ ਤਲਾਕ ਨੂੰ ਰੱਦ ਮੰਨਿਆ ਜਾਂਦਾ ਹੈ।ਪਟੀਸ਼ਨਰ ਨੇ ਅਰਜ਼ੀ ਵਿੱਚ ਕੇਂਦਰ ਸਰਕਾਰ ਤੋਂ ਸਾਰੇ ਨਾਗਰਿਕਾਂ ਲਈ ਤਲਾਕ ਬਾਰੇ ਲਿੰਗ ਤੇ ਧਰਮ ਦੇ ਆਧਾਰ ਉੱਤੇਵਿਤਕਰੇ ਮੁਕਤ ਬਰਾਬਰ ਆਧਾਰ ਦੀ ਪ੍ਰਕਿਰਿਆ ਤਿਆਰ ਕਰਨ ਦੀ ਮੰਗ ਕੀਤੀ ਗਈ ਹੈ। ਬੈਂਚ ਨੂੰ ਕਿਹਾ ਗਿਆ ਹੈਕਿ ਪਟੀਸ਼ਨ ਤਲਾਕ-ਏ-ਹਸਨ ਨੂੰ ਚੁਣੌਤੀ ਦੇਣ ਨਾਲ ਜੁੜੀ ਹੈ।

ਇਸ ਕੇਸ ਦੀ ਪਟੀਸ਼ਨਰ ਨੂੰ ਉਸ ਦੇ ਪਤੀ ਵੱਲੋਂ ਵਕੀਲ ਰਾਹੀਂ ਤਲਾਕ ਦੇ ਦੋ ਨੋਟਿਸ ਜਾਰੀ ਕੀਤੇ ਜਾ ਚੁੱਕੇ ਹਨ ਤੇ ਤੀਸਰਾ ਨੋਟਿਸ ਆਖਰੀ ਹੋਵੇਗਾ। ਇਸ ਉੱਤੇ ਬੈਂਚ ਨੇ ਸਵਾਲ ਕੀਤਾ ਕਿ ਪਹਿਲਾ ਨੋਟਿਸ ਕਦੋਂ ਜਾਰੀ ਹੋਇਆ ਸੀ ਤਾਂ ਵਕੀਲ ਨੇ ਕਿਹਾ ਕਿ ਪਹਿਲਾ ਨੋਟਿਸ 19 ਅਪ੍ਰੈਲ ਨੂੰ ਤੇ ਦੂਜਾ ਨੋਟਿਸ ਬੀਤੇ ਦਿਨੀਂ ਜਾਰੀ ਹੋਇਆ ਹੈ। ਇਸ ਉੱਤੇ ਬੈਂਚ ਨੇ ਕਿਹਾ ਕਿ ਹਾਲੇ ਕੋਈ ਜਲਦੀ ਨਹੀਂ, ਅਦਾਲਤ ਦੁਬਾਰਾ ਖੁੱਲ੍ਹਣ ਉੱਤੇ ਸੁਣਵਾਈ ਕਰਾਂਗੇ। ਵਕੀਲ ਨੇ ਕਿਹਾ ਕਿ ਉਦੋਂ ਤਕ ਸਭ ਕੁਝ ਖਤਮ ਹੋ ਚੁੱਕਾ ਹੋਵੇਗਾ। ਇਸ ਪਿੱਛੋਂ ਬੈਂਚ ਅਗਲੇ ਹਫਤੇ ਸੁਣਵਾਈ ਲਈ ਤਿਆਰ ਹੋ ਗਿਆ।

## ਹਾਈ ਕੋਰਟ ਵਿੱਚ ਵੰਦੇ ਮਾਤਰਮ ਨੂੰ ਕੌਮੀ ਗੀਤ ਬਰਾਬਰ ਦਰਜਾ ਦੇਣ ਦੀ ਪਟੀਸ਼ਨ

ਨਵੀਂ ਦਿੱਲੀ, 26 ਮਈ (ਪੋਸਟ ਬਿਊਰੋ)- ਦਿੱਲੀ ਹਾਈ ਕੋਰਟ ਨੇ ਰਾਸ਼ਟਰੀ ਗਾਇਨ 'ਜਨ ਗਣ ਮਨ' ਅਤੇ ਰਾਸ਼ਟਰੀ ਗੀਤ 'ਵੰਦੇ ਮਾਤਰਮ' ਦੇ ਬਰਾਬਰ ਪ੍ਰਚਾਰ ਲਈ ਨੀਤੀ ਬਣਾਉਣ ਦੀ ਮੰਗ ਵਾਲੀ ਪਟੀਸ਼ਨ ਉੱਤੇ ਕੱਲ੍ਹ ਕੇਂਦਰ ਤੇ ਦਿੱਲੀ ਸਰਕਾਰ ਨੂੰ ਆਪਣਾ ਪੱਖ ਦੱਸਣ ਲਈ ਕਿਹਾ ਹੈ।

ਕਾਰਜਕਾਰੀ ਚੀਫ ਜਸਟਿਸ ਵਿਪਿਨ ਸਾਂਘੀ ਅਤੇ ਜਸਟਿਸ ਸਚਿਨ ਦੱਤਾ ਦੀ ਬੈਂਚ ਨੇ ਭਾਰਤੀ ਜਨਤਾ ਪਾਰਟੀ ਦੇ ਨੇਤਾ ਦੀ ਪਟੀਸ਼ਨ ਉੱਤੇ ਨੋਟਿਸ ਜਾਰੀ ਕੀਤਾ ਅਤੇ ਜਵਾਬ ਦੇਣ ਲਈ ਸਮਾਂ ਦਿੱਤਾ ਹੈ। ਅਦਾਲਤ ਨੇ ਇਸ ਪਟੀਸ਼ਨ ਉੱਤੇ ਰਾਸ਼ਟਰੀ ਸਿੱਖਿਆ ਖੋਜ ਅਤੇ ਸਿਖਲਾਈ ਕੌਂਸਲ (ਐਨ ਸੀ ਈ ਆਰ ਟੀ) ਤੋਂ ਵੀ ਜਵਾਬ ਮੰਗਿਆ ਹੈ। ਪਟੀਸ਼ਨ ਵਿੱਚ ਕੇਂਦਰ ਤੇ ਦਿੱਲੀ ਸਰਕਾਰ ਨੂੰ ਇਹ ਯਕੀਨੀ ਬਣਾਉਣ ਲਈ ਨਿਰਦੇਸ਼ ਦੇਣ ਦੀ ਵੀ ਮੰਗ ਕੀਤੀ ਗਈ ਹੈ ਕਿ ਸਾਰੇ ਸਕੂਲਾਂ ਅਤੇ ਵਿਦਿਅਕ ਅਦਾਰਿਆਂ ਵਿੱਚ ਹਰ ਕੰਮ ਵਾਲੇ ਦਿਨ 'ਜਨ ਗਣ ਮਨ' ਅਤੇ 'ਵੰਦੇ ਮਾਤਰਮ' ਵਜਾਇਆ ਜਾਵੇ।ਇਸ ਦੌਰਾਨ ਅਦਾਲਤ ਨੇ ਸੁਣਵਾਈ ਲਈ ਪਟੀਸ਼ਨ ਨੂੰ ਸੂਚੀਬੱਧ ਕਰਨ ਤੋਂ ਪਹਿਲਾਂ ਉਸ ਨੂੰ ਦਾਇਰ ਕਰਨ ਦੀ ਗੱਲ ਪ੍ਰਚਾਰਤ ਕਰਨ ਉੱਤੇ ਪਟੀਸ਼ਨਰ ਨਾਲ ਨਾਰਾਜ਼ਗੀ ਪ੍ਰਗਟਾਈ ਤੇ ਕਿਹਾ ਕਿ ਇਸ ਤੋਂ ਲੱਗਦਾ ਹੈ ਕਿ ਪਟੀਸ਼ਨ ਪ੍ਰਚਾਰ ਲਈ ਦਾਇਰ ਕੀਤੀ ਗਈ ਹੈ।ਅਦਾਲਤ ਨੇ ਇਸ ਗੱਲ ਉੱਤੇਜ਼ੋਰ ਦਿੱਤਾ ਕਿ ਪਟੀਸ਼ਨਰ ਨੇ ਅਫਸੋਸ ਪ੍ਰਗਟ ਕੀਤਾ ਹੈ ਤੇ ਉਨ੍ਹਾਂ ਨੂੰ ਇਹ ਕੰਮ ਦੁਬਾਰਾ ਨਾ ਕਰਨ ਦਾ ਨਿਰਦੇਸ਼ ਦਿੱਤਾ ਗਿਆ ਹੈ। ਅਦਾਲਤ ਨੇ ਕਿਹਾ ਕਿ ਉਹ ਮੌਜੂਦਾ ਜਨਹਿਤ ਪਟੀਸ਼ਨ ਉੱਤੇ ਸੁਣਵਾਈ ਕਰੇਗੀ। ਪਟੀਸ਼ਨਰ ਨੇ ਅਦਾਲਤ ਵਿੱਚ ਦਲੀਲ ਦਿੱਤੀ ਕਿ 'ਵੰਦੇ ਮਾਤਰਮ' ਦੇ ਸਨਮਾਨਬਾਰ ਕੋਈ ਨਿਰਦੇਸ਼ ਜਾਂ ਨਿਯਮ ਨਾ ਹੋਣ ਕਾਰਨ ਰਾਸ਼ਟਰੀ ਗੀਤ ਨੂੰ 'ਅਸ਼ਿਸ਼ਟ ਤਰੀਕੇ' ਨਾਲ ਗਾਇਆ ਜਾਂਦਾ ਹੈ ਅਤੇ ਫਿਲਮਾਂ ਤੇ ਹੋਰਨਾਂ ਪ੍ਰੋਗਰਾਮਾਂ ਵਿੱਚ ਇਸਦੀ ਦੁਰਵਰਤੋਂ ਕੀਤੀ ਜਾਂਦੀ ਹੈ। ਉਸ ਨੇ ਕਿਹਾ ਕਿ ਇਸ ਗੀਤ ਨੇ ਭਾਰਤ ਦੇ ਸੁਤੰਤਰਤਾ ਸੰਗ੍ਰਾਮ ਵਿੱਚ ਇਤਿਹਾਸਕ ਭੂਮਿਕਾ ਨਿਭਾਈ ਅਤੇ ਸੰਵਿਧਾਨ ਸਭਾ ਦੇ ਪ੍ਰਧਾਨ ਡਾ. ਰਾਜੇਂਦਰ ਪ੍ਰਸਾਦ ਵੱਲੋਂ 1950 ਵਿੱਚ ਦਿੱਤੇ ਗਏ ਬਿਆਨ ਦੇ ਮੱਦੇਨਜ਼ਰ ਇਸ ਨੂੰ 'ਜਨ ਗਣ ਮਨ' ਦੇ ਬਰਾਬਰ ਹੀ ਸਨਮਾਨ ਦਿੱਤਾ ਜਾਣਾ ਚਾਹੀਦਾ ਹੈ। ਇਸ ਮਾਮਲੇ ਉੱਤੇ ਅੱਗੇ ਦੀ ਸੁਣਵਾਈ 9 ਨਵੰਬਰ ਨੂੰ ਹੋਵੇਗੀ।

# ਕੁਤਬ ਮੀਨਾਰ ਪੂਜਾ ਕਰਨ ਦੀ ਥਾਂ ਨਹੀਂ: ਏ ਐਸ ਆਈ



ਨਵੀਂ ਦਿੱਲੀ, 26 ਮਈ (ਪੋਸਟ ਬਿਊਰੋ)- ਭਾਰਤੀ ਪੁਰਾਤੱਤਵ ਸਰਵੇਖਣ (ਏ ਐਸ ਆਈ) ਨੇ ਕੱਲ੍ਹ ਦਿੱਲੀ ਦੀ ਇੱਕ ਅਦਾਲਤ ਵਿੱਚ ਕੁਤਬ ਮੀਨਾਰ ਕੰਪਲੈਕਸ ਅੰਦਰ ਹਿੰਦੂ ਤੇ ਜੈਨ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਮੁੜ ਸਥਾਪਤ ਕਰਨ ਦੀ ਮੰਗ ਸੰਬੰਧੀ ਅਪੀਲ ਦਾ ਵਿਰੋਧ ਕਰਦਿਆਂ ਕਿਹਾ ਕਿ ਇਹ ਕੋਈ ਪੂਜਾ ਵਾਲੀ ਥਾਂ ਨਹੀਂ ਤੇ ਇਸ ਸਮਾਰਕ ਦੀ ਮੌਜੂਦਾ ਸਥਿਤੀ ਬਦਲੀ ਨਹੀਂ ਜਾ ਸਕਦੀ। ਏ ਐਸ ਆਈ ਨੇ ਇਹ ਵੀ ਕਿਹਾ ਕਿ ਕੇਂਦਰ ਵੱਲੋਂ ਸੁਰੱਖਿਅਤ ਇਸ ਸਮਾਰਕ ਵਿੱਚ ਪੂਜਾ ਦੇ ਮੌਲਿਕ ਅਧਿਕਾਰ ਦਾ ਦਾਅਵਾ ਕਰਨ ਵਾਲੇ ਕਿਸੇ ਵਿਅਕਤੀ ਦੀ ਦਲੀਲ ਨਾਲ ਸਹਿਮਤ ਹੋਣਾ ਕਾਨੂੰਨ ਦੇ ਉਲਟ ਹੋਵੇਗਾ। ਏ ਐਸ ਆਈ ਨੇ ਹਾਲਾਂਕਿ ਇਹ ਕਿਹਾ ਕਿ ਕੁਤਬ ਮੀਨਾਰ ਦੀ ਉਸਾਰੀ ਦੌਰਾਨ ਹਿੰਦੂ ਤੇ ਜੈਨ ਦੇਵੀ-ਦੇਵਤਿਆਂ ਦੀਆਂ ਤਸਵੀਰਾਂ ਤੇ ਹੋਰ ਸਮੱਗਰੀ ਦੀ ਮੁੜ ਵਰਤੋਂ ਕੀਤੀ ਗਈ ਸੀ।

ਐਡੀਸ਼ਨਲ ਜ਼ਿਲ੍ਹਾ ਜੱਜ ਨੇ ਪਟੀਸ਼ਨ ਉੱਤੇ ਫੈਸਲਾ 9 ਜੂਨ ਲਈ ਰਾਖਵਾਂ ਰੱਖ ਲਿਆ ਹੈ। ਮਾਮਲੇ ਦੀ ਸੁਣਵਾਈ ਦੌਰਾਨ ਏ ਐਸ ਆਈ ਨੇ ਕਿਹਾ ਕਿ ਜ਼ਮੀਨ ਦੀ ਸਥਿਤੀ ਦੀ ਉਲੰਘਣ ਕਰਦਿਆਂ ਮੌਲਿਕ ਅਧਿਕਾਰ ਦਾ ਲਾਭ ਨਹੀਂ ਲਿਆ ਜਾ ਸਕਦਾ। ਸੰਭਾਲ ਦਾ ਮੂਲ ਸਿਧਾਂਤ ਉਸ ਸਮਾਰਕ ਵਿੱਚ ਕੋਈ ਨਵੀਂ ਰਿਵਾਇਤ ਸ਼ੁਰੂ ਕਰਨ ਦੀ ਇਜਾਜ਼ਤ ਦੇਣਾ ਨਹੀਂ ਹੈ, ਜਿਸ ਕਾਨੂੰਨ ਤਹਿਤ ਸਮਾਰਕ ਨੂੰ ਸੁਰੱਖਿਅਤ ਦੇ ਨੋਟੀਫਾਈ ਐਲਾਨਿਆ ਗਿਆ ਹੋਵੇ। ਏ ਐਸ ਆਈ ਨੇ ਕਿਹਾ ਕਿ ਅਜਿਹੀ ਕਿਸੇ ਵੀ ਥਾਂਪੂਜਾ ਮੁੜ ਸ਼ੁਰੂ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਗਈ, ਜਿੱਥੇ ਸਮਾਰਕ ਨੂੰ ਆਪਣੀ ਸੰਭਾਲ ਹੇਠ ਲੈਣ ਪਿੱਛੋਂ ਇਹ ਨਹੀਂ ਕੀਤਾ ਜਾਂਦਾ। ਉਨ੍ਹਾਂ ਕਿਹਾ ਕਿ ਕੁਤਬ ਮੀਨਾਰ ਪੂਜਾ ਕਰਨ ਵਾਲੀ ਥਾਂ ਨਹੀਂ ਹੈ ਅਤੇ ਕੇਂਦਰ ਸਰਕਾਰ ਵੱਲੋਂ ਇਸ ਦੀ ਸੰਭਾਲ ਕੀਤੇ ਜਾਣ ਦੇ ਸਮੇਂ ਤੋਂ ਕੁਤਬ ਮੀਨਾਰ ਜਾਂ ਕੁਤਬ ਮੀਨਾਰ ਦਾ ਕੋਈ ਵੀ ਹਿੱਸਾ ਕਿਸੇ ਭਾਈਚਾਰੇ ਵੱਲੋਂ ਪੂਜਾ ਅਧੀਨ ਨਹੀਂ ਸੀ।

ਏ ਐਸ ਆਈ ਦੇ ਵਕੀਲ ਨੇ ਕਿਹਾ ਕਿ ਕੁੱਵਤ-ਉਲ-ਇਸਲਾਮ ਮਸਜਿਦ ਵਿੱਚ ਫਾਰਸੀ ਦੇ ਸ਼ਿਲਾਲੇਖ ਤੋਂ ਇਹ ਬਹੁਤ ਸਪੱਸ਼ਟ ਹੈ ਕਿ ਉਸ ਨੂੰ 27 ਮੰਦਰਾਂ ਤੋਂ ਨੱਕਾਸ਼ੀਦਾਰ ਥੰਮਲਿਆਂ ਤੇ ਹੋਰ ਨੱਕਾਸ਼ੀ ਵਾਲੀ ਸਮੱਗਰੀ ਤੋਂ ਬਣਾਇਆ ਗਿਆ ਸੀ। ਉਨ੍ਹਾਂ ਕਿਹਾ, ਸ਼ਿਲਾਲੇਖ ਤੋਂ ਸਾਫ ਹੈ ਕਿ ਇਨ੍ਹਾਂ ਮੰਦਰਾਂ ਦੇ ਪੱਥਰ ਵਰਤ ਕੇ ਮਸਜਿਦ ਬਣਾਈ ਗਈ ਹੈ, ਪਰ ਕਿਤੇ ਵੀ ਇਹ ਜ਼ਿਕਰ ਨਹੀਂ ਕਿ ਮੰਦਰ ਢਾਹ ਕੇ ਇਹ ਸਮੱਗਰੀ ਲਈ ਗਈ ਸੀ। ਨਾਲ ਇਹ ਵੀ ਸਪੱਸ਼ਟ ਨਹੀਂ ਕਿ ਉਨ੍ਹਾਂ ਨੂੰ ਉਸ ਥਾਂ ਤੋਂ ਲਿਆ ਗਿਆ ਸੀ ਜਾਂ ਬਾਹਰੋਂ ਲਿਆਂਦਾ ਗਿਆ ਸੀ। ਮੰਦਰ ਤੋੜੇ ਨਹੀਂ ਗਏ, ਉਸਾਰੀ ਲਈ ਮੰਦਰਾਂ ਦੇ ਕੁਝ ਟੁੱਟੇ ਹਿੱਸੇ ਵਰਤੇ ਗਏ ਹਨ।ਸੁਣਵਾਈ ਦੌਰਾਨ ਅਦਾਲਤ ਨੇ ਕਿਹਾ ਦੱਖਣੀ ਭਾਰਤ ਦੇ ਕਈ ਅਜਿਹੇ ਸਮਾਰਕ ਹਨ, ਜਿਨ੍ਹਾਂ ਦੀ ਵਰਤੋਂ ਨਹੀਂ ਹੁੰਦੀ ਤੇ ਪੂਜਾ ਨਹੀਂ ਕੀਤੀ ਜਾ ਰਹੀ। ਅਦਾਲਤ ਨੇ ਪੁੱਛਿਆ, ਕੀ ਤੁਸੀਂ ਚਾਹੁੰਦੇ ਹੋ ਕਿ ਸਮਾਰਕ ਨੂੰ ਮੰਦਰ ਵਿੱਚਬਦਲ ਦਿੱਤਾ ਜਾਵੇ। ਸਵਾਲ ਇਹ ਹੈ ਕਿ ਤੁਸੀਂ ਅਜਿਹੀ ਕਿਸੇ ਚੀਜ਼ ਦੀ ਬਹਾਲੀ ਲਈ ਕਾਨੂੰਨੀ ਅਧਿਕਾਰ ਦਾ ਦਾਅਵਾ ਕਿਵੇਂ ਕਰ ਸਕਦੇ ਹੋ, ਜੋ 800 ਸਾਲ ਪਹਿਲਾਂ ਹੋਈ ਹੈ।

ਇਸ ਦੌਰਾਨ ਸ੍ਰੀ ਕ੍ਰਿਸ਼ਨ ਜਨਮ ਭੂਮੀ-ਸ਼ਾਹੀ ਈਦਗਾਹ ਮਸਜਿਦ ਵਿਵਾਦ ਨਾਲ ਸੰਬੰਧਤ ਸਾਰੀਆਂ ਪਟੀਸ਼ਨਾਂ ਉੱਤੇ ਚਾਰ ਮਹੀਨੇ ਅੰਦਰ ਕਾਰਵਾਈ ਪੂਰੀ ਕਰਨ ਬਾਰੇ ਅਲਾਹਾਬਾਦ ਹਾਈ ਕੋਰਟ ਦੇ ਹੁਕਮਾਂ ਦੀ ਕਾਪੀ ਕੱਲ੍ਹ ਸਿਵਲ ਜੱਜ (ਸੀਨੀਅਰ ਡਵੀਜ਼ਨ) ਮਥੁਰਾ ਦੀ ਅਦਾਲਤ ਵਿੱਚ ਪੇਸ਼ ਕੀਤੀ ਗਈ। ਇਸ ਦੀ ਅਗਲੀ ਸੁਣਵਾਈ ਪਹਿਲੀ ਜੁਲਾਈ ਨੂੰ ਤੈਅ ਹੋਈ ਹੈ। ਪਟੀਸ਼ਨਰ ਮਨੀਸ਼ ਯਾਦਵ ਦੇ ਵਕੀਲ ਨੇ ਦੱਸਿਆ ਕਿ ਹਾਈ ਕੋਰਟ ਦੇ ਹੁਕਮਾਂ ਦੀ ਕਾਪੀ ਸਿਵਲ ਜੱਜ (ਸੀਨੀਅਰ ਡਵੀਜ਼ਨ) ਜਯੋਤੀ ਸਿੰਘ ਦੀ ਅਦਾਲਤ ਨੂੰ ਪੇਸ਼ ਕੀਤੀ ਹੈ। ਵਰਨਣ ਯੋਗ ਹੈ ਕਿ ਲਖਨਊ ਦੇ ਵਸਨੀਕ ਮਨੀਸ਼ ਯਾਦਵ ਨੇ ਖੁਦ ਨੂੰ ਭਗਵਾਨ ਕ੍ਰਿਸ਼ਨ ਦਾ ਵੰਸ਼ਜ ਦੱਸਦਿਆਂ 15 ਦਸੰਬਰ 2020 ਨੂੰ ਸਿਵਲ ਜੱਜ ਸੀਨੀਅਰ ਡਵੀਜ਼ਨ ਦੀ ਅਦਾਲਤ ਵਿੱਚ ਕੇਸ ਦਾਇਰ ਕੀਤਾ ਸੀ।

## ਭਾਰਤ ਸਰਕਾਰ ਵੱਲੋਂ ਖੰਡ ਐਕਸਪੋਰਟ ਕਰਨ ਦੀ ਹੱਦ ਇੱਕ ਕਰੋੜ ਟਨ ਤੈਅ



ਨਵੀਂ ਦਿੱਲੀ, 26 ਮਈ (ਪੋਸਟ ਬਿਊਰੋ)- ਖੰਡ ਦੀ ਘਰੇਲੂ ਸਪਲਾਈਅਤੇ ਕੀਮਤ ਵਿੱਚ ਸਥਿਰਤਾ ਰੱਖਣ ਲਈ ਭਾਰਤ ਸਰਕਾਰ ਨੇ ਇਸ ਸਾਲ ਖੰਡ ਦੀ ਐਕਸਪੋਰਟ ਇੱਕ ਕਰੋੜ ਟਨ ਤਕ ਸੀਮਿਤ ਕਰਨ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਹੈ। ਇਹ ਨੋਟੀਫਿਕੇਸ਼ਨ ਵਿਦੇਸ਼ ਵਪਾਰ ਦੇ ਡਾਇਰੈਕਟੋਰੇਟ ਜਨਰਲ (ਡੀ ਜੀ ਐਫ ਟੀ) ਨੇ ਜਾਰੀ ਕੀਤਾ ਹੈ।

ਨੋਟੀਫਿਕੇਸ਼ਨ ਅਨੁਸਾਰ ਪਹਿਲੀ ਜੂਨ 2022 ਤੋਂ 31 ਅਕਤੂਬਰ 2022 ਤਕ ਜਾਂ ਅਗਲੇ ਹੁਕਮਾਂ ਤਕ, ਜੋ ਵੀ ਪਹਿਲਾਂ ਹੋਵੇ, ਖੰਡ ਦੀ ਐਕਸਪੋਰਟ ਦੀ ਇਜਾਜ਼ਤ ਖੁਰਾਕ ਮੰਤਰਾਲੇ ਦਾ ਖੰਡ ਡਾਇਰੈਕਟੋਰੇਟ ਦੇਵੇਗਾ। ਮੌਜੂਦਾ ਸਾਲ (ਸਤੰਬਰ-ਅਕਤੂਬਰ) ਲਈ ਕਰੀਬ ਨੱਬੇ ਲੱਖ ਟਨ ਖੰਡ ਦੀ ਐਕਸਪੋਰਟਦੇ ਸਮਝੌਤੇ ਉੱਤੇ ਦਸਖਤ ਹੋਏ ਹਨ। ਮਿਲਾਂਤੋਂ ਕਰੀਬ 82 ਲੱਖ ਟਨ ਖੰਡ ਐਕਸਪੋਰਟ ਲਈ ਕੱਢੀ ਗਈ ਅਤੇ 78 ਲੱਖ ਟਨ ਖੰਡ ਐਕਸਪੋਰਟਹੋਈ ਹੈ। ਖੁਰਾਕ ਮੰਤਰਾਲੇ ਅਨੁਸਾਰ ਇਹ ਫੈਸਲਾ ਪਿਛਲੇ ਸਾਲਾਂ ਦੇ ਰਿਕਾਰਡ ਦੇ ਆਧਾਰ ਉੱਤੇ ਲਿਆ ਗਿਆ ਹੈ। 2021-22 ਵਿੱਚ ਖੰਡ ਦੀ ਐਕਸਪੋਰਟ ਕਾਫੀ ਵੱਧ ਗਈ ਹੈ। 2020-21 ਵਿੱਚ 70 ਲੱਖ ਟਨ ਖੰਡ ਐਕਸਪੋਰਟ ਕੀਤੀ ਗਈ ਸੀ ਅਤੇ 2019-20 ਵਿੱਚ 59.6 ਲੱਖ ਟਨਐਕਸਪੋਰਟ ਹੋਈ ਸੀ। ਮੰਤਰਾਲੇ ਨੇ ਕਿਹਾ, ''ਖੰਡ ਐਕਸਪੋਰਟਜ਼ਿਆਦਾ ਵਧਣ, ਦੇਸ਼ ਵਿੱਚ ਖੰਡ ਦਾ ਢੁਕਵਾਂ ਭੰਡਾਰ ਰੱਖਣ, ਖੰਡ ਦੀਆਂ ਕੀਮਤਾਂ ਵਧਣ ਤੋਂ ਰੋਕਣ ਅਤੇ ਦੇਸ਼ ਦੇ ਲੋਕਾਂ ਦੇ ਹਿੱਤਾਂ ਲਈ ਸਰਕਾਰ ਨੇ ਪਹਿਲੀ ਜੂਨ 2022 ਤੋਂ ਖੰਡ ਦੀ ਐਕਸਪੋਰਟ ਨਿਯਮਤ ਕਰਨ ਦਾ ਫੈਸਲਾ ਲਿਆ ਹੈ।'' ਬਿਆਨ ਵਿੱਚ ਕਿਹਾ ਗਿਆ ਹੈ ਕਿ ਖੰਡ ਮਿੱਲਾਂ ਤੇ ਐਕਸਪੋਰਟਰਾਂ ਨੂੰ ਖੰਡ ਡਾਇਰੈਕਟੋਰੇਟ ਤੋਂ ਈ ਆਰ ਓ ਦੇ ਰੂਪ ਵਿੱਚ ਮਨਜ਼ੂਰੀ ਲੈਣੀ ਪਵੇਗੀ।

## ਕਿਸਾਨਾਂ ਵੱਲੋਂ ਸੜਕ ਬਣਾਊ ਕੰਪਨੀ ਦੇ ਦੋ ਪਲਾਂਟਾਂ ਉਤੇ ਕਬਜ਼ਾ



ਡੱਬਵਾਲੀ, 26 ਮਈ (ਪੋਸਟ ਬਿਊਰੋ)- ਉਸਾਰੀ ਅਧੀਨ ਅੰਮ੍ਰਿਤਸਰ-ਜਾਮਨਗਰ ਐਕਸਪ੍ਰੈਸਵੇਅ ਉੱਤੇਬਣਨ ਵਾਲੇ ਅੰਡਰਪਾਸ, ਸਿੰਜਾਈ ਖਾਲਿਆਂਤੇ ਬਕਾਇਆ ਐਵਾਰਡ ਜਾਰੀ ਕਰਨ ਸਣੇ ਹੋਰ ਮੰਗਾਂ ਦੀ ਸੁਣਵਾਈ ਨਾ ਹੋਣ ਦੇ ਵਿਰੋਧ ਵਿੱਚ ਕੱਲ੍ਹ ਪੀੜਤ ਕਿਸਾਨਾਂ ਨੇ ਠੇਕੇਦਾਰ ਕੰਪਨੀ ਦੇ ਅਲੀਕਾਂ ਅਤੇ ਅਬੁੱਲ ਸ਼ਹਿਰ ਵਾਲੇ ਦੋ ਪਲਾਂਟਾਂ ਦਾ ਘਿਰਾਓ ਕਰ ਕੇ ਉਥੇ ਚੱਲਦਾ ਕੰਮ ਰੁਕਵਾ ਦਿੱਤਾ। ਕੱਲ੍ਹ ਡੱਬਵਾਲੀ ਦੇ ਥਾਣਾ ਮੁਖੀ ਨੇ ਕਿਸਾਨਾਂ ਨੂੰ ਭਰੋਸਾ ਦਿਵਾਇਆ ਕਿ ਅੱਜ ਐਨ ਐਚ ਏ ਆਈ ਦੇ ਪ੍ਰੋਜੈਕਟ ਡਾਇਰੈਕਟਰ ਤੇ ਹੋਰ ਅਧਿਕਾਰੀ ਆ ਕੇ ਉਨ੍ਹਾਂ ਦੀ ਗੱਲ ਸੁਣਨਗੇ।

ਕਿਸਾਨਾਂ ਨੇ ਦੱਸਿਆ ਕਿ ਡੱਬਵਾਲੀ ਖੇਤਰ ਦੇ 9 ਪਿੰਡਾਂ ਵਿੱਚੋਂ ਲੰਘਦੇ ਭਾਰਤਮਾਲਾ ਐਕਸਪ੍ਰੈਸਵੇਅ ਤੋਂ ਪ੍ਰਭਾਵਤ ਕਿਸਾਨਾਂ ਨੇ ਧਰਨਾ ਲਾਇਆ ਹੋਇਆ ਹੈ ਤੇ ਕਿਸੇ ਨੇ ਉਨ੍ਹਾਂ ਦੀ ਸਾਰ ਨਹੀਂ ਲਈ। ਕੱਲ੍ਹ ਕਿਸਾਨਾਂ ਨੇ ਪਿੰਡ ਅਲੀਕਾਂ ਵਿੱਚ ਠੇਕੇਦਾਰ ਕੰਪਨੀ ਦੇ ਇੱਕ ਪਲਾਂਟ ਦਾ ਘਿਰਾਓ ਕਰ ਕੇ ਚਿਤਾਵਨੀ ਦਿੱਤੀ ਕਿ ਜੇ ਸਬੰਧਤ ਵਿਭਾਗਾਂ ਦੇ ਅਧਿਕਾਰੀ ਧਰਨੇ ਵਾਲੀ ਥਾਂਨਾ ਪਹੁੰਚੇ ਤਾਂ ਉਹ ਸੰਘਰਸ਼ ਤੇਜ਼ ਕਰਨਗੇ। ਇਸ ਮਗਰੋਂ ਸਿਟੀ ਥਾਣਾ ਮੁਖੀ ਨੇ ਕਿਸਾਨਾਂ ਨੂੰ ਕੱਲ੍ਹ ਇੱਕ ਵਜੇ ਤਕ ਪ੍ਰੋਜੈਕਟ ਡਾਇਰੈਕਟਰ ਤੇ ਹੋਰ ਅਧਿਕਾਰੀਆਂ ਨਾਲ ਗੱਲ ਕਰਵਾਉਣ ਦਾ ਭਰੋਸਾ ਦਿੱਤਾ ਸੀ। ਕੱਲ੍ਹ ਉਕਤ ਪਲਾਂਟ ਉੱਤੇ ਕਿਸੇ ਅਧਿਕਾਰੀ ਦੇ ਨਾ ਪੁੱਜਣ ਉੱਤੇਭੜਕੇ ਹੋਏ ਕਿਸਾਨਾਂ ਨੇ ਅਲੀਕਾਂ ਅਤੇ ਅਬੁੱਲ ਸ਼ਹਿਰ ਪਲਾਂਟਾਂ ਦਾ ਘਿਰਾਓ ਕੀਤਾ। ਉਨ੍ਹਾਂ ਦੱਸਿਆ ਕਿ ਪਲਾਂਟ ਦੇ ਮੁਲਾਜ਼ਮਾਂ ਨੂੰ ਅੰਦਰ-ਬਾਹਰ ਪੈਦਲ ਜਾਣ ਦੀ ਛੋਟ ਦਿੱਤੀ ਹੋਈ ਹੈ, ਪਰ ਨਿਰਮਾਣ ਸਮੱਗਰੀ ਅਤੇ ਵਾਹਨ ਅੰਦਰ ਆਉਣ ਉੱਤੇ ਪਾਬੰਦੀ ਹੈ। ਇਸ ਮੌਕੇ ਕਿਸਾਨਾਂ ਨੇ ਠੇਕੇਦਾਰ ਤੇ ਕੰਪਨੀ ਅਧਿਕਾਰੀ ਉੱਤੇ ਕਿਸਾਨਾਂ ਨਾਲ ਬਦਸਲੂਕੀ ਕਰਨ ਦੇ ਵੀ ਦੋਸ਼ ਲਾਏ। ਕਿਸਾਨਾਂ ਨੇ ਐਲਾਨ ਕੀਤਾ ਕਿ ਮੰਗਾਂ ਮੰਨੇ ਜਾਣ ਤਕ ਦੋਵੇਂ ਪਲਾਂਟਾਂ ਉੱਤੇ ਦਿਨ-ਰਾਤ ਦਾ ਪੱਕਾ ਧਰਨਾ ਜਾਰੀ ਰਹੇਗਾ ਤੇ ਐਕਸਪ੍ਰੈਸਵੇਅ ਦਾ ਕੰਮ ਨਹੀਂ ਚੱਲਣ ਦਿੱਤਾ ਜਾਵੇਗਾ।

### ਸ੍ਰੀਨਗਰ ਵਿੱਚ ਫਿਰ ਟਾਰਗੈਟ ਕਿਲਿੰਗ:

## ਪੁਲਸ ਕਰਮਚਾਰੀ ਦਾ ਘਰ ਨੇੜੇ ਗੋਲੀ ਮਾਰ ਕੇ ਕਤਲ, ਬੇਟੀ ਜ਼ਖ਼ਮੀ



ਸ੍ਰੀਨਗਰ, 26 ਮਈ (ਪੋਸਟ ਬਿਊਰੋ)- ਅੱਤਵਾਦੀਆਂ ਨੇ ਕੱਲ੍ਹ ਫਿਰ ਟਾਰਗੈਟ ਕਿਲਿੰਗ ਵਿੱਚ ਪੁਲਸ ਕਰਮਚਾਰੀ ਦੀ ਉਸ ਦੇ ਘਰ ਦੇ ਨੇੜੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਇਸ ਘਟਨਾ ਵਿੱਚ ਪੁਲਸ ਮੁਲਾਜ਼ਮ ਦੀ ਸੱਤ ਸਾਲਾ ਬੇਟੀ ਵੀ ਜ਼ਖ਼ਮੀ ਹੋ ਗਈ, ਜਿਸ ਦਾ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ।

ਮਿਲੀ ਜਾਣਕਾਰੀ ਅਨੁਸਾਰ ਅੱਤਵਾਦੀਆਂ ਨੇ ਸੌਰਾ ਇਲਾਕੇ ਦੇ ਅੰਚਾਰ ਵਿੱਚਜਦੋਂ ਪੁਲਸ ਮੁਲਾਜ਼ਮ ਸੈਫੁੱਲਾ ਕਾਦਰੀ ਉੱਤੇ ਗੋਲੀ ਚਲਾਈ ਤਾਂ ਉਨ੍ਹਾਂ ਦੀ ਸੱਤ ਸਾਲਾ ਬੇਟੀ ਉਨ੍ਹਾਂ ਦੇ ਨਾਲ ਸੀ। ਇਸ ਦੌਰਾਨ ਉਹ ਵੀ ਜ਼ਖ਼ਮੀ ਹੋ ਗਈ।ਜ਼ਖ਼ਮੀ ਮੁਲਾਜ਼ਮ ਨੂੰ ਨੇੜੇ ਦੇ ਹਸਪਤਾਲਲਿਜਾਇਆ ਗਿਆ, ਜਿੱਥੇ ਡਾਕਟਰ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ, ਪਰ ਜ਼ਖ਼ਮੀ ਬੇਟੀ ਦੀ ਹਾਲਤ ਸਥਿਰ ਹੈ।ਪੁਲਸ ਦਾ ਮੁਲਾਜ਼ਮ ਸੈਫੁੱਲਾ ਕਾਦਰੀ ਪੁੱਤਰ ਮੋਹੰਮ ਸਈਦ ਕਾਦਰੀਵਾਸੀ ਮਲਿਕ ਸਾਹਿਬ ਪੋਰਾ ਸੀ। ਦੱਸਿਆ ਗਿਆ ਹੈ ਕਿ ਅੱਤਵਾਦੀਆਂ ਨੇ ਨੇੜੇ ਤੋਂ ਗੋਲੀ ਮਾਰੀ ਹੈ। ਘਟਨਾ ਦੀ ਜਾਣਕਾਰੀ ਮਿਲਦਿਆਂ ਹੀ ਸੁਰੱਖਿਆ ਦਸਤਿਆਂ ਨੇ ਖੇਤਰ ਦੀ ਘੇਰਾਬੰਦੀ ਕਰ ਕੇ ਹਮਲਾਵਰਾਂ ਦੀ ਤਲਾਸ਼ ਸ਼ੁਰੂ ਕਰ ਦਿੱਤੀ ਹੈ।

# ਕਾਂਗਰਸ ਵਿੱਚ ਨਵੀਂ ਰੂਹ ਫੂਕਣ ਲਈ ਟਾਸਕ ਫੋਰਸ ਬਣਾਈ ਗਈ



ਨਵੀਂ ਦਿੱਲੀ, 26 ਮਈ (ਪੋਸਟ ਬਿਊਰੋ)- ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਪਾਰਟੀ ਦੀ ਭਵਿੱਖ ਦੀ ਰੂਪ-ਰੇਖਾ ਲਈ ਖਾਕਾ ਤਿਆਰ ਕਰਦਿਆਂ ਕੱਲ੍ਹ ਤਿੰਨ ਗਰੁੱਪ ਬਣਾਏ ਹਨ। ਇਨ੍ਹਾਂ ਵਿੱਚ ਅਹਿਮ ਮਸਲਿਆਂ ਉੱਤੇ ਸੇਧ ਦੇਣ ਲਈ ਸਿਆਸੀ ਮਾਮਲਿਆਂ ਬਾਰੇ ਕਮੇਟੀ, ਉਦੈਪੁਰ ਨਵ ਸੰਕਲਪ ਐਲਾਨਨਾਮੇ ਨੂੰ ਲਾਗੂ ਕਰਨ ਲਈਟਾਸਕ ਫੋਰਸ 2024 ਅਤੇ ਇਸ ਦੇ ਨਾਲ ਦੋ ਅਕਤੂਬਰ ਦੀ ਤਜਵੀਜ਼ਤ 'ਭਾਰਤ ਜੋੜੋ ਯਾਤਰਾ' ਦੇ ਤਾਲਮੇਲ ਲਈ ਕਮੇਟੀ ਸ਼ਾਮਲ ਹਨ।

ਇਸ ਕੰਮ ਵਿੱਚ ਰਾਹੁਲ ਗਾਂਧੀ ਅਤੇ ਜੀ-23 ਗਰੁੱਪ ਦੇ ਦੋ ਅਹਿਮ ਮੈਂਬਰਾਂ ਗੁਲਾਮ ਨਬੀ ਆਜ਼ਾਦ ਅਤੇ ਆਨੰਦ ਸ਼ਰਮਾ ਨੂੰ ਜਿੱਥੇ ਸਿਆਸੀ ਮਾਮਲਿਆਂ ਦੇ ਗਰੁੱਪ ਵਿੱਚ ਰੱਖਿਆ ਗਿਆ, ਉਥੇ ਸੀਨੀਅਰ ਆਗੂ ਪੀ ਚਿਦੰਬਰਮ, ਪ੍ਰਿਅੰਕਾ ਗਾਂਧੀ ਵਾਡਰਾ ਤੇ ਚੋਣ ਰਣਨੀਤੀਕਾਰ ਪ੍ਰਸ਼ਾਂਤ ਕਿਸ਼ੋਰ ਦੇ ਨੇੜਲੇ ਸਾਥੀ ਸੁਨੀਲ ਕਨੁਗੋਲੂ ਨੂੰ ਟਾਸਕ ਫੋਰਸ-2024 ਵਿੱਚ ਥਾਂ ਦਿੱਤੀ ਗਈ ਹੈ। ਪਾਰਟੀ ਪ੍ਰਧਾਨ ਸੋਨੀਆ ਗਾਂਧੀ ਨੇ ਗਾਂਧੀ ਜੈਅੰਤੀ ਮੌਕੇ ਕੰਨਿਆਕੁਮਾਰੀ ਤੋਂ ਕਸ਼ਮੀਰ ਤਕ ਵਿਉਂਤੀ ਗਈ 'ਭਾਰਤ ਜੋੜੋ ਯਾਤਰਾ' ਵਿੱਚ ਤਾਲਮੇਲ ਲਈ ਵੀ ਗਰੁੱਪਬਣਾਇਆ ਹੈ। ਪਾਰਟੀ ਵੱਲੋਂ ਜਾਰੀ ਬਿਆਨ ਦੇ ਮੁਤਾਬਕ ਰਾਜਸਥਾਨ ਦੇ ਉਦੈਪੁਰ ਵਿੱਚ ਨਵ ਸੰਕਲਪ ਕੈਂਪਪਿੱਛੋਂ ਕਾਂਗਰਸ ਪ੍ਰਧਾਨ ਨੇ ਸਿਆਸੀ ਮਾਮਲਿਆਂ ਦਾਗਰੁੱਪਬਣਾਇਆਹੈ, ਜਿਸ ਦੀ ਅਗਵਾਈ ਉਹ ਖੁਦ ਕਰਨਗੇ। ਇਸ ਵਿੱਚ ਪਾਰਟੀ ਪ੍ਰਧਾਨ ਦੇ ਨਾਲ ਰਾਹੁਲ ਗਾਂਧੀ, ਮਲਿਕਾਰ-ਜੁਨ ਖੜਗੇ, ਗੁਲਾਮ ਨਬੀ ਆਜ਼ਾਦ, ਅੰਬਿਕਾ ਸੋਨੀ, ਦਿਗਵਿਜੇ ਸਿੰਘ, ਆਨੰਦ ਸ਼ਰਮਾ, ਕੇ ਸੀ ਵੇਣੂਗੋਪਾਲ ਤੇ ਜਤਿੰਦਰ ਸਿੰਘ ਸ਼ਾਮਲ ਹਨ। ਟਾਸਕ ਫੋਰਸ-2024 ਦੇ ਮੈਂਬਰਾਂ ਵਿੱਚ ਪੀ ਚਿਦੰਬਰਮ, ਮੁਕੁਲ ਵਾਸਨਿਕ, ਜੈਰਾਮ ਰਮੇਸ਼, ਕੇ ਸੀ ਵੇਣੂਗੋਪਾਲ, ਅਜੇ ਮਾਕਨ, ਪ੍ਰਿਅੰਕਾ ਗਾਂਧੀ ਵਾਡਰਾ, ਰਣਦੀਪ ਸਿੰਘ ਸੁਰਜੇਵਾਲਾ ਅਤੇ ਸੁਨੀਲ ਕਨੁਗੋਲੂ ਹੋਣਗੇ। ਇਸ ਬਿਆਨ ਵਿੱਚ ਕਿਹਾ ਗਿਆ ਹੈ ਕਿ ਟਾਸਕ ਫੋਰਸ ਦੇ ਹਰ ਮੈਂਬਰ ਨੂੰ ਜਥੇਬੰਦੀ, ਸੰਚਾਰ ਅਤੇ ਮੀਡੀਆ, ਲੋਕਾਂ ਤਕ ਪਹੁੰਚ, ਵਿੱਤ ਅਤੇ ਚੋਣ ਪ੍ਰਬੰਧਾਂ ਜਿਹੇ ਵਿਸ਼ੇਸ਼ ਕਾਰਜਾਂ ਦੀ ਜ਼ਿੰਮੇਵਾਰੀ ਸੌਂਪੀ ਜਾਵੇਗੀ। ਬਿਆਨ ਮੁਤਾਬਕ ਨਾਮਜ਼ਦ ਟੀਮਾਂ ਨੂੰ ਜਲਦੀ ਹੀ ਨੋਟੀਫਾਈ ਕਰ ਦਿੱਤਾ ਜਾਵੇਗਾ ਅਤੇ ਟਾਸਕ ਫੋਰਸ ਉਦੈਪੁਰ ਨਵ ਸੰਕਲਪ ਐਲਾਨਨਾਮੇ ਨੂੰ ਲਾਗੂ ਕਰਨ ਦੇ ਅਮਲ ਉੱਤੇ ਨਿਗ੍ਹਾ ਵੀ ਰੱਖੇਗੀ। ਪਾਰਟੀ ਵਿੱਚ ਜਥੇਬੰਦਕ ਤਬਦੀਲੀਆਂ ਦਾ ਜ਼ਿੰਮਾ ਵੀ ਟਾਸਕ ਫੋਰਸ ਦਾ ਹੋਵੇਗਾ।

'ਭਾਰਤ ਜੋੜੋ ਯਾਤਰਾ' ਦੇ ਤਾਲਮੇਲ ਲਈ ਕੇਂਦਰੀ ਯੋਜਨਾਬੰਦੀ ਗਰੁੱਪ ਦੇ ਮੈਂਬਰਾਂ ਵਿੱਚ ਦਿਗਵਿਜੇ ਸਿੰਘ, ਸਚਿਨ ਪਾਇਲਟ, ਸ਼ਸ਼ੀ ਥਰੂਰ, ਰਵਨੀਤ ਸਿੰਘ ਬਿੱਟੂ, ਕੇ ਜੇ ਜੌਰਜ, ਜੋਤੀ ਮਨੀ, ਪ੍ਰਦਯੁਤ ਬੋਰਡੋਲੋਈ, ਜੀਤੂ ਪਤਵਾਰੀ ਅਤੇ ਸਲੀਮ ਅਹਿਮਦ ਹੋਣਗੇ। ਬਿਆਨ ਮੁਤਾਬਕ ਟਾਸਕ ਫੋਰਸ ਦੇ ਸਾਰੇ ਮੈਂਬਰ ਤੇ ਕਾਂਗਰਸ ਦੀਆਂ ਸਾਰੀਆਂ ਮੁਹਰਲੀਆਂ ਜਥੇਬੰਦੀਆਂ ਦੇ ਸਾਰੇ ਮੁਖੀ ਕੇਂਦਰੀ ਗਰੁੱਪ ਦੇ ਵਿਸ਼ੇਸ਼ (ਐਕਸ ਆਫੀਸ਼ੀਓ) ਮੈਂਬਰ ਹੋਣਗੇ।

# ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਦੇ ਤਨਖਾਹ ਦੇ ਕੇਸ ਵਿੱਚ ਅਦਾਲਤ ਵੱਲੋਂ ਸਖਤ ਕਾਰਵਾਈ ਦੇ ਸੰਕੇਤ

* 41 ਪਟੀਸ਼ਨਾਂ ਦੀ ਇਕੱਠੀ ਸੁਣਵਾਈ

ਨਵੀਂ ਦਿੱਲੀ, 26 ਮਈ (ਪੋਸਟ ਬਿਊਰੋ)- ਦਿੱਲੀ ਹਾਈ ਕੋਰਟ ਦੇ ਜਸਟਿਸ ਸੁਬਰਾਮਨੀਅਮ ਪ੍ਰਸਾਦ ਨੇ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਜ਼ (ਜੀ ਐਚ ਪੀ ਐਸ) ਦੇ ਤਨਖਾਹ ਦੇ ਬਕਾਏ ਵਾਲੇ ਮਾਮਲੇ ਵਿੱਚ ਮਾਣਹਾਨੀ ਦੀਆਂ 41 ਪਟੀਸ਼ਨਾਂ ਦੀ ਇਕੱਠੀ ਸੁਣਵਾਈ ਕਰਦਿਆਂ ਸਖਤ ਕਾਰਵਾਈ ਕਰਨ ਦਾ ਇਸ਼ਾਰਾ ਦਿੱਤਾ ਅਤੇ ਦਿੱਲੀ ਡਾਇਰੈਕਟੋਰੇਟ ਆਫ ਐਜੂਕੇਸ਼ਨ ਤੋਂ ਸਕੂਲਾਂ ਦੀ ਪ੍ਰਬੰਧਕੀ ਯੋਜਨਾ ਦਾ ਖਾਕਾ ਮੰਗਿਆ ਹੈ। ਇਸ ਦੀ ਅਗਲੀ ਸੁਣਵਾਈ ਦੋ ਜੂਨ ਨੂੰ ਹੋਵੇਗੀ, ਜਿਸ ਵਿੱਚ ਨੂੰ 41 ਪਟੀਸ਼ਨਾਂ ਦੀ ਇਕੱਠੇ ਸੁਣਵਾਈ ਕਰਦਿਆਂ ਜ਼ਿੰਮੇਵਾਰ ਲੋਕਾਂ ਨੂੰ ਛੇ ਮਹੀਨੇ ਅਤੇ ਹਰ ਪਟੀਸ਼ਨ ਦੇ ਹਿਸਾਬ ਨਾਲ 20 ਸਾਲ ਛੇ ਮਹੀਨੇ ਦੀ ਸਜ਼ਾ ਸੁਣਾਉਣ ਦਾ ਇਸ਼ਾਰਾ ਵੀ ਅਦਾਲਤ ਨੇ ਕੀਤਾ ਹੈ।

ਇਸ ਮਾਮਲੇ ਵਿੱਚ ਵਿਰੋਧੀ ਧਿਰਾਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਅਤੇ ਜਨਰਲ ਸੈਕਟਰੀ ਜਗਦੀਪ ਸਿੰਘ ਕਾਹਲੋਂ ਨੂੰ ਜ਼ਿੰਮੇਵਾਰ ਦੱਸ ਰਹੀਆਂ ਹਨ। ਦਿੱਲੀ ਹਾਈ ਕੋਰਟ ਵੱਲੋਂ ਜ਼ਿੰਮੇਵਾਰਾਂ ਨੂੰ 20 ਸਾਲ ਛੇ ਮਹੀਨੇ ਲਈ ਜੇਲ੍ਹ ਭੇਜਣ ਦੇ ਇਸ਼ਾਰੇ ਤੋਂ ਬਾਅਦ ਕਮੇਟੀ ਦੇ ਸਾਬਕਾ ਪ੍ਰਧਾਨ ਤੇ ਜਾਗੋ ਪਾਰਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ ਕੇ ਨੇ ਦਿੱਲੀ ਕਮੇਟੀ ਨੂੰ ਜੀ ਐਸ ਪੀ ਐਸ ਨੂੰ ਬਚਾਉਣ ਵਿੱਚ ਮਦਦ ਦੀ ਪੇਸ਼ਕਸ਼ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਪ੍ਰਬੰਧਕਾਂ ਦੀ ਲਾਪਰਵਾਹੀ ਕਾਰਨ ਅਸੀਂ ਚੁੱਪ ਚੁਪੀਤੇ ਸਿੱਖ ਕੌਮ ਦੇ ਸਕੂਲਾਂ ਨੂੰ ਕੌਮ ਦੇ ਹੱਥੋਂ ਜਾਂਦੇ ਨਹੀਂ ਦੇਖ ਸਕਦੇ। ਉਨ੍ਹਾਂ ਕਿਹਾ ਕਿ ਮੇਰੇ ਪਿਤਾ ਜਥੇਦਾਰ ਸੰਤੋਖ ਸਿੰਘ ਨੇ ਇਨ੍ਹਾਂ ਸਕੂਲਾਂ ਦੀ ਨੀਂਹ ਰੱਖੀ ਸੀ, ਇਸ ਲਈ ਅਸੀਂ ਕੌਮ ਦੇ ਸਕੂਲਾਂ ਨੂੰ ਬਚਾਉਣ ਲਈ ਮੌਜੂਦਾ ਕਮੇਟੀ ਨਾਲ ਬੈਠਣ ਨੂੰ ਤਿਆਰ ਹਾਂ, ਹਾਲਾਂਕਿ ਇਨ੍ਹਾਂ ਦੀਆਂ ਗਲਤੀਆਂ ਨੇ ਸਕੂਲਾਂ ਨੂੰ ਇਸ ਤਰਸਯੋਗ ਹਾਲਤ ਵਿੱਚ ਪਾਇਆ ਹੈ। ਉਨ੍ਹਾਂ ਦੇ ਕਮੇਟੀ ਤੋਂ ਨਿਕਲਣ ਪਿੱਛੋਂ ਸੱਤ ਹਜ਼ਾਰ ਬੱਚੇ ਸਕੂਲ ਛੱਡ ਚੁੱਕੇ ਹਨ, ਜਿਸ ਨਾਲ ਸਕੂਲਾਂ ਦੇ ਵਿੱਤੀ ਸਰੋਤ ਪ੍ਰਭਾਵਤ ਹੋਏ ਹਨ। ਮਨਜੀਤ ਸਿੰਘ ਜੀ ਕੇ ਨੇ ਵਿਅੰਗਮਈ ਢੰਗ ਨਾਲ ਕਿਹਾ ਕਿ ਜਹਾਜ਼ ਦਾ ਕਪਤਾਨ ਮਨਜਿੰਦਰ ਸਿੰਘ ਸਿਰਸਾ ਪਹਿਲਾਂ ਹੀ ਭੱਜ ਗਿਆ ਹੈ ਅਤੇ ਪਿੱਛੇ ਛੱਡੇ ਪੰਲੇਦਾਰ ਤੇ ਅਰਦਲੀਆਂ ਦੇ ਵੱਸ ਵਿੱਚ ਕੁਝ ਵੀ ਨਹੀਂ ਹੈ, ਇਨ੍ਹਾਂ ਨੇ ਸਕੂਲਾਂ ਨੂੰ ਤਬਾਹ ਕਰ ਦਿੱਤਾ ਹੈ।





# ਕਵਾਡ ਦੇਸ਼ ਅੱਤਵਾਦੀ ਸੰਗਠਨਾਂ ਖ਼ਿਲਾਫ਼ ਸਾਂਝੀ ਕਾਰਵਾਈ ਕਰਨਗੇ

*** 26/11 ਦੇ ਮੁੰਬਈ ਤੇ ਪਠਾਨਕੋਟ ਹਮਲਿਆਂ ਦੀ ਨਿੰਦਾ**



ਟੋਕੀਓ, 26 ਮਈ (ਪੋਸਟ ਬਿਊਰੋ)- ਕਵਾਡ ਦੇਸ਼ਾਂ ਦੇ ਨੇਤਾਵਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ, ਜਾਪਾਨੀ ਪ੍ਰਧਾਨ ਮੰਤਰੀ ਫੂਮੀਓ ਕਿਸ਼ਿਦਾ ਅਤੇ ਆਸਟ੍ਰੇਲੀਆਈ ਪ੍ਰਧਾਨ ਮੰਤਰੀ ਐਂਥੋਨੀ ਅਲਬਾਨੀਜ਼ ਨੇ ਜਾਪਾਨ ਦੀ ਰਾਜਧਾਨੀ ਟੋਕੀਓ ਵਿੱਚ ਹੋਏ ਸਿਖਰ ਸੰਮੇਲਨ ਵਿੱਚ ਮੁੰਬਈ ਉੱਤੇ 26/11 ਦੇ ਅੱਤਵਾਦੀ ਹਮਲੇ ਸਮੇਤ ਅੱਤਵਾਦ ਦੀਆਂਸਭਕਿਸਮਾਂ ਤੇ ਪ੍ਰਗਟਾਵਿਆਂ ਦੀ ਸਪੱਸ਼ਟ ਨਿੰਦਾ ਕੀਤੀ ਅਤੇ ਕਿਹਾ ਕਿ ਉਹ ਸਾਰੇ ਅੱਤਵਾਦੀ ਸੰਗਠਨਾਂ ਖ਼ਿਲਾਫ਼ ਸਾਂਝੀ ਕਾਰਵਾਈ ਕਰਨਗੇ।ਸਿਖਰ ਸੰਮੇਲਨ ਪਿੱਛੋਂ ਜਾਰੀ ਸਾਂਝੇ ਬਿਆਨ ਵਿੱਚ ਸਪੱਸ਼ਟ ਤੌਰ ਉੱਤੇ ਅੱਤਵਾਦੀ ਸਰਗਰਮੀਆਂ ਦੀ ਨਿੰਦਾ ਕੀਤੀ ਗਈ ਅਤੇ ਕਿਹਾ ਗਿਆ ਹੈ ਕਿ ''ਅਸੀਂ ਭਾਰਤ ਵਿੱਚ 26/11 ਦੇ ਮੁੰਬਈ ਤੇ ਪਠਾਨਕੋਟ ਵਿੱਚ ਹੋਏ ਹਮਲਿਆਂ ਸਮੇਤ ਅੱਤਵਾਦੀ ਹਮਲਿਆਂ ਦੀ ਮੁੜ ਨਿੰਦਾ ਕਰਦੇ ਹਾਂ।''

ਕਵਾਡ ਦੇਸ਼ਾਂ ਨੇ ਅੱਤਵਾਦੀਆਂ ਦੇ ਹਮਲਿਆਂ ਨੂੰ ਰੋਕਣ ਤੇ ਅੱਤਵਾਦੀ ਗਰੁੱਪਾਂ ਨੂੰ ਕੋਈ ਵਿੱਤੀ ਜਾਂ ਫ਼ੌਜੀ ਸਹਾਇਤਾ ਪੁਚਾਉਣੀ ਬੰਦ ਕਰਨ ਉੱਤੇ ਜ਼ੋਰ ਦਿੱਤਾ, ਜਿਸ ਦੀ ਵਰਤੋਂ ਸਰਹੱਦ ਪਾਰਲੇ ਹਮਲਿਆਂ ਸਮੇਤ ਅੱਤਵਾਦੀ ਹਮਲਿਆਂ ਨੂੰ ਸ਼ੁਰੂ ਕਰਨ ਜਾਂ ਯੋਜਨਾ ਬਣਾਉਣ ਲਈ ਕੀਤੀ ਜਾ ਸਕਦੀ ਹੈ।ਕਵਾਡ ਦੇਸ਼ਾਂ ਨੇ ਯੂ ਐਨ ਸਕਿਓਰਟੀ ਕੌਂਸਲ ਦੇ ਮਤਾ ਨੰਬਰ 2593 (2021) ਦੀ ਵੀ ਪੁਸ਼ਟੀ ਕੀਤੀ, ਜੋ ਮੰਗ ਕਰਦਾ ਹੈ ਕਿ ਅਫਗਾਨ ਖੇਤਰ ਦੀ ਵਰਤੋਂ ਫਿਰ ਕਦੇ ਕਿਸੇ ਦੇਸ਼ ਨੂੰ ਧਮਕਾਉਣ ਜਾਂ ਹਮਲਾ ਸਿਖਲਾਈ ਦੇਣ ਜਾਂ ਅੱਤਵਾਦੀ ਹਮਲਿਆਂ ਦੀ ਯੋਜਨਾ ਜਾਂ ਫੰਡਿੰਗ ਲਈ ਨਹੀਂ ਹੋਣੀ ਚਾਹੀਦੀ।ਬਿਆਨ ਵਿੱਚ ਕਿਹਾ ਗਿਆ ਕਿ ਅਸੀਂ ਵਿੱਤੀ ਕਾਰਵਾਈ ਕਾਰਜ-ਬਲ (ਐਫ ਏ ਟੀ ਐਫ) ਦੀਆਂ ਸਿਫਾਰਿਸ਼ਾਂ ਮੁਤਾਬਕ ਸਾਰੇ ਦੇਸ਼ਾਂ ਵੱਲੋਂ ਮਨੀ-ਲਾਂਡ੍ਰਿੰਗ ਵਿਰੋਧੀ ਤੇ ਅੱਤਵਾਦ ਦੀ ਫੰਡਿੰਗ ਦਾ ਮੁਕਾ-ਬਲਾ ਕਰਨ ਲਈ ਕੌਮਾਂਤਰੀ ਮਾਪਦੰਡਾਂ ਨੂੰ ਬਣਾਈ ਰੱਖਣ ਦੀ ਅਹਿਮੀਅਤ ਉੱਤੇ ਜ਼ੋਰ ਦਿੰਦੇ ਹਾਂ। ਕਵਾਡ ਦੀ ਅਗਲੀ ਅਤੇ 5ਵੀਂ ਸਿਖਰ ਬੈਠਕ ਦਾ ਆਯੋਜਨ ਸਾਲ 2023 'ਚ ਆਸਟ੍ਰੇਲੀਆ ਵਿੱਚ ਕੀਤਾ ਜਾਵੇਗਾ। ਸਾਲ 2007 ਵਿੱਚ ਜਾਪਾਨ ਦੇ ਤਤਕਾਲੀਨ ਪ੍ਰਧਾਨ ਮੰਤਰੀ ਸ਼ਿੰਜੋ ਆਬੇ ਨੇ ਕਵਾਡ ਸੰਗਠਨ ਦੀ ਸਥਾਪਨਾ ਕੀਤੀ ਸੀ।

# ਅਫ਼ਗਾਨਿਸਤਾਨ ਦੇ 11 ਲੱਖ ਬੱਚਿਆਂ ਉੱਤੇ ਕੁਪੋਸ਼ਣ ਦੀ ਮਾਰ ਪੈਣ ਦੀ ਸੰਭਾਵਨਾ



ਇਸਲਾਮਾਬਾਦ, 26 ਮਈ (ਪੋਸਟ ਬਿਊਰੋ)- ਯੂ ਐੱਨ ਓ ਨੇ ਸ਼ੰਕਾ ਪ੍ਰਗਟਾਈ ਹੈ ਕਿ ਅਫ਼ਗਾਨਿਸਤਾਨ ਵਿੱਚ ਪੰਜ ਸਾਲ ਤੋਂ ਘੱਟ ਉਮਰ ਦੇ ਕਰੀਬ 11 ਲੱਖ ਬੱਚਿਆਂ ਨੂੰ ਗੰਭੀਰ ਕੁਪੋਸ਼ਣ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਇਸ ਬਾਰੇ ਸੰਗਠਨ ਨੇ ਕਿਹਾ ਕਿ ਹਸਪਤਾਲਾਂ ਵਿੱਚ ਆਉਂਦੇ ਅਜਿਹੇ ਬੱਚਿਆਂ ਦੀ ਗਿਣਤੀ ਵੱਧ ਰਹੀ ਹੈ, ਜੋ ਪੂਰੀਖੁਰਾਕ ਨਾ ਮਿਲਣ ਕਾਰਨ ਕੁਪੋਸ਼ਣ ਦੇ ਸ਼ਿਕਾਰ ਹਨ।ਪਿਛਲੇ ਸਾਲ ਤਾਲਿਬਾਨ ਦੇ ਸੱਤਾ ਵਿੱਚ ਆਉਣ ਦੇ ਬਾਅਦ ਤੋਂ ਯੂ ਐੱਨ ਅਤੇ ਹੋਰ ਮੱਦਦਗਾਰਏਜੰਸੀਆਂ ਨੇ ਕਾਲ ਦੀ ਸਥਿਤੀ ਦੇ ਵਿੱਚ ਵੱਡੇ ਪੈਮਾਨੇ ਉੱਤੇਐਮਰਜੰਸੀ ਸਹਾਇਤਾ ਕਾਰਜਕ੍ਰਮ ਚਲਾਇਆ ਹੈ, ਜਿਸ ਨਾਲ ਲੱਖਾਂ ਲੋਕਾਂ ਨੂੰ ਭੋਜਨ ਦਿੱਤਾ ਜਾ ਰਿਹਾ ਹੈ। ਲਗਾਤਾਰ ਵਿਗੜਦੇ ਹਾਲਾਤ ਦੇ ਨਾਲ ਨਿਪਟਣ ਵਿੱਚ ਇਨ੍ਹਾਂ ਨੂੰ ਖਾਸੀ ਮਸ਼ਕਤ ਕਰਨੀ ਪੈ ਰਹੀ ਹੈ।ਇਸ ਮਹੀਨੇ ਜਾਰੀ ਮੁਲਾਂਕਣ ਰਿਪੋਰਟ ਦੇ ਮੁਤਾਬਕ ਗਰੀਬੀ ਵੱਧ ਰਹੀ ਹੈ, ਜਿਸਕਾਰਨ ਹੋਰ ਜ਼ਿਆਦਾ ਗਿਣਤੀ ਵਿੱਚ ਅਫ਼ਗਾਨਾਂ ਨੂੰ ਮਦਦ ਦੀ ਜ਼ਰੂਰਤ ਹੈ। ਇੱਕ ਪਾਸੇ ਜਿਥੇ ਯੂਕਰੇਨ ਵਿੱਚ ਜਾਰੀ ਯੁੱਧ ਕਾਰਨ ਵਿਸ਼ਵਪੱਧਰ ਉੱਤੇ ਖੁਰਾਕ ਪਦਾਰਥਾਂ ਦੀਆਂਕੀਮਤਾਂ ਵਿੱਚ ਵਾਧਾ ਹੋ ਰਿਹਾ ਹੈ ਉਥੇ ਦੂਜੇ ਪਾਸੇ ਅੰਤਰਰਾਸ਼ਟਰੀ ਵਿੱਤੀ ਸਹਾਇਤਾ ਉਸ ਪੱਧਰ ਉੱਤੇ ਮਿਲਣੀ ਮੁਸ਼ਕਲ ਹੋ ਰਹੀ ਹੈ।ਰਿਪੋਰਟ ਮੁਤਾਬਕ ਇਸਦੇ ਨਤੀਜੇ ਵਜੋਂ ਬੱਚਿਆਂ ਸਮੇਤ ਕਮਜ਼ੋਰ ਤਬਕੇ ਦੇ ਲੋਕਾਂ ਦੀਆਂ ਮੁਸ਼ਕਲਾਂ ਵੱਧ ਗਈਆਂ ਹਨ। ਇਹੀ ਨਹੀਂ, ਔਰਤਾਂ ਨੂੰ ਵੀ ਆਪਣੇ ਪਰਵਾਰ ਦੇ ਨਾਲ ਬੱਚਿਆਂ ਦਾ ਪੇਟ ਭਰਨ ਦੇ ਲਈ ਸੰਘਰਸ਼ ਕਰਨਾ ਪੈ ਰਿਹਾ ਹੈ।

ਉਤਰੀ ਪ੍ਰਾਂਤ ਪਰਵਾਨ ਦੇ ਇੱਕ ਹਸਪਤਾਲ ਵਿੱਚ ਨਾਜ਼ੀਆਂ ਨੇ ਕਿਹਾ ਕਿ ਕੁਪੋਸ਼ਣ ਕਾਰਨ ਉਸਦੇ ਚਾਰ ਬੱਚਿਆਂ (2 ਲੜਕੀਆਂ ਤੇ 2 ਲੜਕਿਆਂ) ਦੀ ਦੋ ਸਾਲ ਤੋਂ ਘੱਟ ਉਮਰ ਵਿੱਚ ਮੌਤ ਹੋ ਗਈ।ਉਨ੍ਹਾਂ ਕਿਹਾ ਕਿ ਚਾਰਾਂ ਬੱਚਿਆਂ ਦੀ ਮੌਤ ਦਾ ਕਾਰਨ ਗਰੀਬੀ ਅਤੇ ਵਿੱਤੀ ਸਮੱਸਿਆਵਾਂ ਸਨ। ਜਦੋਂ ਮੇਰੇ ਬੱਚੇ ਬੀਮਾਰ ਪਏ ਤਾਂ ਉਨ੍ਹਾਂ ਦਾ ਇਲਾਜ ਕਰਾਉਣ ਲਈ ਪੈਸੇ ਨਹੀਂ ਸੀ। ਨਾਜ਼ੀਆ ਤੇ ਉਨ੍ਹਾਂ ਦੀ ਸੱਤ ਮਹੀਨੇ ਦੀ ਬੇਟੀ ਦਾ ਹਸਪਤਾਲ ਵਿੱਚ ਇਲਾਜ਼ ਜਾਰੀ ਹੈ।

# ਯੂਕਰੇਨ ਦੇ ਮਾਰਿਉਪੋਲ ਵਿੱਚ ਖੰਡਰ ਬਣੀ ਇਮਾਰਤ ਤੋਂ 200 ਲਾਸ਼ਾਂ ਮਿਲੀਆਂ



ਕੀਵ, 26 ਮਈ (ਪੋਸਟ ਬਿਊਰੋ)- ਯੂਕਰੇਨ ਦੇ ਮਾਰਿਉਪੋਲ ਵਿੱਚ ਇੱਕ ਅਪਾਰਟਮੈਂਟ ਦੀ ਇਮਾਰਤ ਦੇ ਮਲਬੇ ਵਿੱਚੋਂ ਲੱਗਭਗ 200 ਲਾਸ਼ਾਂ ਮਿਲੀਆਂ ਹਨ। ਮੇਅਰ ਦੇ ਇੱਕ ਸਲਾਹਕਾਰ ਪੈਟਰੋ ਐਂਡ੍ਰੀਸ਼ਚੇਕੋ ਨੇ ਕਿਹਾ ਕਿ ਲਾਸ਼ਾਂ ਸੜ ਰਹੀਆਂ ਸਨ ਅਤੇ ਬਦਬੂ ਫੈਲ ਰਹੀ ਸੀ। ਉਨ੍ਹਾਂ ਨੇ ਇਹ ਨਹੀਂ ਦੱਸਿਆ ਕਿ ਲਾਸ਼ਾਂ ਨੂੰ ਕਦੋਂ ਲੱਭਿਆ ਸੀ, ਪਰ ਪੀੜਤਾਂ ਦੀ ਗਿਣਤੀ ਇਸਨੂੰ ਜੰਗ ਦੇ ਸਭ ਤੋਂ ਖਤਰਨਾਕ ਹਮਲਿਆਂ ਵਿੱਚੋਂ ਇੱਕ ਦੱਸਦੀ ਹੈ।

ਇਸ ਦੌਰਾਨ ਪੂਰਬੀ ਉਦਯੋਗਿਕ ਗੜ੍ਹ ਡੋਨਬਾਸ ਵਿੱਚ ਭਾਰੀ ਜੰਗ ਦੀ ਸੂਚਨਾ ਹੈ। ਰੂਸੀ ਫ਼ੌਜੀਆਂ ਨੇ ਉਦਯੋਗਿਕ ਸ਼ਹਿਰ ਉੱਤੇ ਕਬਜ਼ਾ ਕਰ ਲਿਆ ਹੈ ਅਤੇ ਰੂਸ ਨੇ ਸਿਵਿਏਰੋਡੋ-ਟੇਟਸਕ ਅਤੇ ਹੋਰ ਸ਼ਹਿਰਾਂ ਨੂੰ ਘੇਰਨ ਅਤੇ ਕਬਜ਼ਾ ਕਰਨ ਦੀਆਂ ਕੋਸ਼ਿਸ਼ਾਂ ਨੂੰ ਤੇਜ਼ ਕਰ ਦਿੱਤਾ ਹੈ। ਖੇਤਰੀ ਗਵਰਨਰ ਮੁਤਾਬਕ ਡੋਨਬਾਸ ਦੇ ਡੋਨੇਟਸਕ ਵਾਲੇ ਖੇਤਰ ਵਿੱਚ ਰੂਸੀ ਗੋਲਾਬਾਰੀ ਵਿੱਚ 12 ਲੋਕ ਮਾਰੇ ਗਏ ਹਨ। ਡੋਨਬਾਸ ਵਿੱਚ ਲੁਹਾਂਸਕ ਖੇਤਰ ਵਿੱਚ ਗਵਰਨਰ ਨੇ ਕਿਹਾ ਕਿ ਇਹ ਖੇਤਰ ਅੱਠ ਸਾਲਾਂ ਵਿੱਚ ਆਪਣੇ 'ਸਭ ਤੋਂ ਮੁਸ਼ਕਲ ਸਮੇਂ' ਦਾ ਸਾਹਮਣਾ ਕਰ ਰਿਹਾ ਹੈ। ਗਵਰਨਰ ਸੇਰਹੀ ਹੈਦਾਈ ਨੇ ਟੈਲੀਗ੍ਰਾਮ ਉੱਤੇ ਲਿਖਿਆ ਕਿ ਰੂਸੀ ਇੱਕੋ ਸਮੇਂ ਵਿੱਚ ਸਾਰੀਆਂ ਦਿਸ਼ਾਵਾਂ ਵਿੱਚ ਅੱਗੇ ਵਧ ਰਹੇ ਹਨ। ਉਨ੍ਹਾਂ ਦੇ ਕੋਲ ਵੱਡੀ ਗਿਣਤੀ ਵਿੱਚ ਫੌਜੀ ਤੇ ਹਥਿਆਰ ਹਨ। ਹਮਲਾਵਰ ਸਾਡੇ ਸ਼ਹਿਰਾਂ ਨੂੰ ਖਤਮ ਕਰ ਰਹੇ ਹਨ, ਚਾਰੇ ਪਾਸੇ ਸਭ ਕੁਝ ਨਸ਼ਟ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਲੁਹਾਂਸਕ ਵੀ ਮਾਰਿਉਪੋਲ ਬਣ ਰਿਹਾ ਹੈ। ਮਾਰਿਉਪੋਲ ਉੱਤੇ ਹਮਲੇ ਦੌਰਾਨ ਰੂਸ ਨੇ ਇਕ ਜਣੇਪਾ ਹਸਪਤਾਲ ਤੇ ਇੱਕ ਥੀਏਟਰ ਉੱਤੇ ਹਵਾਈ ਹਮਲਾ ਕੀਤਾ ਸੀ, ਜਿੱਥੇ ਨਾਗਰਿਕਾਂ ਨੇ ਸ਼ਰਨ ਲਈ ਸੀ।ਜਾਂਚ ਵਿੱਚ ਪਤਾ ਲੱਗਾ ਕਿ ਥੀਏਟਰ ਉੱਤੇ ਹਮਲੇ ਵਿੱਚ ਲੱਗਭਗ 600 ਲੋਕ ਮਾਰੇ ਗਏ, ਜੋ ਯੂਕਰੇਨ ਦੇ ਅਧਿਕਾਰੀਆਂ ਵੱਲੋਂ ਅਨੁਮਾਨਤ ਅੰਕੜੇ ਤੋਂ ਦੁੱਗਣੀ ਗਿਣਤੀ ਹੈ।

# ਦੁਨੀਆਂ ਕੋਲ ਸਿਰਫ਼ 70 ਦਿਨਾਂ ਜੋਗੀ ਕਣਕ ਬਚੀ, ਰੋਟੀ ਨੂੰ ਤਰਸੇਗਾ ਯੂਰਪ!

ਵਾਸ਼ਿੰਗਟਨ, 26 ਮਈ (ਪੋਸਟ ਬਿਊਰੋ)- ਯੂਰਪ ਦੀ 'ਰੋਟੀ ਦੀ ਟੋਕਰੀ' ਕਹੇ ਜਾਣ ਵਾਲੇ ਯੂਕਰੇਨ ਉੱਤੇ ਰੂਸ ਦੇ ਹਮਲੇ ਨਾਲ ਅਨਾਜ਼ ਸਪਲਾਈ ਸਬੰਧੀ ਹਾਲਾਤ ਭਿਆਨਕ ਹੁੰਦੇ ਜਾ ਰਹੇ ਹਨ। ਇਸ ਮਹਾ ਸੰਕਟ ਉੱਤੇਯੂ ਐਨ ਨੇ ਚਿਤਾਵਨੀ ਦਿੱਤੀ ਹੈ ਕਿ ਦੁਨੀਆ ਕੋਲ ਸਿਰਫ਼ 10 ਹਫ਼ਤੇ ਯਾਨੀ 70 ਦਿਨਾਂ ਦੀ ਕਣਕ ਬਚੀ ਹੈ।



ਇਹ ਅਨਾਜ ਭੰਡਾਰ ਸਾਲ 2008 ਤੋਂ ਬਾਅਦ ਆਪਣੇ ਸਭ ਤੋਂ ਹੇਠਲੇ ਪੱਧਰ ਉੱਤੇ ਪਹੁੰਚ ਗਿਆ ਹੈ। ਯੂ ਐੱਨ ਨੇ ਕਿਹਾ ਕਿ ਦੁਨੀਆ ਵਿੱਚ ਅਨਾਜ ਦਾ ਏਡਾ ਸੰਕਟ ਇੱਕ ਪੀੜ੍ਹੀ ਵਿੱਚ ਇੱਕੋ ਵਾਰ ਹੁੰਦਾ ਹੈ।ਇਸ ਦੌਰਾਨ ਦੁਨੀਆ ਦੀਆਂ ਨਜ਼ਰਾਂ ਜਾਪਾਨ ਵਿੱਚ ਹੋਣ ਜਾ ਰਹੇ ਕਵਾਡ ਦੇਸ਼ਾਂ ਦੀ ਮੀਟਿੰਗ ਉੱਤੇ ਟਿਕੀਆਂ ਹਨ, ਜਿੱਥੇ ਕਣਕ ਸੰਕਟ ਪ੍ਰਮੁੱਖਤਾ ਨਾਲ ਵਿਚਾਰਿਆ ਜਾ ਸਕਦਾ ਹੈ। ਰੂਸ ਅਤੇ ਯੂਕਰੇਨ ਦੁਨੀਆ ਦੀ ਇੱਕ-ਚੌਥਾਈ ਕਣਕ ਦੀ ਸਪਲਾਈ ਕਰਦੇ ਹਨ ਤੇ ਪੱਛਮੀ ਦੇਸ਼ਾਂ ਨੂੰ ਡਰ ਹੈ ਕਿ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਕਣਕ ਨੂੰ ਇੱਕ ਹਥਿਆਰ ਵਜੋਂਵਰਤ ਰਹੇ ਹਨ। ਪੱਛਮੀ ਦੇਸ਼ਾਂ ਨੂੰ ਡਰ ਹੈ ਕਿ ਰੂਸੀ ਰਾਸ਼ਟਰਪਤੀ ਜਾਣਬੁੱਝ ਕੇ ਵਿਸ਼ਵ ਪੱਧਰੀ ਅਨਾਜ ਸਪਲਾਈ ਨੂੰ ਨੁਕਸਾਨ ਪਹੁੰਚਾਉਣਾ ਚਾਹੁੰਦੇ ਹਨ ਅਤੇ ਯੂਕਰੇਨ ਦੇ ਖੇਤੀ ਜੰਤਰਾਂ ਨੂੰ ਨਸ਼ਟ ਕਰ ਰਹੇ ਅਤੇ ਉਨ੍ਹਾਂ ਦੀ ਕਣਕ ਨੂੰ ਚੋਰੀ ਕਰ ਰਹੇ ਹਨ।

ਰੂਸ ਵਿੱਚ ਇਸ ਸਾਲ ਕਣਕ ਦੀ ਬੰਪਰ ਫ਼ਸਲ ਹੋਈ ਹੈ ਅਤੇ ਪੁਤਿਨ ਇਸ ਨੂੰ ਕੰਟਰੋਲ ਕਰ ਸਕਦੇ ਹਨ। ਉਥੇ ਖ਼ਰਾਬ ਮੌਸਮ ਨਾਲ ਯੂਰਪ ਅਤੇ ਅਮਰੀਕਾ ਵਿੱਚ ਕਣਕ ਦੀ ਫਸਲ ਨੂੰ ਨੁਕਸਾਨ ਪੁੱਜਾ ਹੈ। ਬਾਈਡੇਨ ਭਾਰਤ ਵੱਲੋਂ ਕਣਕ ਬਰਾਮਦ ਉੱਤੇ ਪਾਬੰਦੀ ਲਾਉਣ ਨਾਲ ਪੱਛਮੀ ਦੇਸ਼ ਟੈਨਸ਼ਨ ਵਿੱਚ ਹਨ। ਦੱਸਿਆ ਜਾਂਦਾ ਹੈ ਕਿ ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਕਵਾਡ ਦੀ ਜਾਪਾਨ ਵਿੱਚ ਹੋ ਰਹੀ ਮੀਟਿੰਗ ਵਿੱਚ ਕਣਕ ਦੀ ਬਰਾਮਦ ਦਾ ਮੁੱਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਾਹਮਣੇ ਉਠਾ ਸਕਦੇ ਹਨ। ਅਮਰੀਕਾ ਨੇ ਕਿਹਾ ਹੈ ਕਿ ਕਵਾਡ ਮੀਟਿੰਗ ਵਿੱਚ ਕਣਕ ਸੰਕਟ ਉੱਤੇ ਚਰਚਾ ਹੋਵੇਗੀ। ਬਾਈਡੇਨ ਮੋਦੀ ਨੂੰ ਬਰਾਮਦ ਤੋਂ ਬੈਨ ਨੂੰਹਟਾਉਣ ਲਈ ਕਹਿ ਸਕਦੇ ਹਨ।

# 134 ਲੋਕਾਂ ਨੂੰ ਲਿਜਾ ਰਹੇ ਸਮੁੰਦਰੀ ਜਹਾਜ਼ ਵਿੱਚ ਅੱਗ ਲੱਗੀ, 7 ਮੌਤਾਂ



ਮਨੀਲਾ, 26 ਮਈ (ਪੋਸਟ ਬਿਊਰੋ)- ਕਿਊਜ਼ੋਨ ਸੂਬੇ ਦੇ ਇੱਕ ਸ਼ਹਿਰ ਦੇ ਰਸਤੇ ਵਿੱਚ ਲੁਜੋਨ ਟਾਪੂ ਨੇੜੇ134 ਲੋਕਾਂ ਨੂੰ ਲੈ ਕੇ ਜਾ ਰਹੇ ਇੱਕ ਸਮੁੰਦਰੀ ਜਹਾਜ਼ ਨੂੰ ਕੱਲ੍ਹ ਅੱਗ ਲੱਗ ਜਾਣ ਕਾਰਨ ਯਾਤਰੀਆਂ ਅਤੇ ਚਾਲਕ ਦਲ ਨੇ ਜਾਨ ਬਚਾਉਣ ਲਈ ਸਮੁੰਦਰ ਵਿੱਚ ਛਾਲ ਮਾਰ ਦਿੱਤੀ। ਇਸ ਹਾਦਸੇ ਵਿੱਚ ਘੱਟੋ-ਘੱਟ ਸੱਤ ਲੋਕਾਂ ਦੀ ਮੌਤ ਹੋ ਗਈ।

ਫਿਲੀਪੀਨਜ਼ ਕੋਸਟ ਗਾਰਡ (ਪੀ ਸੀ ਜੀ) ਦੇ ਬੁਲਾਰੇ ਨੇ ਦੱਸਿਆ ਕਿ ਜ਼ਿਆਦਾਤਰ ਯਾਤਰੀਆਂ ਅਤੇ ਚਾਲਕ ਦਲ ਦੇ ਮੈਂਬਰਾਂ ਨੂੰ ਬਚਾਅ ਲਿਆ ਗਿਆ ਹੈ।ਪੋਲੀਓ ਟਾਪੂ ਤੋਂ ਕਿਊਜ਼ਨ ਜਾਣ ਵਾਲੇ ਐਮ/ਵੀ ਮਰਕਰਾਫ਼ਟ-2 ਉੱਤੇ ਅੱਗ ਲੱਗਣ ਪਿੱਛੋਂ ਘੱਟੋ-ਘੱਟ ਚਾਰ ਲੋਕ ਲਾਪਤਾ ਹਨ। ਤੱਟ ਰੱਖਿਅਕ ਅਧਿਕਾਰੀਆਂ ਨੇ ਦੱਸਿਆ ਕਿ ਅੱਗ ਲੱਗਣ ਤੋਂ ਬਾਅਦ 134 ਯਾਤਰੀਆਂ ਅਤੇ ਚਾਲਕ ਦਲ ਦੇ ਮੈਂਬਰਾਂ ਵਿੱਚੋਂ ਬਹੁਤਿਆਂ ਨੂੰ ਪਾਣੀ ਵਿੱਚ ਛਾਲ ਮਾਰਨੀ ਪਈ। ਇਸ ਖੇਤਰ ਵਿੱਚ ਤਾਇਨਾਤ ਜਹਾਜ਼ਾਂ ਨੇ ਉਨ੍ਹਾਂ ਨੂੰ ਬਚਾਅ ਲਿਆ। ਅਧਿਕਾਰੀਆਂ ਮੁਤਾਬਕ ਅੱਗ ਕਿਸ਼ਤੀ ਦੇ ਇੰਜਨ ਰੂਮ ਨੂੰ ਲੱਗੀ ਜਾਪਦੀ ਹੈ। ਉਨ੍ਹਾਂ ਕਿਹਾ ਕਿ ਕਿਸ਼ਤੀ ਦੇ ਮਲਬੇ ਨੂੰ ਕੰਢੇ ਲਿਆਂਦਾ ਗਿਆ ਹੈ। ਤੱਟ ਰੱਖਿਅਕਾਂ ਵੱਲੋਂ ਜਾਰੀ ਕੀਤੀਆਂ ਤਸਵੀਰਾਂ ਵਿੱਚ ਕਿਸ਼ਤੀ ਵਿੱਚੋਂ ਅੱਗ ਦੀਆਂ ਲਪਟਾਂ ਅਤੇ ਧੂੰਆਂ ਉਠਦਾ ਦੇਖਿਆ ਜਾ ਸਕਦਾ ਹੈ। ਇਸ ਵਿੱਚ ਸਟਰੈਚਰ ਉੱਤੇ ਜ਼ਖ਼ਮੀ ਲੋਕਾਂ ਨੂੰ ਐਂਬੂਲੈਂਸ ਵਿੱਚ ਲਿਜਾਂਦੇ ਹੋਏ ਅਤੇ ਇੱਕ ਬਚਾਅ ਕਰਮਚਾਰੀ ਨੂੰ ਬੇਹੋਸ਼ ਵਿਅਕਤੀ ਨੂੰ ਬਚਾਉਣ ਦੀ ਕੋਸ਼ਿਸ਼ ਕਰਦਾ ਦੇਖਿਆ ਜਾਂਦਾ ਹੈ। ਨੇਵੀ ਅਧਿਕਾਰੀ ਨੇ ਦੱਸਿਆ ਕਿ ਸਮੁੰਦਰੀ ਜਹਾਜ਼ ਮਰਕਰਾਫ਼ਟ-2 ਸਥਾਨਕ ਸਮੇਂ ਅਨੁਸਾਰ ਸਵੇਰੇ ਪੰਜ ਵਜੇ ਸੂਬੇ ਦੇ ਇੱਕ ਟਾਪੂ ਸ਼ਹਿਰ ਪੋਲੀਲੋ ਤੋਂ ਰਵਾਨਾ ਹੋਇਆ, ਉਸ ਨੂੰ ਰੀਅਲ ਟਾਊਨ ਦੀ ਇੱਕ ਬੰਦਰਗਾਹ ਉੱਤੇ ਪਹੁੰਚਣ ਤੋਂ ਲੱਗਭਗ 900 ਮੀਟਰ ਪਹਿਲਾਂ ਅੱਗ ਲੱਗ ਗਈ। ਬਾਲੀਲੋ ਨੇ ਕਿਹਾ ਕਿ ਬਚਾਅ ਮੁਹਿੰਮ ਜਾਰੀ ਹੈ' ਉਨ੍ਹਾਂ ਨੇ ਕਿਹਾਕਿ ਘੱਟੋ-ਘੱਟ ਛੇ ਯਾਤਰੀਆਂ ਦਾ ਸਥਾਨਕ ਹਸਪਤਾਲ 'ਚ ਇਲਾਜ ਕੀਤਾ ਜਾ ਰਿਹਾ ਹੈ।

# ਔਰਤ ਨੇ ਘਰ ਵਿੱਚ 400 ਜ਼ਹਿਰੀਲੀਆਂ ਮੱਕੜੀਆਂ ਪਾਲ ਲਈਆਂ



ਲੰਡਨ, 26 ਮਈ (ਪੋਸਟ ਬਿਊਰੋ)- ਬ੍ਰਿਟੇਨ ਦੀ ਬੇਥਨੀ ਸਟੈਪਲਸ ਨਾਂਅ ਦੀ ਔਰਤ ਨੇ ਆਪਣੇ ਘਰ ਵਿੱਚ 400 ਬੇਹੱਦ ਜ਼ਹਿਰੀਲੀਆਂ ਅਤੇ ਖਤਰਨਾਕ ਮੱਕੜੀਆਂ ਨੂੰ ਜਗ੍ਹਾ ਦਿੱਤੀ ਹੈ। ਇਸ ਕਾਰਨ ਉਸਦੇ ਦੋਸਤਾਂ ਨੇ ਉਸ ਦੇ ਘਰ ਆਉਣਾ ਬੰਦ ਕਰ ਦਿੱਤਾ। 28 ਸਾਲਾ ਔਰਤ ਦਾ ਕਹਿਣਾ ਹੈ ਕਿ ਜ਼ਿਆਦਾਤਰ ਲੋਕ ਉਸ ਦੇ ਘਰ ਨਹੀਂ ਆਉਂਦੇ।



ਮੱਕੜੀਆਂ ਨੇ ਪੂਰੇ ਘਰ ਉੱਤੇ ਕਬਜ਼ਾ ਕਰ ਲਿਆ ਹੈ ਅਤੇ ਬੈਥਨੀ ਨੇ ਆਪਣੇ ਖਾਲੀ ਕਮਰੇ ਵਿੱਚ 150 ਬਾਲਗ ਮੱਕੜੀਆਂ ਅਤੇ 250 ਬੱਚੇ ਰੱਖੇ ਹਨ, ਜਿਸ ਵਿੱਚ ਥਾਈਲੈਂਡ ਦੇ ਟਾਰੈਂਟੁਲਾ ਵਾਂਗ ਕਈ ਜ਼ਹਿਰੀਲੀਆਂ ਕਿਸਮਾਂ ਸ਼ਾਮਲ ਹਨ। ਖਬਰ ਮੁਤਾਬਕ ਬੈਥਨੀ ਨੇ ਮੱਕੜੀਆਂ ਦੇ ਡਰ ਨੂੰ ਦੂਰ ਕਰਨ ਲਈ ਉਨ੍ਹਾਂ ਨੂੰ ਪਾਲਣਾ ਸ਼ੁਰੂ ਕੀਤਾ। ਉਸਦਾ ਕਹਿਣਾ ਹੈ ਕਿ ਇਸ ਸ਼ੌਕ ਨੇ ਉਸ ਦਾ ਡਰ ਪੂਰੀ ਤਰ੍ਹਾਂ ਖ਼ਤਮ ਕਰ ਦਿੱਤਾ। ਬੈਥਨੀ ਨੇ ਕਿਹਾ ਕਿ ਇਹ ਸ਼ੌਕ ਇੱਕ ਤਰ੍ਹਾਂ ਦਾ ਨਸ਼ਾ ਹੈ ਕਿਉਂਕਿ ਮੱਕੜੀਆਂ ਦੀਆਂ ਕਈ ਕਿਸਮਾਂ ਹੁੰਦੀਆਂ ਹਨ। ਬੈਥਨੀ ਨੇ 2020 ਵਿੱਚ ਪਹਿਲੀ ਵਾਰ ਮੱਕੜੀਆਂ ਨੂੰ ਫੜਨਾ ਸ਼ੁਰੂ ਕੀਤਾ ਅਤੇ ਪਿਛਲੇ ਸਾਲ ਪ੍ਰਜਨਣ ਸ਼ੁਰੂ ਕੀਤਾ। ਬੈਥਨੀ ਇੱਛੂ, ਕਿਰਲੀ, ਮਿੱਲੀਪੀਡਜ਼ ਤੇ ਕੁੱਤੇ ਵੀ ਪਾਲਦੀ ਹੈ।

# ਅਲਬਾਨੀਸ ਨੇ ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕੀ

ਕੇਨਬਰਾ, 26 ਮਈ (ਪੋਸਟ ਬਿਊਰੋ)- ਐਂਥਨੀ ਅਲਬਾਨੀਸ ਨੇ ਕੱਲ੍ਹ ਆਸਟ੍ਰਲੀਆ ਦੇ ਨਵੇਂ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕੀ, ਜਿਸ ਤੋਂ ਬਾਅਦ ਉਹ ਜਾਪਾਨ ਦੀ ਰਾਜਧਾਨੀ ਟੋਕੀਓ ਵਿੱਚ ਹੋਣ ਵਾਲੇ ਕਵਾਡ ਸ਼ਿਖਰ ਸੰਮੇਲਨ ਲਈ ਰਵਾਨਾ ਹੋ ਗਏ।ਉਂਜ ਆਸਟ੍ਰੇਲੀਆ ਵਿੱਚ ਅਜੇ ਵੋਟਾਂ ਦੀ ਗਿਣਤੀ ਜਾਰੀ ਹੈ, ਜਿਸ ਤੋਂਸਾਫ ਹੋਵ-ੇਗਾ ਕਿ ਅਲਬਾਨੀਸ ਜਲਵਾਯੂ ਤਬਦੀਲੀ ਖ਼ਿਲਾਫ਼ ਸਖ਼ਤ ਕਾਰਵਾਈ ਦੇ ਸੱਦਾ ਵਾਲੀਪਾਰਲੀਮੈਂਟ ਵਿੱਚ ਪੂਰਨ ਬਹੁਮਤ ਲੈ ਸਕਣਗੇ ਜਾਂ ਨਹੀਂ।



ਅਲਬਾਨੀਸ ਦੀ ਲੇਬਰ ਪਾਰਟੀ ਨੇ ਐਤਵਾਰ ਹੋਈਆਂ ਚੋਣਾਂ ਵਿੱਚ ਸਾਬਕਾ ਪ੍ਰਧਾਨ ਮੰਤਰੀ ਸਕੌਟ ਮੌਰੀਸਨ ਦੀ ਅਗਵਾਈ ਵਾਲੇ ਕੰਜਰਵੇਟਿਵ ਗਠਜੋੜ ਨੂੰ ਸੱਤਾ ਤੋਂ ਬਾਹਰ ਕਰ ਦਿੱਤਾ ਹੈ। ਇਸ ਗਠਜੋੜ ਦੇ ਤਹਿਤ ਪਿਛਲੇ 9 ਸਾਲ ਤੋਂ ਤਿੰਨ ਪ੍ਰਧਾਨ ਮੰਤਰੀ ਸੱਤਾ ਵਿੱਚ ਰਹੇ।ਸਹੁੰ ਚੁੱਕਣ ਲਈ ਰਾਜਧਾਨੀ ਕੇਨਬਰਾ ਰਵਾਨਾ ਹੋਣ ਤੋਂ ਪਹਿਲਾਂ ਅਲਬਾਨੀਸ ਨੇ ਆਪਣੇ ਗ੍ਰਹਿਨਗਰ ਸਿਡਨੀ ਵਿੱਚ ਕਿਹਾ ਕਿ ਮੈਂ ਇਹੋ ਜਿਹੀ ਸਰਕਾਰ ਦੀ ਅਗਵਾਈ ਕਰਨਾ ਚਾਹੁੰਦਾ ਹਾਂ, ਜਿਸ ਵਿੱਚ ਆਸ਼ਾਵਾਦ ਅਤੇ ਉਮੀਦ ਦੀ ਉਹੀ ਭਾਵਨਾ ਹੋਵੇ, ਜੋ ਆਸਟ੍ਰੇਲੀਆਈ ਲੋਕਾਂ ਨੂੰ ਪਰਿਭਾਸ਼ਤ ਕਰਦੀ ਹੈ।

# ਪੂਰੇ ਫੀਚਰਸ ਨਾਲ ਫੇਸਬੁੱਕ ਉੱਤੇ ਪਤਨੀ ਦੀ ਸੇਲ ਲਾ ਦਿੱਤੀ

ਲੰਡਨ, 26 ਮਈ (ਪੋਸਟ ਬਿਊਰੋ)- ਇੱਕ ਵਿਅਕਤੀ ਨੇ ਮਜ਼ਾਕੀਆ ਅੰਦਾਜ਼ ਵਿੱਚ ਪਤਨੀ ਦੀ ਵਿਕਰੀ ਦਾ ਆਨਲਾਈਨ ਇਸਤਿਹਾਰ ਦੇ ਦਿੱਤਾ, ਜਿਵੇਂ ਉਹ ਕੋਈ ਕਾਰ ਜਾਂ ਕੋਈ ਚੀਜ਼ ਹੋਵੇ। ਉਸ ਨੇ ਅਜਿਹਾ ਓਦੋਂ ਕੀਤਾ ਜਦੋਂ ਉਸ ਦੀ ਪਤਨੀ ਆਪਣੇ ਦੋਸਤਾਂ ਨਾਲ ਛੁੱਟੀਆਂ ਉੱਤੇ ਗਈ ਹੋਈ ਸੀ।

ਪਤਨੀ ਦੀ ਸੇਲ ਲਾਉਣ ਵਾਲੇ ਦਾ ਨਾਂ ਰੋਬੀ ਮੈਕਮਿਲਨ ਹੈ। ਉਹ ਬਾਰ ਦਾ ਮਾਲਕ ਹੈ। ਰੋਬੀ ਨੇ ਫੇਸਬੁੱਕ ਉੱਤੇ ਪਤਨੀ ਸਾਰਾ ਦੀ ਫੋਟੋ ਸ਼ੇਅਰ ਕਰ ਕੇ ਸਾਰਾ ਦੇ ਖਰੀਦਣ ਦੇ ਲਾਭ ਤੇ ਨੁਕਸਾਨ ਵੀ ਦੱਸੇ। ਰੋਬੀ ਨੇ ਪੋਸਟ ਵਿੱਚ ਲਿਖਿਆ ਕਿ ਵਿਕਰੀ ਲਈ ਪਤਨੀ। ਸਾਲ ਭਰ ਐਵਰੇਜ ਤੋਂ ਉਪਰ ਮਾਈਲੇਜ, ਅਦਭੁੱਤ ਹੈਡਲਾਈਟਸ, ਚਮਕਦਾਰ ਪੈਂਟਵਰਕ ਜੋ ਕਿ ਹਫਤੇ ਭਰ ਤੋਂ ਵ੍ਹਾਈਟ ਰਹਿੰਦਾ ਹੈ, ਪਰ ਵੀਕੈਂਡਸ ਉੱਤੇ ਆਰੇਂਜ ਹੋ ਜਾਂਦਾ ਹੈ, ਟਾਇਰਸ ਅੱਛੇ ਹਨ। ਇਸਦੇ 100 ਜੋੜੇ (ਪਤਨੀ ਦੀਆਂ ਚੱਪਲਾਂ) ਨਾਲ ਮਿਲਣਗੀਆਂ। ਰੋਬੀ ਨੇ ਅੱਗੇ ਲਿਖਿਆ ਕਿ ਹਰ ਸਵੇਰ ਐਗਜਾਸਟ ਤੋਂ ਗੰਦੀ ਸਮੈਲ ਆਉਂਦੀ ਹੈ, ਪਰ ਖਿੜਕੀ ਖੋਲ੍ਹਦਿਆਂ ਹੀ ਚਲੀ ਜਾਂਦੀ ਹੈ। ਜਦੋਂ ਤੋਂ ਉਹ ਮੇਰੇ ਨਾਲ ਹੈ, ਛੋਟੀ-ਮੋਟੀ ਖ਼ਰਾਬੀ ਆ ਜਾਂਦੀ ਹੈ। ਪਿਛਲਾ ਮਹੀਨਾ ਬਹੁਤ ਖ਼ਰਾਬ ਲੰਘਿਆ। ਉਹ ਕੋਰੋਸ ਲਾਈਟ ਤੇ ਕਾਕਟੇਲ ਉੱਤੇ ਚਲਦੀ ਹੈ। ਜੇ ਤੁਸੀਂ ਟਾਪ-ਅੱਪ ਕਰਦੇ ਰਹੇ ਤਾਂ ਡ੍ਰਿੰਕ ਦੇ ਹਰ ਗੈਲਨ ਉੱਤੇ ਚੰਗੀ ਸਮਾਈਲ ਦਿੰਦੀ ਹੈ। ਪੋਸਟ ਦਾ ਲਿਸਟਿੰਗ ਪ੍ਰਾਈਸ ਨਹੀਂ ਹੈ, ਇਸਦੇ ਬਾਵਜੂਦ ਕੁਝ ਲੋਕਾਂ ਨੇ ਇਸ ਬਾਰੇ ਪੁੱਛਗਿੱਛ ਕੀਤੀ।

# ਮਾਤਾ-ਪਿਤਾ ਅੱਗੇ ਤੋਂ ਸੋਸ਼ਲ ਮੀਡੀਆ ਆਦਤ ਲਈ ਕੰਪਨੀਆਂ ਉੱਤੇ ਮੁਕੱਦਮਾ ਕਰ ਸਕਣਗੇ

ਸੈਕ੍ਰਾਮੈਂਟੋ, 26 ਮਈ (ਪੋਸਟ ਬਿਊਰੋ)- ਕੈਲੀਫੋਰਨੀਆ ਦੇ ਵਾਸੀ ਸੋਸ਼ਲ ਮੀਡੀਆ ਕੰਪਨੀਆਂ ਨੂੰ ਉਨ੍ਹਾਂ ਦੇ ਬੱਚਿਆਂ ਨੂੰ ਨੁਕਸਾਨ ਪੁਚਾਉਣ ਲਈ ਜਲਦੀ ਹੀ ਜ਼ਿੰਮੇਵਾਰ ਠਹਿਰਾ ਸਕਣਗੇ ਜੋ ਉਨ੍ਹਾਂ ਦੇ ਉਤਪਾਦਾਂ ਦੇ ਆਦੀ ਹੋ ਗਏ ਹਨ।ਸੂਬੇ ਦੀ ਅਸੈਂਬਲੀ ਨੇ ਇੱਕ ਬਿੱਲ ਪਾਸ ਕੀਤਾ ਹੈ, ਜਿਸ ਵਿੱਚ ਸੋਸ਼ਲ ਮੀਡੀਆ ਦੇ ਆਦੀ ਬੱਚਿਆਂ ਦਾ ਨੁਕਸਾਨ ਕਰ ਰਹੀਆਂ ਕੰਪਨੀਆਂ ਉੱਤੇਕੇਸ ਦਾਇਰ ਕਰਨ ਦਾ ਪ੍ਰਬੰਧ ਹੈ। ਇਹ ਬਿੱਲ ਸੂਬੇ ਦੀ ਸੈਨੇਟ ਵਿੱਚ ਭੇਜਿਆ ਜਾਏਗਾ।



ਕਾਰੋਬਾਰੀ ਵਰਗਾਂ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਇਹ ਪ੍ਰਸਤਾਵ ਕਾਨੂੰਨ ਬਣ ਜਾਂਦਾ ਹੈ ਤਾਂ ਸੋਸ਼ਲ ਮੀਡੀਆ ਕੰਪਨੀਆਂ ਕਿਸੇ ਕਾਨੂੰਨੀ ਜੋਖਮ ਦਾ ਸਾਹਮਣਾ ਕਰਨ ਦੀ ਥਾਂ ਕੈਲੀਫੋਰਨੀਆ ਵਿੱਚ ਬੱਚਿਆਂ ਲਈ ਪ੍ਰੋਗਰਾਮ ਬੰਦ ਕਰ ਦੇਣਗੀਆਂ। ਇਹ ਬਿੱਲ ਸਿਰਫ ਉਨ੍ਹਾਂ ਸੋਸ਼ਲ ਮੀਡੀਆ ਕੰਪਨੀਆਂ ਉੱਤੇ ਲਾਗੂ ਹੋਵੇਗਾ, ਜਿਨ੍ਹਾਂ ਦਾ ਕੁੱਲ ਰੈਵੇਨਿਊ ਪਿਛਲੇ ਸਾਲ ਘੱਟ0 ਘੱਟ 10 ਕਰੋੜ ਡਾਲਰ ਸੀ।ਇਹ ਬਿੱਲ ਫੇਸਬੁੱਕ ਵਰਗੇ ਸੋਸ਼ਲ ਮੀਡੀਆ ਨੂੰ ਟਾਰਗੇਟ ਕਰਨ ਵਾਲਾ ਪ੍ਰਤੀਤ ਹੁੰਦਾ ਹੈ। ਇਹ ਨੈਟਫਲਿਕਸ ਅਤੇ ਹੁਲੁ ਵਰਗੀ ਸਟ੍ਰੀਮਿੰਗ ਸੇਵਾਵਾਂ ਜਾਂ ਸਿਰਫ ਈਮੇਲ ਤੇ ਸੰਦੇਸ਼ ਵਾਲੀਆਂ ਸੇਵਾਵਾਂ ਦੀ ਪੇਸ਼ਕਸ਼ ਵਾਲੀਆਂ ਕੰਪਨੀਆਂ ਉੱਤੇ ਲਾਗੂ ਨਹੀਂ ਹੋਵੇਗਾ। ਬਿੱਲ ਪੇਸ਼ ਕਰਨ ਵਾਲੇ ਰਿਪਬਲੀਕਨ ਨੇਤਾ ਜਾਰਡੰਡ ਕਨਿੰਘਮ ਨੇ ਕਿਹਾ,''ਬੱਚਿਆਂ ਉੱਤੇ ਸਮਾਜਿਕ ਪ੍ਰਯੋਗ ਕਰਨ ਦਾ ਯੁੱਗ ਖਤਮ ਹੋ ਗਿਆ ਤੇ ਅਸੀਂ ਬੱਚਿਆਂ ਦੀ ਰੱਖਿਆ ਕਰਾਂਗੇ।''

# ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜੱਥੇਦਾਰ ਵੱਲੋਂ ਸਿੱਖਾਂ ਨੂੰ ਲਾਇਸੈਂਸੀ ਹਥਿਆਰ ਰੱਖਣ ਦੀ ਅਪੀਲ

ਅੰਮ੍ਰਿਤਸਰ, 26 ਮਈ, (ਪੋਸਟ ਬਿਊਰੋ)- ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਅੱਜ ਸਿੱਖਾਂ ਨੂੰ ਲਾਇਸੈਂਸੀ ਹਥਿਆਰ ਰੱਖਣ ਦੀ ਅਪੀਲ ਕੀਤੀ ਅਤੇ ਕਿਹਾ ਕਿ ਹਰ ਸਿੱਖ ਲਾਇਸੈਂਸੀ ਮਾਡਰਨ ਹਥਿਆਰ ਰੱਖੇ। ਉਨ੍ਹਾਂ ਕਿਹਾ ਕਿ ਹਾਲਾਤ ਨੂੰ ਦੇਖ ਕੇ ਸਿੱਖ ਹਥਿਆਰ ਰੱਖਣ।

ਅੱਜ ਏਥੇ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦੇਂਦਿਆਂ ਗੁਰੂ ਸਾਹਿਬ ਦੇ ਜੀਵਨ ਬਾਰੇ ਚਾਨਣਾ ਪਾਇਆ ਤੇ ਸਿੱਖ ਸੰਗਤਾਂ ਨੂੰ

## * ਮਾਨ ਨੇ ਕਿਹਾ: ਹਥਿਆਰਾਂ ਦੀ ਥਾਂ ਸ਼ਾਂਤੀ ਤੇ ਭਾਈਚਾਰੇ ਦਾ ਸੰਦੇਸ਼ ਦਿਓ

ਨਸ਼ਿਆਂ ਨੂੰ ਛੱਡ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲੱਗਣ ਵਾਸਤੇ ਕਿਹਾ। ਉਨ੍ਹਾਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਗੁਰਗੱਦੀ ਦਿਵਸ ਉੱਤੇਗੁਰੂ ਸਾਹਿਬਵੱਲੋਂ ਲੜੀਆਂ ਗਈਆਂ ਜੰਗਾਂ ਦਾ ਜ਼ਿਕਰ ਕਰਦਿਆਂਸਿੱਖ ਕੌਮ ਨੂੰ ਗੁਰੂ ਜੀ ਦੇ ਦਰਸਾਏ ਮਾਰਗ ਉੱਤੇ ਚੱਲਣ ਦੀ ਅਪੀਲ ਕੀਤੀ ਤੇ ਇਸ ਦੇ ਨਾਲ ਕਿਹਾ ਕਿ ਦੇਸ਼ ਅਤੇ ਪੰਜਾਬ ਦੇ ਮੌਜੂਦਾ ਹਾਲਾਤ ਨੂੰ ਦੇਖਦੇ ਹੋਏ ਹਰ ਸਿੱਖ ਨੂੰ ਲਾਇਸੈਂਸੀ ਹਥਿਆਰ ਰੱਖਣੇ ਚਾਹੀਦੇ ਹਨ।ਉਨ੍ਹਾ ਕਿਹਾ ਕਿ ਅੱਜ ਲੋੜ ਹੈ ਕਿ ਸਾਰੇ ਸਿੱਖ ਬਾਣੀ ਤੇ ਬਾਣੇ ਨਾਲ ਜੁੜਨ ਅਤੇ ਅੱਜ ਦੇ ਯੁੱਗ ਦੇ ਆਧੁਨਿਕ ਹਥਿਆਰ ਕਾਨੂੰਨੀ ਤੌਰ ਉੱਤੇ ਆਪਣੇ ਕੋਲ ਰੱਖਣ।

ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਇਸ ਸੱਦੇ ਪਿੱਛੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਾਰਜਕਾਰੀ ਜਥੇਦਾਰ ਨੂੰ ਅਪੀਲ ਕੀਤੀ ਕਿ ਉਹ ਸਿੱਖਾਂ ਨੂੰ ਲਾਇਸੈਂਸੀ ਆਧੁਨਿਕ ਹਥਿਆਰ ਰੱਖਣ ਲਈ ਕਹਿਣ ਦੀ ਥਾਂ ਸਮਾਜ ਵਿੱਚ ਸ਼ਾਂਤੀ, ਸਦਭਾਵਨਾ ਅਤੇ ਭਾਈਚਾਰੇ ਦਾ ਸੰਦੇਸ਼ ਦੇਣ। ਅੱਜ ਏਥੇ ਜਾਰੀ ਬਿਆਨ ਵਿੱਚਮੁੱਖ ਮੰਤਰੀ ਭਗਵੰਤ ਮਾਨ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਬਿਆਨ ਬਾਰੇ ਕਿਹਾ ਕਿ ਅਸੀਂ ਸੱਭਿਅਕ ਸਮਾਜ ਵਿੱਚ ਰਹਿੰਦੇ ਹਾਂ, ਜਿੱਥੇ ਦੇਸ਼ ਦਾ ਸ਼ਾਸਨ ਕਾਨੂੰਨ ਦੇ ਰਾਜ ਨਾਲ ਚੱਲਦਾ ਹੈ। ਮਾਨ ਨੇ ਕਿਹਾ ਕਿ ਸੁਹਿਰਦ ਤੇ ਸਦਭਾਵਨਾ ਵਾਲੇ ਸਮਾਜ ਵਿੱਚ ਹਥਿਆਰਾਂ ਦੀ ਥਾਂ ਨਹੀਂ ਹੁੰਦੀ।ਉਨ੍ਹਾ ਕਿਹਾ ਕਿ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ ਗੁਰਬਾਣੀ ਦਾ ਸੰਦੇਸ਼ ਫੈਲਾਉਣ ਵੱਲ ਧਿਆਨ ਦੇਣਾ ਚਾਹੀਦਾ ਹੈ, ਜਿਸ ਵਿੱਚ 'ਸਰਬੱਤ ਦਾ ਭਲਾ' ਦੀ ਕਲਪਨਾ ਕੀਤੀ ਗਈ ਹੈ।



ਉਨ੍ਹਾਂ ਕਿਹਾ ਕਿ ਜਥੇਦਾਰ ਸਾਹਿਬ ਨੂੰ ਚਾਹੀਦਾ ਹੈ ਕਿ ਉਹ ਸਰਬੱਤ ਦੇ ਭਲੇ ਦੇ ਸੰਦੇਸ਼ ਨੂੰ ਘਰ-ਘਰ ਪੁਚਾਉਣ ਵੱਲ ਧਿਆਨ ਦੇਣ।ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਅਮਨ ਸ਼ਾਂਤੀ ਸਦਭਾਵਨਾ ਦੀਆਂ ਵਿਰੋਧੀ ਤਾਕਤਾਂ ਪਹਿਲਾਂ ਹੀ ਇਸ ਨੂੰ ਭੰਗ ਕਰਨ ਦੇ ਯਤਨਵਿੱਚ ਹਨ ਅਤੇ ਹਰ ਘਰ ਵਿੱਚ ਹਥਿਆਰ ਜਾਣ ਨਾਲ ਸ਼ਾਂਤਮਈ ਮਾਹੌਲ ਨੂੰ ਗੰਭੀਰ ਚੁਣੌਤੀ ਪੈਦਾ ਹੋ ਸਕਦੀ ਹੈ।

ਓਧਰ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਦੱਸਣ ਲਈ ਕਿਹਾ ਹੈ ਕਿ ਸਿੱਖਾਂ ਨੂੰ ਆਧੁਨਿਕ ਹਥਿਆਰ ਰੱਖਣੇਕਿਉਂ ਚਾਹੀਦੇ ਹਨ।ਅਕਾਲ ਤਖਤ ਦੇ ਜਥੇਦਾਰ ਵੱਲੋਂ ਸਿਰਫ਼ ਨੌਜਵਾਨਾਂ ਨੂੰ ਲਾਇਸੈਂਸੀ ਆਧੁਨਿਕ ਹਥਿਆਰ ਰੱਖਣ ਦੇ ਸੰਦੇਸ਼ ਉੱਤੇ ਰਾਜਾ ਵੜਿੰਗ ਨੇ ਕਿਹਾ ਕਿ ਕਿਉਂਕਿਸਿੱਖਾਂ ਦੀ ਸਰਬ ਉੱਚ ਸੰਸਥਾ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੇ ਸ੍ਰੀ ਗੁਰੂ ਹਰਗੋਬਿੰਦ ਜੀ ਦੇ ਗੁਰਤਾ ਗੱਦੀ ਦਿਵਸ ਮੌਕੇ ਇਹ ਸੱਦਾ ਦਿੱਤਾ ਹੈ, ਇਸ ਲਈ ਹਰ ਕਿਸੇ ਨੂੰ ਜਾਣਨ ਦੀ ਲੋੜ ਹੈ ਕਿ ਕੀ ਇਹ ਲੱਗਦਾ ਹੈ ਕਿ ਭਾਈਚਾਰੇ ਨੂੰ ਵਿਸ਼ੇਸ਼ ਖ਼ਤਰਾ ਹੈ, ਜਿਸ ਲਈ ਨੌਜਵਾਨਾਂ ਨੂੰ ਹਥਿਆਰਾਂ ਦੀ ਲੋੜ ਹੈ।ਰਾਜਾ ਵੜਿੰਗ ਨੇ ਕਿਹਾ ਕਿ ਜਥੇਦਾਰ ਸਾਹਿਬ ਜੋ ਕਹਿਣ, ਉਸ ਨੂੰ ਸਿੱਖ ਭਾਈਚਾਰਾ ਗੰਭੀਰਤਾ ਨਾਲ ਲੈਂਦਾ ਹੈ ਤੇ ਏਸੇ ਲਈ ਉਨ੍ਹਾਂ ਨੂੰ ਦੱਸਣਾ ਚਾਹੀਦਾ ਹੈ ਕਿ ਆਧੁਨਿਕ ਹਥਿਆਰ ਰੱਖਣ ਦੇ ਸੱਦੇ ਦਾ ਕੀ ਕਾਰਨ ਹੈ।ਉਨ੍ਹਾ ਕਿਹਾ ਕਿ ਪੰਜਾਬ ਵਿੱਚਬਹੁਤ ਸਾਰੇ ਲੋਕ ਆਮ ਕਰ ਕੇ ਲਾਇਸੈਂਸੀ ਹਥਿਆਰ ਰੱਖਦੇ ਹਨ ਅਤੇ ਕਿਸੇ ਵੱਲੋਂ ਹਥਿਆਰ ਦਾ ਲਾਇਸੈਂਸ ਲੈਣ ਉੱਤੇ ਕੋਈ ਰੋਕ ਨਹੀਂ ਹੈ।

ਦੂਸਰੇ ਪਾਸੇ ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਕਿਹਾ ਕਿ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰਸ਼ਾਂਤੀ ਦੀ ਗੱਲ ਕਰਨੀ ਚਾਹੀਦੀ ਹੈ, ਹਥਿਆਰ ਰੱਖਣ ਦੀ ਨਹੀਂ, ਪੰਜਾਬ ਨੇ ਪਹਿਲਾਂ ਹੀ ਬਹੁਤ ਨੁਕਸਾਨ ਝੱਲਿਆ ਹੈ। ਅਸ਼ਵਨੀ ਸ਼ਰਮਾ ਨੇ ਕਿਹਾ ਕਿ ਇਸ ਸੱਦੇਦਾ ਗਲਤ ਸੰਦੇਸ਼ ਜਾ ਸਕਦਾ ਹੈ।ਉਨ੍ਹਾ ਕਿਹਾ ਕਿ ਗੁਰੂ ਸਾਹਿਬਾਨ ਨੇ ਸਰਬੱਤ ਦੇ ਭਲੇ ਦੀ ਕਾਮਨਾ ਕੀਤੀ ਹੈ ਅਤੇ ਸਾਨੂੰ ਉਨ੍ਹਾਂ ਦੇ ਦੱਸੇ ਮਾਰਗ ਉੱਤੇ ਚੱਲਣਾ ਚਾਹੀਦਾ ਹੈ।

# ਭਗਵੰਤ ਮਾਨ ਵੱਲੋਂ ਮੰਗ: ਮੁਹਾਲੀ ਏਅਰਪੋਰਟ ਦਾ ਨਾਂ ਸ਼ਹੀਦੇ-ਆਜ਼ਮ ਭਗਤ ਸਿੰਘ ਦੇ ਨਾਂ ਉੱਤੇ ਰੱਖਣ ਦੀ ਮੁਹਿੰਮ ਸ਼ੁਰੂ ਕੀਤੀ ਜਾਵੇ

ਚੰਡੀਗੜ੍ਹ, 26 ਮਈ, (ਪੋਸਟ ਬਿਊਰੋ)-ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਪੰਜਾਬ ਦੇ ਸ਼ਹਿਰੀ ਹਵਾਬਾਜ਼ੀ ਵਿਭਾਗ ਨੂੰ ਮੁਹਾਲੀ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਸਿੱਧੀਆਂ ਅੰਤਰਰਾਸ਼ਟਰੀ ਉਡਾਣਾਂ; ਖ਼ਾਸ ਕਰ ਕੇ ਕੈਨੇਡਾ, ਅਮਰੀਕਾ ਅਤੇ ਯੂ ਕੇ ਲਈ ਸ਼ੁਰੂ ਕਰਨ ਵਾਸਤੇ ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਤੇ ਏਅਰਪੋਰਟ ਅਥਾਰਟੀ ਆਫ ਇੰਡੀਆ (ਏਏਆਈ) ਨਾਲ ਤਾਲਮੇਲ ਕਰਨ ਦੇ ਨਿਰਦੇਸ਼ ਦਿੱਤੇ ਹਨ।ਵਰਨਣ ਯੋਗ ਹੈ ਕਿ ਇਸ ਸਮੇਂ ਮੁਹਾਲੀ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਦੁਬਈ ਤੇ ਸ਼ਾਰਜਾਹ ਲਈ ਸਿਰਫ਼ ਦੋ ਅੰਤਰਰਾਸ਼ਟਰੀ ਉਡਾਣਾਂ ਹੀ ਚੱਲਦੀਆਂ ਹਨ।

ਆਪਣੇ ਸਰਕਾਰੀ ਨਿਵਾਸ ਉੱਤੇ ਸ਼ਹਿਰੀ ਹਵਾਬਾਜ਼ੀ ਵਿਭਾਗ ਦੇ ਕੰਮਾਂ ਦਾ ਜਾਇਜ਼ਾ ਲੈਣ ਲਈ ਕੀਤੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂਮੁੱਖ ਮੰਤਰੀ



ਭਗਵੰਤ ਮਾਨ ਨੇ ਕਿਹਾ ਕਿ ਕੈਨੇਡਾ, ਅਮਰੀਕਾ, ਯੂ ਕੇ, ਨਿਊਜ਼ੀਲੈਂਡ, ਆਸਟਰੇਲੀਆ ਅਤੇ ਹੋਰ ਦੇਸ਼ਾਂ ਵਿੱਚ ਪੰਜਾਬੀ ਲੋਕਾਂ ਦੀ ਵੱਡੀ ਗਿਣਤੀ ਹੋਣ ਕਰਕੇ ਵਿਦੇਸ਼ ਵੱਸਦੇ ਪੰਜਾਬੀ ਭਾਈਚਾਰੇ ਨੂੰ ਪੰਜਾਬ ਵਿੱਚ ਆਪਣੇ ਜੱਦੀ ਸਥਾਨਾਂ ਉੱਤੇ ਬਿਨਾਂ ਔਖਆਉਣ-ਜਾਣ ਲਈ ਇਹ ਯਤਨਸਹਾਈ ਹੋਵੇਗਾ। ਇਸ ਦੇ ਨਾਲ ਪੰਜਾਬ ਵਿੱਚ ਖੇਤੀ ਤੇ ਫੂਡ ਪ੍ਰੋਸੈਸਿੰਗ ਉਦਯੋਗ ਨੂੰ ਹੁਲਾਰਾ ਦੇਣ ਲਈ ਮੁੱਖ ਮੰਤਰੀ ਨੇ ਸ਼ਹਿਰੀ ਹਵਾਬਾਜ਼ੀ ਦੇ ਵਿਭਾਗ ਨੂੰ ਮੁਹਾਲੀ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਕਾਰਗੋ ਉਡਾਣਾਂ ਸ਼ੁਰੂ ਕਰਨ ਲਈ ਵੀ ਆਖਿਆ ਹੈ।ਉਨ੍ਹਾ ਕਿਹਾ ਕਿ ਕਿਸਾਨਾਂ ਦੇ ਹਿੱਤ ਵਿੱਚ ਇਹ ਕਦਮ ਦੁਨੀਆ ਭਰ ਵਿੱਚ ਖ਼ੁਰਾਕੀ ਵਸਤਾਂ ਦੀ ਐਕਸਪੋਰਟ ਨੂੰ ਅਤਿ ਲੋੜੀਂਦਾ ਹੁਲਾਰਾ ਦੇਣ ਤੇ ਖ਼ਾਸ ਕਰ ਕੇ ਪੰਜਾਬ ਦੇ ਕਿਸਾਨਾਂ ਦੀ ਆਮਦਨ ਕਈ ਗੁਣਾ ਵਧਾਉਣ ਵਿੱਚਸਾਹਇਕ ਸਾਬਤ ਹੋਵੇਗਾ।

ਇਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਮੁਹਾਲੀ ਅੰਤਰਰਾਸ਼ਟਰੀ ਹਵਾਈ ਅੱਡੇ ਦਾ ਨਾਮ ਸ਼ਹੀਦ-ਏ-ਆਜ਼ਮ ਭਗਤ ਸਿੰਘ ਅੰਤਰਰਾਸ਼ਟਰੀ ਹਵਾਈ ਅੱਡਾ ਰੱਖਣ ਦੀ ਸਹਿਮਤੀ ਲਈ ਵਿਭਾਗ ਨੂੰ ਹਰਿਆਣਾ ਦੇ ਹਵਾਬਾਜ਼ੀ ਵਿਭਾਗ ਨਾਲ ਮੀਟਿੰਗ ਕਰਨ ਨੂੰ ਕਿਹਾ। ਉਨ੍ਹਾ ਨੇ ਹਲਵਾਰਾ ਵਿਖੇ ਅੰਤਰਰਾਸ਼ਟਰੀ ਸਿਵਲ ਇਨਕਲੇਵ ਨੂੰ ਛੇਤੀ ਚਾਲੂ ਕਰਨ ਲਈ ਵੀ ਕਿਹਾ, ਜਿਸ ਨਾਲ ਪੰਜਾਬ ਦੇ ਉਦਯੋਗਿਕ ਧੁਰੇਲੁਧਿਆਣਾ ਤੇ ਨੇੜਲੇ ਵਪਾਰਕ ਤੇ ਉਦਯੋਗਿਕ ਗਤੀਵਿਧੀਆਂ ਵਧਣ ਨਾਲ ਇਸ ਨੂੰ ਹੁਲਾਰਾ ਮਿਲੇ। ਮੁੱਖ ਮੰਤਰੀ ਨੇ ਸ਼ਹਿਰੀ ਹਵਾਬਾਜ਼ੀ ਦੇ ਸੈਕਟਰੀ ਨੂੰ ਪੇਸ਼ੇਵਰ ਸਿਖਲਾਈ ਵਾਲੇ ਪਾਇਲਟਾਂ ਦੀ ਟਰੇਨਿੰਗ ਵਿੱਚਪੰਜਾਬੀ ਨੌਜਵਾਨਾਂ ਨੂੰ ਪਹਿਲ ਦੇਣ ਵਾਸਤੇ ਰੂਪ-ਰੇਖਾ ਤਿਆਰ ਕਰਨ ਨੂੰ ਵੀ ਕਿਹਾ।

# ਮਨਪ੍ਰੀਤ ਬਾਦਲ ਦੇ ਰਿਸ਼ਤੇਦਾਰ ਜੈਜੀਤ ਜੌਹਲ ਦਾ ਰਾਜਾ ਵੜਿੰਗ ਉੱਤੇ ਫਿਰ ਵੱਡਾ ਸਿਆਸੀ ਹਮਲਾ

ਬਠਿੰਡਾ, 26 ਮਈ, (ਪੋਸਟ ਬਿਊਰੋ)- ਪਿਛਲੇ ਕੁਝ ਸਮੇਂ ਤੋਂ ਕਾਂਗਰਸ ਦਾ ਕਲੇਸ਼ ਲਗਾਤਾਰ ਵਧਦਾ ਜਾ ਰਿਹਾ ਹੈ। ਇਸ ਦੌਰਾਨ ਅੱਜ ਫਿਰ ਸਾਬਕਾ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਨੇੜਲੇ ਰਿਸ਼ਤੇਦਾਰ (ਸਾਲਾ) ਜੈਜੀਤ ਸਿੰਘ ਜੌਹਲ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਉੱਤੇ ਵੱਡਾ ਹਮਲਾ ਕੀਤਾ ਅਤੇ ਸੋਸ਼ਲ ਮੀਡੀਆ ਉੱਤੇ ਪਾਈ ਪੋਸਟ ਵਿਚ ਦੋਸ਼ ਲਾਇਆ ਕਿ ਉਹ ਮਨਪ੍ਰੀਤ ਬਾਦਲ ਦੇ ਵਿਰੋਧੀਆਂ ਦੀ ਮਦਦ ਕਰਦਾ ਰਿਹਾ ਹੈ।

ਜੈਜੀਤ ਸਿੰਘ ਜੌਹਲ ਨੇ ਇਸ ਪੋਸਟ ਦੇ ਨਾਲ ਤਿੰਨ ਫੋਟੋ ਸ਼ੇਅਰ ਕਰ ਕੇ ਕਿਹਾ ਕਿਖੁਦ ਨੂੰ ਟਕਸਾਲੀ ਕਾਂਗਰਸੀ ਕਹਿਣ ਵਾਲੇ ਉਕਤ ਆਗੂਆਂ ਨੇ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਜਗਰੂਪ ਸਿੰਘ ਗਿੱਲ ਅਤੇ ਅਕਾਲੀ ਉਮੀਦਵਾਰ ਸਰੂਪ ਚੰਦ ਸਿੰਗਲਾ ਦੀ ਮਦਦ ਕੀਤੀ ਹੈ। ਉਨ੍ਹਾਂ ਲਿਖਿਆ ਕਿ ਜਿਨ੍ਹਾਂ ਨੇ 2022 ਦੀਆਂ ਚੋਣ ਵਿੱਚ ਆਮ ਆਦਮੀ ਪਾਰਟੀ ਅਤੇ ਅਕਾਲੀ ਦਲ ਨੂੰ ਵੋਟ ਪਾਈ ਸੀ, ਅੱਜ ਬਠਿੰਡਾ ਦੇ ਕਾਂਗਰਸ ਦਫ਼ਤਰ ਵਿੱਚ ਇੰਡੀਅਨ ਨੈਸ਼ਨਲ ਕਾਂਗਰਸ ਨੂੰ ਸਲਾਹਾਂ ਦੇ ਰਹੇ ਹਨ। ਉਨ੍ਹਾਂ ਰਾਜਾ ਵੜਿੰਗਬਾਰੇ ਕਿਹਾ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਇਹ ਸਾਨੂੰ ਕੀ ਸੰਦੇਸ਼ ਦੇ ਰਹੇ ਹਨ। ਉਨ੍ਹਾਂ ਨੇ ਪੋਸਟ ਰਾਹੀਂ ਕਿਹਾ ਕਿ ਰਾਜਾ ਵੜਿੰਗ ਨੇ ਕਾਂਗਰਸ ਦੇ ਦਫ਼ਤਰ ਵਿਚ ਉਨ੍ਹਾਂ ਆਗੂਆਂ ਨਾਲ ਮੀਟਿੰਗ ਕੀਤੀ ਹੈ, ਜਿਹੜੇ ਮਨਪ੍ਰੀਤ ਸਿੰਘ ਬਾਦਲ ਦੇ



ਵਿਰੁੱਧ ਰਹੇ ਹਨ।

ਇਸ ਤੋਂ ਪਹਿਲਾਂ ਬੀਤੀ 17 ਮਈ ਨੂੰ ਜੈਜੀਤ ਜੌਹਲ ਨੇ ਸੋਸ਼ਲ ਮੀਡੀਆ ਉੱਤੇ ਪਾਈ ਪੋਸਟ ਵਿਚ ਲਿਖਿਆ ਸੀ ਕਿ ਮੈਂ ਚੋਣਾਂ ਵੇਲੇ ਵੀ ਚੁੱਪ ਰੱਖੀ ਸੀ ਕਿ ਰਾਜਾ ਵੜਿੰਗ ਨੂੰ ਓਦੋਂ ਦੇ ਵਿਧਾਇਕ ਅਤੇ ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵਿਰੁੱਧ ਬੋਲਣ ਦਾ ਮੁੱਦਾ ਨਾ ਬਣਾਇਆ ਜਾਵੇ। ਰਾਜਾ ਵੜਿੰਗ ਨੇ ਸਟੇਜਾਂ ਉੱਤੇ ਖੁੱਲ੍ਹ ਕੇ ਲੋਕਾਂ ਨੂੰ ਬਠਿੰਡਾ ਸ਼ਹਿਰ ਵਿੱਚ ਕਾਂਗਰਸ ਖ਼ਿਲਾਫ਼ ਵੋਟ ਪਾਉਣ ਦੀ ਅਪੀਲ ਕੀਤੀ ਤੇ ਭਾਰਤ ਭੂਸ਼ਨ ਆਸ਼ੂ ਦੀ ਆਡੀਓ ਵਾਇਰਲ ਹੋਈ ਸੀ, ਜਿਸ ਵਿੱਚ ਉਸ ਨੇ ਮਨਪ੍ਰੀਤ ਸਿੰਘ ਬਾਦਲ ਵਿਰੁੱਧ ਵੋਟ ਪਾਉਣ ਨੂੰ ਕਿਹਾ ਸੀ। ਇਨ੍ਹਾਂ ਵਿੱਚੋਂ ਇੱਕ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਤੇ ਦੂਸਰੇ ਨੂੰ ਕਾਰਜਕਾਰੀ ਪ੍ਰਧਾਨ ਬਣਾ ਦਿੱਤਾ ਹੈ। ਪੋਸਟ ਵਿਚ ਜੈਜੀਤ ਜੌਹਲ ਨੇ ਲਿਖਿਆ ਕਿ ਉਦੇਪੁਰ ਵਿਚ ਚਿੰਤਨ ਇਹ ਹੋਣਾ ਚਾਹੀਦਾ ਸੀ ਕਿ ਜੇ ਕੋਈ ਆਪਣੀ ਪਾਰਟੀ ਉਮੀਦਵਾਰਾਂ ਵਿਰੁੱਧ ਬੋਲੇ ਤਾਂ ਉਸਨੂੰ ਅਹੁਦਿਆਂ ਨਾਲ ਨਿਵਾਜਿਆ ਜਾਂਦਾ ਅਤੇ ਜਾਖੜ ਨੂੰ ਕਾਰਨ ਦੱਸੋ ਨੋਟਿਸ ਦਿੱਤਾ ਜਾਂਦਾ ਹੈ। ਜੇ ਏਦਾਂ ਹੈ ਤਾਂ ਵਰਕਰਾਂ ਨੂੰ ਹਰ ਕਿਸੇ ਨੂੰ ਕਿਸੇ ਖ਼ਿਲਾਫ਼ ਬੋਲਣ ਦੀ ਖੁੱਲ੍ਹ ਚਾਹੀਦੀ ਹੈ ਤੇ ਹੋ ਸਕਦਾ ਹੈ ਕਿ ਮੈਨੂੰ ਪਾਰਟੀ ਅਹੁਦਾ ਮਿਲ ਜਾਵੇ। ਉਨ੍ਹਾਂ ਲਿਖਿਆ ਕਿ ਉਨ੍ਹਾਂ ਨੂੰ ਆਪਣੀ ਪਾਰਟੀ ਦੇ ਉਮੀਦਵਾਰ ਤੇ ਵਿੱਤ ਮੰਤਰੀ ਵਿਰੁਧ ਬੋਲਣ ਦੀ ਖੁੱਲ੍ਹ ਕਿਉਂ ਦਿੱਤੀ ਗਈ? ਪਾਰਟੀ ਅਨੁਸ਼ਾਸਨ ਦੀ ਆਸ ਕਿਵੇਂ ਰੱਖ ਸਕਦੀ ਹੈ ਤੇ ਮੇਰੇ ਵਰਗੇ ਵਰਕਰ ਤੋਂ ਇਨ੍ਹਾਂ ਦਾ ਸਤਿਕਾਰ ਕਰਨ ਦੀ ਆਸ ਕਿਵੇਂ ਰੱਖਸਕਦੀ ਹੈ। ਕਾਂਗਰਸ ਆਗੂਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਜਦੋਂ ਬਠਿੰਡਾ ਦੇ ਲੋਕ ਸਭਾ ਹਲਕੇ ਤੋਂ ਅਕਾਲੀ ਉਮੀਦਵਾਰ ਬੀਬੀ ਹਰਸਿਮਰਤ ਕੌਰ ਬਾਦਲ ਦੇ ਮੁਕਾਬਲੇ ਚੋਣ ਲੜੀ ਤਾਂ ਉਨ੍ਹਾਂ ਨੂੰ ਬਠਿੰਡਾ ਸ਼ਹਿਰ ਵਿੱਚੋਂ ਵੱਡੀ ਹਾਰ ਹੋਈ ਸੀ। ਇਸ ਪਿੱਛੋਂ ਰਾਜਾ ਵੜਿੰਗ ਨੇ ਮਨਪ੍ਰੀਤ ਸਿੰਘ ਬਾਦਲ ਉੱਤੇ ਬਾਦਲ ਪਰਿਵਾਰ ਨਾਲ ਮਿਲ ਕੇ ਲੋਕ ਸਭਾ ਚੋਣ ਹਰਾਉਣ ਦੇ ਦੋਸ਼ ਲਾਏ ਸਨ। ਦੋਵਾਂ ਕਾਂਗਰਸ ਆਗੂਆਂ ਵਿੱਚ ਇਸ ਨਾਲ ਦੂਰੀਆਂ ਵਧ ਗਈਆਂ।ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਰਾਜਾ ਵੜਿੰਗ ਨੇ ਮਨਪ੍ਰੀਤਬਾਦਲ ਉੱਤੇ ਬਾਦਲ ਪਰਿਵਾਰ ਨਾਲ ਮਿਲ ਕੇ ਚੋਣ ਲੜਨ ਦਾ ਦੋਸ਼ ਲਾ ਕੇ ਚੋਣਾਂ ਤੋਂ ਪਹਿਲਾਂ ਸਟੇਜ ਤੋਂ ਕਿਹਾ ਸੀ ਕਿ ਬਠਿੰਡਾ ਤੋਂ ਜਲਾਲਾਬਾਦ ਤਕ ਬਾਦਲਾਂ ਨੂੰ ਮਾਂਜ ਦਿਓ। ਉਨ੍ਹਾਂ ਮਨਪ੍ਰੀਤਬਾਦਲ ਵੱਲੋਂ ਗਿੱਦੜਬਾਹਾ ਤੋਂ ਚੋਣ ਹਰਾਉਣ ਲਈ ਅਕਾਲੀ ਦਲ ਨਾਲ ਮਿਲੇ ਹੋਣ ਦਾ ਦੋਸ਼ ਲਾ ਕੇ ਕਾਂਗਰਸ ਹਾਈਕਮਾਂਡ ਨੂੰ ਸ਼ਿਕਾਇਤ ਵੀ ਭੇਜੀ ਸੀ।

# ਤੇਲੰਗਾਨਾ ਨੇ ਕਿਸਾਨਾਂ ਲਈ ਕਈ ਭਲਾਈ ਯੋਜਨਾਵਾਂ ਸ਼ੁਰੂ ਕੀਤੀਆਂ

ਹੈਦਰਾਬਾਦ, 26 ਮਈ (ਪੋਸਟ ਬਿਊਰੋ)- ਤੇਲੰਗਾਨਾ ਸਰਕਾਰ ਨੇ ਕਿਸਾਨਾਂ ਨੂੰ ਖੁਸ਼ਹਾਲ ਤੇ ਸੁਖੀ ਬਣਾਉਣ ਲਈ ਕਈ ਮਹੱਤਵਪੂਰਨ ਯੋਜਨਾਵਾਂ ਸ਼ੁਰੂ ਕੀਤੀਆਂ ਹਨ ਜਿਸ ਦੇ ਤਹਿਤ ਸਰਕਾਰ ਖੇਤੀ ਖੇਤਰ ਨੂੰ 24 ਘੰਟੇ ਮੁਫਤ ਬਿਜਲੀ ਪ੍ਰਦਾਨ ਕਰ ਰਹੀ ਹੈ ਅਤੇ 35 ਲੱਖ ਕਿਸਾਨਾਂ ਨੂੰ ਕਰਜ ਰਾਹਤ ਵਜੋਂ 22,000 ਕਰੋੜ ਰੁਪਏ ਦੇ ਚੁੱਕੀ ਹੈ।



ਵਰਨਣ ਯੋਗ ਹੈ ਕਿ ਤੇਲੰਗਾਨਾ ਦੇਸ਼ ਦਾ ਇੱਕੋ ਇੱਕ ਰਾਜ ਹੈ ਜਿਸ ਨੇ ਵਾਟਰ ਸੈਸ ਏਰੀਅਰ ਮੁਆਫ ਕੀਤਾ ਅਤੇ ਜਲ ਟੈਕਸ ਨੂੰ ਪੱਕੇ ਤੌਰ ਉੱਤੇ ਵਾਪਸ ਲੈ ਲਿਆ ਹੈ ਅਤੇ ਕਿਸਾਨਾਂ ਨੂੰ ਉਨ੍ਹਾਂ ਦੀਆਂ ਸਿੰਚਾਈ ਯੋਜਨਾਵਾਂ ਦੇ ਲਈ ਮੁਫ਼ਤ ਪਾਣੀ ਦਿੱਤਾ ਜਾ ਰਿਹਾ ਹੈ।ਤੇਲੰਗਾਨਾ ਦੇਸ਼ ਦਾ ਪਹਿਲਾ ਰਾਜ ਹੈ ਜੋ ਰਾਏਥੂ ਬੰਧੂ ਯੋਜਨਾ ਹੇਠ ਫਸਲ ਸਹਾਇਤਾ ਦੇ ਰੂਪ ਵਿੱਚ ਕਿਸਾਨਾਂ ਨੂੰ ਹਰ ਸਾਲ 10,000 ਰੁਪਏ ਸਹਾਇਤਾ ਦੇਂਦਾ ਹੈ। ਉਥੇ ਰਾਏਥੂ ਬੀਮਾ ਯੋਜਨਾ ਤਹਿਤ ਦੁਰਘਟਨਾ ਵਿੱਚ ਕਿਸਾਨ ਦੀ ਮੌਤ ਉੱਤੇ ਉਸਦੇ ਪਰਵਾਰ ਨੂੰ ਪੰਜ ਲੱਖ ਰੁਪਏ ਤਕ ਮਿਲਦੇ ਹਨ ਅਤੇ ਐਲ ਆਈ ਸੀ ਦੇ ਰਾਹੀਂ ਦਾਅਵੇ ਦਾ ਨਿਪਟਾਰਾ ਮੌਤ ਦੇ 10 ਦਿਨ ਦੇ ਅੰਦਰ ਕੀਤਾ ਜਾਂਦਾ ਹੈ। ਰਾਜ ਸਰਕਾਰ ਦੀ ਇਸ ਮਦਦ ਨਾਲ ਅੱਜ ਤਕ 80,600 ਪ੍ਰਭਾਵਤ ਕਿਸਾਨ ਪਰਵਾਰ ਲਾਭਵੰਦ ਹੋਏ ਹਨ। ਕਪਾਹ ਉਤਪਾਦਨ ਵਿੱਚ ਦੇਸ਼ ਵਿੱਚ ਤੇਲੰਗਾਨਾ ਨੇ ਰਿਕਾਰਡ ਬਣਾਇਆ ਹੈ ਤੇ ਝੋਨੇ ਦਾ 2.18 ਕਰੋੜ ਟਨ ਉਤਪਾਦਨ ਕਰ ਕੇ ਖੁਦ ਨੂੰ ਸਥਾਪਤ ਕੀਤਾ ਹੈ।ਇਸ ਸੀਜਨ ਵਿੱਚ ਕਿਸਾਨਾਂ ਤੋਂ ਸਾਰਾ ਅਨਾਜ਼ ਖ਼ਰੀਦਣ ਵਾਲਾ ਦੇਸ਼ ਦੇ ਇੱਕੋ ਰਾਜ ਤੇਲੰਗਾਨਾ ਨੇ ਕਿਸਾਨਾਂ ਨੂੰ ਸਮੇਂ ਉੱਤੇ ਖਾਦ ਅਤੇ ਬੀਜ ਦਿਵਾਇਆ ਹੈ। ਪਿਛਲੇ ਅੱਠ ਸਾਲ ਵਿੱਚ ਤੇਲੰਗਾਨਾ ਵਿੱਚ ਖੇਤੀ ਉਤਪਾਦਨ ਵਿੱਚ ਅੱਠ ਗੁਣਾ ਵਾਧਾ ਹੋਇਆ।






# ਹਾਕੀ ਇੰਡੀਆ ਅਹੁਦੇ ਨੂੰ ਗੈਰ-ਕਾਨੂੰਨੀ ਐਲਾਨੇ ਜਾਣ ਪਿੱਛੋਂ ਬੱਤਰਾ ਦੀ ਆਈ ਓ ਏ ਦੀ ਪ੍ਰਧਾਨਗੀ ਗਈ

ਨਵੀਂ ਦਿੱਲੀ, 26 ਮਈ (ਪੋਸਟ ਬਿਊਰੋ)- ਦਿੱਲੀ ਹਾਈ ਕੋਰਟ ਦੇ ਹਾਕੀ ਇੰਡੀਆ ਵਿੱਚ 'ਜੀਵਨਭਰ ਮੈਂਬਰ' ਅਹੁਦੇ ਨੂੰ ਨਾਜਾਇਜ਼ ਐਲਾਨਣ ਪਿੱਛੋਂ ਖੇਡ ਪ੍ਰਸ਼ਾਸਕ ਨਰਿੰਦਰ ਬੱਤਰਾ ਨੂੰ ਕੱਲ੍ਹ ਭਾਰਤੀ ਉਲੰਪਿਕ ਐਸੋਸੀਏਸ਼ਨ (ਆਈ ਓ ਏ) ਦੇ ਪ੍ਰਧਾਨਗੀ ਅਹੁਦੇ ਤੋਂ ਹਟਾ ਦਿੱਤਾ ਗਿਆ ਹੈ, ਜਦੋਂ ਕਿ ਇਸੇ ਆਧਾਰ ਉੱਤੇ ਉਨ੍ਹਾਂ ਨੇ 2017 ਵਿੱਚ ਇਸ ਵਕਾਰੀ ਸੰਸਥਾ ਦੀ ਚੋਣ ਲੜੀ ਅਤੇ ਜਿੱਤੀ ਸੀ। ਆਈ ਓ ਏ ਦੇ ਸੀਨੀਅਰ ਉਪ ਪ੍ਰਧਾਨ ਅਨਿਲ ਖੰਨਾ ਨੂੰ ਕਾਰਜਕਾਰੀ ਪ੍ਰਧਾਨ ਬਣਾਇਆ ਗਿਆ ਹੈ। ਨਰਿੰਧਰ ਬੱਤਰਾ ਨੇ ਆਈ ਓ ਏ ਅਹੁਦੇ ਦੀ ਆਪਣੀ ਨਾਮਜ਼ਦਗੀ ਹਾਕੀ ਇੰਡੀਆ ਦੇ (ਜੀਵਨਭਰ ਮੈਂਬਰ) ਪ੍ਰਤੀਨਿੱਧੀ ਵਜੋਂ ਹੀ ਭਰੀ ਅਤੇ ਅਹੁਦਾ ਸੰਭਾਲਿਆ ਸੀ।



ਅਦਾਲਤ ਨੇ ਨਰਿੰਦਰ ਬੱਤਰਾ ਦੇ ਜੀਵਨਭਰ ਮੈਂਬਰ ਤੇ ਜੀਵਨਭਰ ਪ੍ਰਧਾਨਗੀ ਅਹੁਦੇ ਨੂੰ ਨਾਜਾਇਜ਼ ਐਲਾਨਿਆ ਹੈ, ਕਿਉਂਕਿ ਇਹ ਰਾਸ਼ਟਰੀ ਖੇਡ ਜ਼ਾਬਤੇ ਦੇ ਤਹਿਤ ਨਹੀਂ ਅਤੇ ਹਾਕੀ ਇੰਡੀਆ ਦੇ ਰੋਜ਼ ਦੇ ਕੰਮਲਈ ਤਿੰਨ ਮੈਂਬਰੀ ਪ੍ਰਸ਼ਾਸਕਾਂ ਦੀ ਕਮੇਟੀ (ਸੀ ਓ ਏ) ਬਣਾਈ ਹੈ। ਸਾਬਕਾ ਭਾਰਤੀ ਹਾਕੀ ਖਿਡਾਰੀ ਅਸਲਮ ਸ਼ੇਰ ਖਾਨ ਦੀ ਬੱਤਰਾ ਦੀ ਹਾਕੀ ਇੰਡੀਆ ਦੇ ਜੀਵਨਭਰ ਮੈਂਬਰ ਵਜੋਂ ਨਿਯੁਕਤੀਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਉੱਤੇ ਸੁਣਵਾਈ ਕਰਦੇ ਹੋਏ ਅਦਾਲਤ ਨੇ ਇਹ ਫੈਸਲਾ ਸੁਣਾਇਆ ਅਤੇ ਕਿਹਾ ਕਿ ਭਾਰਤ ਸਰਕਾਰ ਅਜਿਹੇ ਆਈ ਓ ਏ ਨੂੰ ਮਾਨਤਾ ਨਹੀਂ ਦੇ ਸਕਦੀ, ਜਿਸ ਦਾ ਸੰਵਿਧਾਨ ਖੇਡ ਜ਼ਾਬਤੇ ਅਧੀਨ ਨਹੀਂ। ਅਦਾਲਤ ਦੇ ਫੈਸਲੇ ਦੇ ਕੁਝ ਸਮੇਂ ਬਾਅਦ ਆਈ ਓ ਏ ਨੇ ਬਿਆਨ ਜਾਰੀ ਕਰ ਕੇ ਕਿਹਾ ਕਿ ਬੱਤਰਾ ਨੂੰ ਪ੍ਰਧਾਨਗੀ ਅਹੁਦੇ ਤੋਂ ਹਟਾ ਦਿੱਤਾ ਗਿਆ ਹੈ ਅਤੇ ਅਨਿਲ ਖੰਨਾ ਕਾਰਜਕਾਰੀ ਪ੍ਰਧਾਨ ਹੋਣਗੇ।

# ਭਾਰਤ ਦੇ ਅੱਠ ਪ੍ਰਮੁੱਖ ਸ਼ਹਿਰਾਂ ਵਿੱਚ ਘਰਾਂ ਦੇ ਰੇਟ ਚੌਥੀ ਤਿਮਾਹੀ ਵਿੱਚ 11 ਫ਼ੀਸਦੀ ਤਕ ਵਧੇ

ਨਵੀਂ ਦਿੱਲੀ, 26 ਮਈ (ਪੋਸਟ ਬਿਊਰੋ)- ਭਾਰਤ ਦੇ ਅੱਠ ਪ੍ਰਮੁੱਖ ਸ਼ਹਿਰਾਂ ਵਿੱਚ ਜਨਵਰੀ-ਮਾਰਚ ਦੀ ਤਿਮਾਹੀ ਦੌਰਾਨ ਰਿਹਾਇਸ਼ੀ ਯੂਨਿਟਾਂ ਦੀਆਂ ਕੀਮਤਾਂ ਵਿੱਚ ਸਾਲਾਨਾ ਆਧਾਰ ਉੱਤੇ 11 ਫ਼ੀਸਦੀ ਤਕ ਵਾਧਾ ਦਰਜ ਕੀਤਾ ਗਿਆ ਹੈ। ਇਸ ਦੌਰਾਨ ਮੰਗ ਵਧਣ ਤੇ ਨਿਰਮਾਣ ਲਾਗਤ ਵਿੱਚ ਤੇਜ਼ ਵਾਧੇ ਨਾਲ ਘਰਾਂ ਦੀਆਂ ਕੀਮਤਾਂ ਵਧੀਆਂ ਹਨ।

ਰੀਅਲ ਅਸਟੇਟ ਡਿਵੈਲਪਰਾਂ ਦੇ ਸੰਗਠਨ ਕ੍ਰੇਡਾਈ, ਰੀਅਲ ਅਸਟੇਟ ਸਲਾਹਕਾਰ ਫ਼ਰਮ ਕੋਲੀਅਰਸ ਅਤੇ ਡਾਟਾ ਵਿਸ਼ਲੇਸ਼ਕ ਫ਼ਰਮ ਲਿਆਸੇ ਫ਼ੋਰਸ ਦੀ ਸਾਂਝੀ ਰਿਪੋਰਟ ਵਿੱਚ ਇਹ ਨਤੀਜਾ



ਕੱਢਿਆ ਗਿਆ ਹੈ। ਇਨ੍ਹਾਂ ਤਿੰਨਾਂ ਨੇ ਮਿਲ ਕੇ ਪਹਿਲੀ ਵਾਰ ਘਰਾਂ ਦੀਆਂ ਕੀਮਤਾਂ ਉੱਤੇ ਨਿਗਰਾਨੀ ਰੱਖਣ ਸਬੰਧੀ ਰਿਪੋਰਟ ਜਾਰੀ ਕੀਤੀ ਹੈ।ਰਿਪੋਰਟ ਮੁਤਾਬਕ ਦਿੱਲੀ-ਐਨ ਸੀ ਆਰ ਵਿੱਚ ਸੱਭ ਤੋਂ ਵੱਧ 11 ਫ਼ੀਸਦੀ ਕੀਮਤਾਂ ਵਧੀਆਂ ਤੇ ਜਨਵਰੀ-ਮਾਰਚ ਤਿਮਾਹੀ ਵਿੱਚ ਰਿਹਾਇਸ਼ੀ ਯੂਨਿਟਾਂਦੀ ਕੀਮਤ 7,363 ਰੁਪਏ ਪ੍ਰਤੀ ਵਰਗ ਫ਼ੁੱਟ ਤਕ ਪਹੁੰਚ ਗਈ। ਹੈਦਰਾਬਾਦ ਵਿੱਚ ਇੱਕ ਸਾਲ ਪਹਿਲਾਂ ਦੀ ਤੁਲਨਾ ਵਿੱਚ ਜਨਵਰੀ-ਮਾਰਚ 2022 ਦੀ ਮਿਆਦ ਵਿੱਚ ਰਿਹਾਇਸ਼ੀ ਯੂਨਿਟਾਂਦੀ ਕੀਮਤ 9 ਫ਼ੀਸਦੀ ਵੱਧ ਕੇ 9,232 ਰੁਪਏ ਵਰਗ ਫ਼ੁੱਟ ਹੋ ਗਈ। ਇਸ ਤਿਮਾਹੀ ਵਿੱਚ ਅਹਿਮਦਾਬਾਦ ਵਿੱਚ ਕੀਮਤਾਂ ਅੱਠ ਫ਼ੀਸਦੀ ਵੱਧ ਕੇ 5,721 ਰੁਪਏ ਵਰਗ ਫ਼ੁੱਟ ਅਤੇ ਕੋਲਕਾਤਾ ਵਿੱਚ 6 ਫ਼ੀਸਦੀ ਵਧ ਕੇ 6,245 ਰੁਪਏ ਵਰਗ ਫ਼ੁੱਟ ਹੋ ਗਈਆਂ।ਬੇਂਗਲੁਰੂ, ਚੇਨਈ ਅਤੇ ਮੁੰਬਈ ਮਹਾਨਗਰ ਖੇਤਰ ਵਿੱਚ ਘਰਾਂ ਦੀਆਂ ਕੀਮਤਾਂ ਵਿੱਚ ਸਿਰਫ਼ 1 ਫ਼ੀਸਦੀ ਦਾ ਵਾਧਾ ਦੇਖਿਆ ਗਿਆ।

# ਦਫ਼ਨਾਉਣ ਪਿੱਛੋਂ ਜਿੰਦਾ ਮਿਲੀ ਨਵਜੰਮੀ ਬੱਚੀ ਨੇ ਹਸਪਤਾਲ ਵਿੱਚ ਦਮ ਤੋੜਿਆ

ਸ਼੍ਰੀਨਗਰ, 26 ਮਈ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਦੇ ਰਾਮਬਨ ਦੇ ਇੱਕ ਹਸਪਤਾਲ ਵਿੱਚ ਜਨਮ ਤੋਂ ਤੁਰੰਤ ਬਾਅਦ ਮ੍ਰਿਤਕ ਐਲਾਨੀ ਗਈ ਬੱਚੀ ਦਫ਼ਨਾਉਣ ਦੇ ਇੱਕ ਘੰਟੇ ਬਾਅਦ ਜੀਉਂਦੀ ਹੋ ਗਈ ਪਰ ਕੱਲ੍ਹ ਇੱਥੇ ਹਸਪਤਾਲ ਵਿੱਚ ਉਸ ਨੇ ਦਮ ਤੋੜ ਦਿੱਤਾ, ਜਿਸ ਬਾਰੇ ਅਗਲੀ ਜਾਂਚ ਕੀਤੀ ਜਾ ਰਹੀ ਹੈ।

ਸਰਕਾਰੀ ਜੀ ਬੀ ਪੰਤ ਚਿਲਡਰਨ ਹਸਪਤਾਲ ਦੇ ਮੈਡੀਕਲ ਸੁਪਰਡੈਂਟ ਦੇ ਮੁਤਾਬਕ ਇਸ ਬੱਚੀ ਦੀ ਮੌਤ ਸਵੇਰੇ 6.30 ਵਜੇ ਨਿਓਨੇਟਲ ਇੰਟੈਂਸਿਵ ਯੂਨਿਟ ਵਿੱਚ ਹੋਈ। ਹੋਲਨ ਪਿੰਡ ਦੇ ਲੋਕਾਂ ਨੇ ਉਸ ਨੂੰ ਕਬਰਸਤਾਨ ਵਿੱਚ ਦਫ਼ਨਾਉਣ ਉੱਤੇ ਇਤਰਾਜ ਕੀਤਾ ਅਤੇ



ਪਰਵਾਰ ਉੱਤੇ ਕਬਰ ਪੁੱਟਣ ਦਾ ਦਬਾਅ ਪਾਇਆ। ਕਬਰ ਵਿੱਚੋਂ ਕੱਢਣ ਪਿੱਛੋਂ ਬੱਚੀ ਜਿੰਦਾ ਮਿਲੀ। ਚੌਧਰੀ ਨੇ ਦੱਸਿਆ ਕਿ ਬੱਚੀ ਦੇ ਸਾਹ ਚੱਲਦੇ ਦੇਖ ਕੇ ਕੱਲ੍ਹ ਸ਼੍ਰੀਨਗਰ ਦੇ ਇੱਕ ਹਸਪਤਾਲ ਦਾਖ਼ਲ ਕਰਵਾਇਆ ਗਿਆ। ਉਨ੍ਹਾਂ ਕਿਹਾ,"ਉਹ ਸਮੇਂ ਤੋਂ ਪਹਿਲਾਂ ਜਨਮੀ ਸੀ ਤੇ ਸਾਹ ਲੈਣ ਵਿੱਚ ਤਕਲੀਫ਼ ਸੀ। ਜਨਮ ਸਮੇਂ ਉਸ ਦਾ ਭਾਰ ਘੱਟ ਸੀ ਤੇ ਉਸ ਨੂੰ ਹਸਪਤਾਲ ਦੇ ਆਈ ਸੀ ਯੂ ਵਿੱਚ ਦਾਖ਼ਲ ਕੀਤਾ ਸੀ।"ਬੱਚੀ ਦੇ ਮਾਤਾ-ਪਿਤਾ ਬਸਾਰਤ ਅਹਿਮਦ ਗੁੱਜਰ ਅਤੇ ਸਮੀਮਾ ਬੇਗਮ ਹਨ। ਸਮੀਮਾ ਨੇ ਕੱਲ੍ਹ ਸਵੇਰੇ ਜੰਮੂ ਦੇ ਬਨਿਹਾਲ ਦੇ ਉਪ-ਜ਼ਿਲ੍ਹਾ ਹਸਪਤਾਲ ਵਿੱਚ ਨਾਰਮਲ ਡਿਲੀਵਰੀ ਦੇ ਜਰੀਏ ਬੱਚੀ ਨੂੰ ਜਨਮ ਦਿੱਤਾ ਸੀ।

# ਔਰਤ ਨੂੰ ਖਾਣ ਵਿੱਚੋਂ 2.08 ਕੈਰੇਟ ਦਾ ਹੀਰਾ ਮਿਲਿਆ

ਪੰਨਾ, 26 ਮਈ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੇ ਪੰਨਾ ਜ਼ਿਲ੍ਹੇ ਵਿੱਚ ਇੱਕ ਔਰਤ ਨੂੰ ਉਥਲੀ ਖਾਨ ਦੀ ਖੋਦਾਈ ਦੌਰਾਨ ਚਮਕਦਾਰ 2.08 ਕੈਰੇਟ ਦਾ ਹੀਰਾ ਮਿਲਣ ਨਾਲ ਉਸਦੀ ਕਿਸਮਤ ਚਮਕ ਗਈ ਹੈ।

ਇਸ ਹੀਰੇ ਦੀ ਅੰਦਾਜਨ ਕੀਮਤ 10 ਲੱਖ ਰੁਪਏ ਤਕ ਦੱਸੀ ਜਾ ਰਹੀ ਹੈ। ਹੀਰਾ ਦਫ਼ਤਰ ਪੰਨਾ ਦੇ ਅਧਿਕਾਰੀ ਨੇ ਦੱਸਿਆ ਕਿ ਪਿੰਡ ਇੰਟਰਵਾਕਲਾ ਦੀ ਚਮੇਲੀ ਬਾਈ ਨੂੰ ਪਿੱਛੇ ਜਿਹੇ ਕ੍ਰਿਸਨਾ ਕਲਿਆਣਪੁਰ ਪੱਟੀ ਦੀ ਉਥਲੀ ਹੀਰਿਆਂ ਦੀ ਖਾਨ ਵਿੱਚੋਂ 2.08 ਕੈਰਟ ਦਾ ਹੀਰਾ ਮਿਲਿਆ ਹੈ। ਉਸ ਨੇ ਇਹ ਖਾਣ ਲੀਜ਼ (ਪੱਟੇ) ਉੱਤੇ ਲਈ ਸੀ। ਉਨ੍ਹਾਂ ਦੱਸਿਆ ਕਿ ਔਰਤ ਨੇ ਕੱਲ੍ਹ ਇਹ ਹੀਰਾ ਇੱਥੋਂ ਦੇ ਹੀਰਾ



ਦਫ਼ਤਰ ਵਿੱਚ ਜਮ੍ਹਾਂ ਕਰਾਇਆ। ਇਹ ਉਜਲ ਕਿਸਮ ਦਾ ਹੀਰਾ ਹੈ ਤੇ ਅੱਗੇ ਆਉਣ ਵਾਲੀ ਹੀਰਿਆਂ ਦੀ ਨਿਲਾਮੀ ਵਿੱਚ ਇਸਦੀ ਨਿਲਾਮੀ ਕੀਤੀ ਜਾਵੇਗੀ।ਨਿਲਾਮੀ ਪਿੱਛੋਂ 12 ਫ਼ੀਸਦੀ ਰਾਇਲਟੀ ਕੱਟ ਕੇ ਬਾਕੀ ਰਕਮ ਹੀਰਾ ਲੱਭਣ ਵਾਲੀ ਔਰਤ ਨੂੰ ਦਿੱਤੀ ਜਾਵੇਗੀ। ਔਰਤ ਦੇ ਪਤੀ ਨੇ ਕਿਹਾ ਕਿ ਉਹ ਹੀਰਿਆਂ ਦੀ ਨਿਲਾਮੀ ਤੋਂ ਮਿਲੇ ਪੈਸਿਆਂ ਨਾਲ ਉਹ ਪੰਨਾ ਵਿੱਚ ਜ਼ਮੀਨ ਖਰੀਦ ਕੇ ਆਪਣਾ ਘਰ ਬਣਾਵੇਗਾ।

# ਪੱਛਮੀ ਬੰਗਾਲ ’ਚ ਭਾਜਪਾ ਦੇ 20 ਆਗੂਆਂ ਦਾ ਅਹੁਦੇ ਤੋਂ ਅਸਤੀਫਾ



ਜਲਪਾਇਗੁੜੀ, 26 ਮਈ (ਪੋਸਟ ਬਿਊਰੋ)- ਭਾਜਪਾ ਪਾਰਲੀਮੈਂਟ ਮੈਂਬਰ ਅਰਜੁਨ ਸਿੰਘ ਦੇ ਫਿਰ ਤ੍ਰਿਣਮੂਲ ਕਾਂਗਰਸ ਵਿੱਚ ਜਾਣ ਦੇ ਕੁਝ ਦਿਨਾਂ ਮਗਰੋਂ ਪੱਛਮੀ ਬੰਗਾਲ ਦੇ ਜਲਪਾਈਗੁੜੀ ਵਿੱਚ ਭਾਜਪਾ ਦੇ ਘੱਟੋ-ਘੱਟ 20 ਨੇਤਾਵਾਂ ਨੇ ਜ਼ਿਲ੍ਹਾ ਲੀਡਰਸ਼ਿਪ ਉੱਤੇ ਸਥਾਨਕ ਪੈਨਲ ਵਿੱਚ ਸ਼ਾਮਲ ਕਰਨ ਲਈ ਪੈਸੇ ਲੈਣ ਦਾ ਦੋਸ਼ ਲਾ ਕੇ ਪਾਰਟੀ ਅਹੁਦਿਆਂ ਤੋਂ ਅਸਤੀਫੇ ਦੇ ਦਿੱਤੇ ਹਨ। ਇਹ ਜਾਣਕਾਰੀ ਕੱਲ੍ਹ ਪਾਰਟੀ ਦੇ ਇੱਕ ਅਹੁਦੇਦਾਰ ਨੇ ਦਿੱਤੀ ਹੈ।

ਜਲਪਾਈਗੁੜੀ ਜ਼ਿਲ੍ਹੇ ਦੇ ਜਨਰਲ ਸੈਕਟਰੀ ਅਮਲ ਰੌਏ ਸਣੇ ਨਾਰਾਜ਼ ਨੇਤਾਵਾਂ ਦਾ ਦਾਅਵਾ ਹੈ ਕਿ ਜਿਨ੍ਹਾਂ ਲੋਕਾਂ ਨੇ ਪਾਰਟੀ ਦਾ ਕੰਮ ਕੀਤਾ ਅਤੇ ਸੂਬੇ ਵਿੱਚ ਚੋਣਾਂ ਮਗਰੋਂ ਹਿੰਸਾ ਨੂੰ ਬਰਦਾਸ਼ਤ ਕੀਤਾ, ਉਨ੍ਹਾਂ ਨੂੰ ਨਵੇਂ ਬਣੇ ਮੈਨਾਪੁਰੀ ਦੱਖਣੀ ਮੰਡਲ ਕਮੇਟੀ ਵਿੱਚ ਜਗ੍ਹਾ ਨਹੀਂ ਮਿਲੀ।ਰੌਏ ਨੇ ਦੋਸ਼ ਲਾਇਆ ਕਿ ਹਾਲ ਵਿੱਚ ਹੀ ਜਿਨ੍ਹਾਂ ਲੋਕਾਂ ਨੂੰ ਸਥਾਨਕ ਪੈਨਲ ਵਿੱਚ ਸ਼ਾਮਲ ਕੀਤਾ ਗਿਆ ਹੈ, ਉਨ੍ਹਾਂ ਤੋਂ ਇਸ ਦੇ ਬਦਲੇ ਪੈਸੇ ਲਏ ਗਏ ਹਨ। ਉਨ੍ਹਾਂ ਦਾਅਵਾ ਕੀਤਾ, ‘‘ਨਾਰਾਜ਼ ਨੇਤਾਵਾਂ ਨੇ ਜ਼ਿਲ੍ਹਾ ਮੁਖੀ ਨੂੰ ਆਪਣੇ ਅਸਤੀਫੇ ਸੌਂਪ ਦਿੱਤੇ ਹਨ।’’ਦੂਜੇ ਪਾਸੇ ਜਲਪਾਈਗੁੜੀ ਜ਼ਿਲ੍ਹਾ ਪ੍ਰਧਾਨ ਬਾਪੀ ਗੋਸਵਾਮੀ ਨੇ ਦੋਸ਼ਾਂ ਬਾਰੇ ਕੋਈ ਟਿੱਪਣੀ ਤੋਂ ਇਨਕਾਰ ਕਰ ਦਿੱਤਾ ਤੇ ਭਾਜਪਾ ਦੇ ਬੁਲਾਰੇ ਸ਼ਾਮਿਕ ਭੱਟਾਚਾਰੀਆ ਨੇ ਪੈਸੇ ਲੈ-ਕੇ ਕਮੇਟੀ ਵਿੱਚ ਨਵੇਂ ਮੈਂਬਰ ਸ਼ਾਮਲ ਕਰਨ ਦੇ ਦੋਸ਼ਾਂ ਤੋਂ ਇਨਕਾਰ ਕੀਤਾ, ਪਰ ਇਹ ਮੰਨਿਆ ਕਿ ‘ਸੰਗਠਨ ਵਿੱਚ ਕੁਝ ਮਤਭੇਦ ਹਨ।’ ਉਨ੍ਹਾਂ ਕਿਹਾ ਕਿ ਪਾਰਟੀ ਮਾਮਲੇ ਉੱਤੇ ਗੌਰ ਕਰੇਗੀ ਅਤੇ ਛੇਤੀ ਹੀ ਸਮੱਸਿਆ ਦਾ ਹੱਲ ਕੀਤਾ ਜਾਵੇਗਾ।

# ਡੀ.ਸੀ. ਅਤੇ ਐਸ.ਐਸ.ਪੀ. ਨੇ ਉਦਯੋਗਪਤੀਆਂ ਨਾਲ ਕੀਤੀ ਮੀਟਿੰਗ, ਹੁਨਰ-ਮੰਦ ਮਾਨਵੀ ਸ਼ਕਤੀ ਦੀ ਲੋੜ ਅਤੇ ਕਾਨੂੰਨ ਤੇ ਵਿਵਸਥਾ ਬਾਰੇ ਸੁਝਾਅ ਮੰਗੇ

ਨਵਾਂਸ਼ਹਿਰ 26 ਮਈ (ਗਿਆਨ ਸਿੰਘ)- ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਅਤੇ ਸੀਨੀਅਰ ਪੁਲਿਸ ਕਪਤਾਨ ਸੰਦੀਪ ਕੁਮਾਰ ਸ਼ਰਮਾ ਨੇ ਸ਼ਹੀਦ ਭਗਤ ਸਿੰਘ ਨਗਰ ਦੇ ਉਦਯੋਗਿਕ ਪ੍ਰਤੀਨਿਧੀਆਂ ਨਾਲ ਮੀਟਿੰਗ ਕੀਤੀ ਅਤੇ ਮਾਨਵੀ ਸ਼ਕਤੀ ਦੀ ਲੋੜ, ਅਮਨ-ਕਾਨੂੰਨ ਵਿੱਚ ਸੁਧਾਰ ਅਤੇ ਹੋਰ ਕੰਮਾਂ ਲਈ ਉਨਾਂ ਤੋਂ ਸੁਝਾਅ ਮੰਗੇ।

ਜ਼ਿਲਾ ਪ੍ਰਬੰਧਕੀ ਕੰਪਲੈਕਸ ਵਿਖੇ ਸਨਅਤੀ ਪ੍ਰਤੀਨਿਧਾਂ ਅਤੇ ਵੱਖ-ਵੱਖ ਵਿਭਾਗਾਂ ਦੇ ਮੁਖੀਆਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਅਤੇ ਸੀਨੀਅਰ ਪੁਲਿਸ ਕਪਤਾਨ ਨੇ ਬੇਰੋਜ਼ਗਾਰ ਨੌਜਵਾਨਾਂ ਨੂੰ, ਉਨਾਂ ਦੇ ਕੰਮਾਂ ਦੀ ਪ੍ਰਕਿਰਤੀ ਅਤੇ ਲੋੜ ਅਨੁਸਾਰ ਹੁਨ-ਰਮੰਦ ਬਣਾ ਕੇ ਰੋਜ਼ਗਾਰ ਦੇ ਮੌਕੇ ਯਕੀਨੀ ਬਣਾਉਣ ਲਈ ਉਨਾਂ ਦੀ ਸਰਗਰਮ ਸ਼ਮੂਲੀਅਤ ਦੀ ਮੰਗ ਕੀਤੀ।

ਐਨ.ਪੀ.ਐਸ.ਰੰਧਾਵਾ ਨੇ ਉਦਯੋਗਪਤੀਆਂ ਨੂੰ ਕਿਹਾ ਕਿ ਉਨਾਂ ਨੂੰ ਜਿਸ ਕਿਸਮ ਦੇ ਹੁਨਰਮੰਦ ਕਾਮਿਆਂ ਦੀ ਲੋੜ ਹੈ, ਇਸ ਸਬੰਧੀ ਡਾਟਾ ਮੁਹੱਈਆ ਕਰਵਾਉਣ ਤਾਂ ਜੋ ਪ੍ਰਸ਼ਾਸਨ ਉਸ ਅਨੁਸਾਰ ਕੰਮ ਕਰ ਸਕੇ ਅਤੇ ਹੁਨਰ ਵਿਕਾਸ ਕੇਂਦਰਾਂ ਵਿੱਚ ਨਵੇਂ ਕੋਰਸ ਸ਼ੁਰੂ ਕੀਤੇ ਜਾ ਸਕਣ। ਡਿਪਟੀ ਕਮਿਸ਼ਨਰ ਨੇ ਇਸ ਗੱਲ ’ਤੇ ਜ਼ੋਰ ਦਿੱਤਾ ਕਿ ਪ੍ਰਸ਼ਾਸਨ ਅਤੇ ਉਦਯੋਗਪਤੀਆਂ ਦੇ ਸਾਂਝੇ ਯਤਨਾਂ ਨਾਲ ਸੂਬੇ ਵਿੱਚੋਂ ਬੇਰੋਜ਼ਗਾਰੀ ਨੂੰ ਨੱਥ ਪਾਈ ਜਾ ਸਕਦੀ ਹੈ ਅਤੇ ਨੌਕਰੀਆਂ ਦੀ ਭਾਲ ਕਰਨ ਵਾਲੇ ਨੌਜਵਾਨਾਂ ਲਈ ਵੱਧ ਤੋਂ ਵੱਧ ਰੋਜ਼ਗਾਰ ਦੇ ਮੌਕੇ ਪੈਦਾ ਕੀਤੇ ਜਾ ਸਕਦੇ ਹਨ।



ਉਨਾਂ ਜ਼ਿਲਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ (ਡੀ.ਬੀ.ਈ.ਈ.) ਨੂੰ ਨਿਰਦੇਸ਼ ਦਿੱਤੇ ਕਿ ਉਦਯੋਗਪਤੀਆਂ ਦੀਆਂ ਲੋੜਾਂ ਬਾਰੇ ਰਿਪੋਰਟ ਤਿਆਰ ਕਰਕੇ ਉੱਚ ਅਧਿਕਾਰੀਆਂ ਨੂੰ ਭੇਜੀ ਜਾਵੇ ਤਾਂ ਜੋ ਪ੍ਰਸ਼ਾਸਨ ਸਥਾਨਕ ਉਦਯੋਗਾਂ ਦੀਆਂ ਲੋੜਾਂ ਅਨੁਸਾਰ ਹੁਨਰੀ ਸਿਖਲਾਈ ਪ੍ਰੋਗਰਾਮ ਨੂੰ ਅੰਤਮ ਰੂਪ ਦੇ ਸਕੇ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪ੍ਰਸ਼ਾਸਨ ਵੱਲੋਂ ਪਹਿਲਾਂ ਹੀ ਖਟਕੜ ਕਲਾਂ ਅਤੇ ਜ਼ਿਲੇ ਦੇ ਹੋਰ ਹਿੱਸਿਆਂ ਵਿੱਚ ਹੁਨਰ ਕੇਂਦਰ ਖੋਲਣ ਦੀ ਪ੍ਰਕਿਰਿਆ ਚੱਲ ਰਹੀ ਹੈ ਅਤੇ ਨੌਜਵਾਨਾਂ ਨੂੰ ਉਨਾਂ ਦੀ ਇੱਛਾ ਅਨੁਸ-ਾਰ ਹੁਨਰਮੰਦ ਅਤੇ ਸਿੱਖਿਅਤ ਮਨੁੱਖੀ ਸ਼ਕਤੀ ਬਣਾਉਣ ਲਈ ਮਾਹਿਰਾਂ ਵੱਲੋਂ ਸਿਖਲਾਈ ਦਿੱਤੀ ਜਾਵੇਗੀ।

ਇਸ ਦੌਰਾਨ ਸੀਨੀਅਰ ਪੁਲਿਸ ਕਪਤਾਨ ਸੰਦੀਪ ਕੁਮਾਰ ਸ਼ਰਮਾ ਨੇ ਉਦਯੋਗਪਤੀਆਂ ਤੋਂ ਆਪਣੇ ਯੂਨਿਟਾਂ ਵਿੱਚ ਨਿਰਵਿਘਨ ਕੰਮਕਾਜ ਨੂੰ ਯਕੀਨੀ ਬਣਾਉਣ ਲਈ ਆਵਾਜਾਈ ਅਤੇ ਕਾਨੂੰਨ ਵਿਵਸਥਾ ਵਿੱਚ ਹੋਰ ਸੁਧਾਰ ਕਰਨ ਲਈ ਸੁਝਾਅ ਮੰਗੇ। ਉਨਾਂ ਕਿਹਾ ਕਿ ਪੁਲਿਸ ਉਨਾਂ ਨੂੰ ਸੁਰੱਖਿਅਤ ਮਾਹੌਲ ਪ੍ਰਦਾਨ ਕਰਨ ਲਈ ਵਚਨਬੱਧ ਹੈ। ਉਨਾਂ ਕਿਹਾ ਕਿ ਮੀਟਿੰਗ ਦਾ ਉਦੇਸ਼ ਪ੍ਰਸ਼ਾਸਨ ਅਤੇ ਉਦਯੋਗ ਵਿਚਲੇ ਪਾੜੇ ਨੂੰ ਪੂਰਨਾ ਹੈ।

ਡਿਪਟੀ ਕਮਿਸ਼ਨਰ ਅਤੇ ਸੀਨੀਅਰ ਪੁਲਿਸ ਕਪਤਾਨ ਦੋਵਾਂ ਨੇ ਭਰੋਸਾ ਦਿਵਾਇਆ ਕਿ ਉਦਯੋਗਪਤੀਆਂ ਦੇ ਸਾਰੇ ਮਸਲੇ ਜਲਦੀ ਹੱਲ ਕੀਤੇ ਜਾਣਗੇ।

ਇਸ ਮੌਕੇ ਸਹਾਇਕ ਕਮਿਸ਼ਨਰ ਦੀਪਾਂਕਰ ਗਰਗ, ਜੀ ਐਮ ਡੀ ਆਈ ਸੀ ਅਰਸ਼ਜੀਤ ਸਿੰਘ ਆਦਿ ਹਾਜ਼ਰ ਸਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ ’ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769

WWW.KULWINDERCHHINA.COM
MULTI AWARD WINNER
REALTOR



KULWINDERCHHINA
BROKER
647.293.2327

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਘਨੌਆ

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਉ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਲੜਕੀ ਦੀ ਲੋੜ

ਲੁਬਾਣਾ ਸਿੱਖ ਲੜਕਾ, ਕੱਦ 5 ਫੁੱਟ 8 ਇੰਚ, ਉਮਰ 33 ਸਾਲ, ਗੋਰਾ ਰੰਗ, ਕਲੀਨ ਸ਼ੇਵਨ ਲਈ ਇਕ ਸੁੰਦਰ ਤੇ ਸੁਸ਼ੀਲ ਲੜਕੀ ਦੀ ਲੋੜ ਹੈ, ਜੋ ਕਿ ਕੈਨੇਡਾ ਵਿਚ ਰਹਿੰਦੀ ਹੋਵੇ। ਲੜਕਾ ਇਟਲੀ ਦਾ ਸਿਟੀਜਨ ਹੈ ਅਤੇ ਅੱਜਕੱਲ੍ਹ ਕੈਨੇਡਾ ਵਿਚ ਵਰਕ ਪਰਮਿਟ ਉਤੇ ਕੰਮ ਕਰ ਰਿਹਾ ਹੈ। ਸੰਪਰਕ:- 647-449-6746 (ਰਮਨੀਕ), ਈ ਮੇਲ - info4ramnik@yahoo.ca

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5’11’’, B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5’’8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal
Co-Host
Iqbal Mahal
Producer & Host
Serving the South Asian Community Since 1976

ਦੇਖੋ ਮਾਲਿਸ਼ ਦਾ ਕਮਾਲ
ਪਿੱਠ, ਗੋਡੇ, ਮੋਢੇ, ਧੋਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪ੍ਰੇਸ਼ਾਨ ਹੋ ਤਾਂ ਇਕ ਨਾਮ ਨੋਟ ਕਰੋ: ਸ. ਕੇਵਲ ਸਿੰਘ Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨਾਂ ਕਿਸੇ ਦਵਾਈ ਦਿੱਤਿਆਂ ਮਾਲਿਸ਼ ਨਾਲ ਦੋ ਦਿਨ ਵਿਚ ਘੋੜੇ ਵਾਂਗੂ ਕਰ ਦਿੰਦੇ ਹਨ। ਕਿੰਨੇ VIP ਲੋਕ ਇਨ੍ਹਾਂ ਦੇ ਹੱਥੋਂ ਮਾਲਿਸ਼ ਕਰਵਾ ਕੇ ਨੌ ਬਰ ਨੌ ਹੋ ਗਏ ਹਨ। ਜਿਆਦਾ ਜਾਣਕਾਰੀ ਲਈ ਕਾਲ ਕਰੋ:
647-927-2049

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ ’ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5’11’’ ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5’9’’, ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5’9’’ ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

## ਕੇਅਰ ਗਿਵਰ ਦੀ ਲੋੜ



ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। ‘PR’ ਲਈ ਮੱਦਦ ਕੀਤੀ ਜਾਵੇਗੀ। Location ‘Winnipeg, MB’ ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:

**204-333-9000, 416-818-3777**

## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. 33 ਸਾਲਾ, 5 ਫੁੱਟ 6 ਇੰਚ ਸਿੱਖ ਕੰਬੋਜ ਲੜਕੀ ਲਈ ਯੋਗ ਵਰ ਦੀ ਲੋੜ ਹੈ। ਲੜਕੀ ਨੇ ਭਾਰਤ ਤੋਂ ਬੀ.ਡੀ.ਐੱਸ. ਡਿਗਰੀ ਕੀਤੀ ਹੈ ਅਤੇ ਕੈਨੇਡਾ ਆ ਕੇ ਡੈਂਟਲ ਹਾਈਜੀਨ ਦਾ ਕੋਰਸ ਕੀਤਾ ਹੈ। ਅਣਭੋਲ ਹਾਲਾਤ ਵਿਚ ਉਸ ਦਾ ਡਾਈਵੋਰਸ ਹੋ ਚੁੱਕਾ ਹੈ ਅਤੇ ਉਹ ਆਪਣਾ ਗ੍ਰਹਿਸਤੀ ਜੀਵਨ ਨਵੇਂ ਸਿਰਿਉਂ ਆਰੰਭ ਕਰਨਾ ਚਾਹੁੰਦੀ ਹੈ। ਜ਼ਾਤ-ਪਾਤ ਦਾ ਕੋਈ ਬੰਧਨ ਨਹੀਂ। ਇਸ ਸਬੰਧੀ ਫ਼ੋਨ 226-627-0048 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5’11’’ ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5’1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5’2’’ ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ ’ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

# ਰੂਸ-ਯੂਕਰੇਨ ਜੰਗ ਦੇ ਅਣਕਿਆਸੇ ਨਤੀਜੇ

ਮਨੀਸ਼ ਤਿਵਾੜੀ

ਤੁਸੀਂ ਜੰਗ ਸ਼ੁਰੂ ਕਰ ਸਕਦੇ ਹੋ, ਪਰ ਨਿਸ਼ਚਿੰਤ ਰਹੋ ਕਿ ਕੋਈ ਹੋਰ ਇਸ ਨੂੰ ਤੁਹਾਡੇ ਲਈ ਖ਼ਤਮ ਕਰ ਦੇਵੇਗਾ ਅਤੇ ਨਿਸ਼ਚਿਤ ਤੌਰ ਉੱਤੇ ਤੁਹਾਡੀਆਂ ਸ਼ਰਤਾਂ ਉੱਤੇ ਨਹੀਂ। ਇਹ ਉਹ ਸਥਿਤੀ ਹੈ, ਜਿਸ ਦਾ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਸਾਹਮਣਾ ਕਰ ਰਹੇ ਹਨ, ਕਿਉਂਕਿ ਯੂਕਰੇਨ ਉੱਤੇ ਰੂਸੀ ਹਮਲਾ 24 ਮਈ 2022 ਨੂੰ ਤਿੰਨ ਮਹੀਨੇ ਪੂਰੇ ਕਰ ਰਿਹਾ ਹੈ।ਰਾਸ਼ਟਰਪਤੀ ਪੁਤਿਨ ਨੇ ਸਾਫ ਤੌਰ ਉੱਤੇ ਨਹੀਂ ਪੜ੍ਹਿਆ ਜਾਂ ਉਸ ਕੇਸ ਵਿੱਚ ਚੀਨੀ ਮਾਹਰ ਰਣਨੀਤੀਕਾਰ ਸਨ ਤਜ਼ੂ ਦੇ ਡੂੰਘੇ ਗਿਆਨ ਨੂੰ ਸਮਝਿਆ, ਜਿਨ੍ਹਾਂ ਨੇ ਪੰਜਵੀਂ ਸ਼ਤਾਬਦੀ ਈਸਾ ਪੂਰਬ ਵਿੱਚ ਆਪਣੇ ਗ੍ਰੰਥ ਵਿੱਚ ਜੰਗੀ ਕਲਾ ਦੇ ਬਾਰੇ ਲਿਖਿਆ ਸੀ ਕਿ 'ਸਭ ਤੋਂ ਵੱਡੀ ਜਿੱਤ ਉਹ ਹੈ, ਜਿਸ ਲਈ ਜੰਗ ਦੀ ਲੋੜ ਨਹੀਂ' ਅਤੇ 'ਸਿਆਣਾ ਯੋਧਾ ਲੜਾਈ ਤੋਂ ਬਚਦਾ ਹੈ।' ਜੇ ਰਾਸ਼ਟਰਪਤੀ ਪੁਤਿਨ ਦਾ ਯੂਕਰੇਨ ਉੱਤੇ ਹਮਲਾ ਕਰਨ ਦਾ ਮਕਸਦ ਉੱਤਰੀ ਅਟਲਾਂਟਿਕ ਸੰਧੀ ਗੱਠਜੋੜ (ਨਾਟੋ) ਦੇ ਪੂਰਬ ਵੱਲ ਵਧਣ ਨੂੰ ਰੋਕਣਾ ਅਤੇ ਰੂਸ ਦੇ ਲਾਭ ਲਈ ਯੂਰਪੀ ਸੁਰੱਖਿਆ ਵਾਸਤੂਕਲਾ ਨੂੰ ਮੁੜ ਤੋਂ ਸਥਾਪਤ ਕਰਨਾ ਸੀ, ਤਾਂ ਉਨ੍ਹਾਂ ਨੇ ਬਿਲਕੁਲ ਉਲਟ ਸਿੱਟਾ ਹਾਸਲ ਕੀਤਾ ਹੈ।

ਸਾਲ 2007 ਵਿੱਚ ਮਿਊਨਿਖ ਸੁਰੱਖਿਆ ਸਿਖਰ ਸੰਮੇਲਨ ਵਿੱਚ ਪੁਤਿਨ ਨੇ ਨਾਟੋ ਦੇ ਪੂਰਬ ਵੱਲ ਵਿਸਥਾਰ ਬਾਰੇ ਸਪੱਸ਼ਟ ਤੌਰ ਉੱਤੇ ਇਤਰਾਜ਼ ਕੀਤਾ ਸੀ ਕਿ ''ਨਾਟੋ ਦੇ ਵਿਸਥਾਰ ਦਾ ਗੱਠਜੋੜ ਦੇ ਆਧੁਨਿਕੀਕਰਨ ਜਾਂ ਯੂਰਪ ਵਿੱਚ ਸੁਰੱਖਿਆ ਯਕੀਨੀ ਬਣਾਉਣ ਨਾਲ ਕੋਈ ਸੰਬੰਧ ਨਹੀਂ। ਇਸ ਦੇ ਉਲਟ ਇਹਗੰਭੀਰ ਉਤੇਜਨਾ ਦੀ ਪ੍ਰਤੀਨਿਧਤਾ ਕਰਦਾ ਹੈ, ਜੋ ਆਪਸੀ ਵਿਸ਼ਵਾਸ ਦੇ ਪੱਧਰ ਨੂੰ ਘਟਾਉਂਦੀ ਹੈ।

ਯੂ ਐੱਨ ਦੇ ਉਲਟ ਨਾਟੋ ਇੱਕ ਯੂਨੀਵਰਸਲ ਸੰਗਠਨ ਨਹੀਂ, ਇਹ ਸਭ ਤੋਂ ਪਹਿਲ ਅਤੇ ਸਭ ਤੋਂ ਮਹੱਤਵਪੂਰਨ ਫੌਜੀ ਅਤੇ ਸਿਆਸੀ ਗੱਠਜੋੜ ਹੈ, ਫੌਜੀ ਅਤੇ ਸਿਆਸੀ। ਆਪਣੀ ਸੁਰੱਖਿਆ ਯਕੀਨੀ ਬਣਾਉਣਾ ਕਿਸੇ ਵੀ ਪ੍ਰਭੂਸੱਤਾ ਵਾਲੇ ਦੇਸ਼ ਦਾ ਅਧਿਕਾਰ ਹੈ। ਅਸੀਂ ਇਸ ਦੇ ਵਿਰੁੱਧਬਹਿਸ ਨਹੀਂ ਕਰ ਰਹੇ। ਬੇਸ਼ੱਕ ਅਸੀਂ ਇਸ ਉੱਤੇ ਇਤਰਾਜ਼ ਨਹੀਂ ਕਰ ਰਹੇ, ਪਰ ਇਸ ਵਿਸਥਾਰ ਦੌਰਾਨ ਸਾਡੀਆਂ ਸਰਹੱਦਾਂ ਉੱਤੇ ਫੌਜੀ ਮੁੱਢਲੇ ਢਾਂਚੇ ਨੂੰ ਰੱਖਣਾ ਕਿਉਂ ਜ਼ਰੂਰੀ ਹੈ?''

ਪੁਤਿਨ ਦਾ ਇਹ 2007 ਦਾ ਭਾਸ਼ਣ ਅਮਰੀਕਾ ਦੀ ਅਗਵਾਈ ਵਾਲੀ ਇੱਕ ਧਰੁਵੀ ਪ੍ਰਣਾਲੀ ਦੇ ਸਭ ਤੋਂ ਸਖ਼ਤ ਖੰਡਨ ਦੀ ਪ੍ਰਤੀਨਿਧਤਾ ਕਰਦਾ ਹੈ, ਜੋ 1989 ਵਿੱਚ ਬਰਲਿਨ ਜੰਗ ਦੇ ਪਤਨ ਪਿੱਛੋਂ ਕੌਮਾਂਤਰੀ ਵਿਵਸਥਾ ਦਾ ਕੇਂਦਰਬਿੰਦੂ ਬਣ ਗਿਆ ਸੀ। ਉਸ ਪਿੱਛੋਂ ਦੇ ਕਾਰਜਾਂ ਵਿੱਚ ਅਗਸਤ 2008 ਵਿੱਚ ਜਾਰਜੀਆ ਉੱਤੇ ਹਮਲਾ ਜਾਂ ਛੇ ਸਾਲ ਬਾਅਦ ਯੂਕਰੇਨ ਵਿਰੁੱਧ ਵਿਆਪਕ ਫੌਜੀ ਮੁਹਿੰਮ, ਜਿਸ ਨਾਲ ਰੂਸ ਨੇ ਕ੍ਰੀਮੀਆ ਅਤੇ ਪੂਰਬੀ ਯੂਕਰੇਨ ਦੇ ਡੋਨਬਾਸ ਇਲਾਕੇ ਦੇ ਵੱਡੇ ਇਲਾਕਿਆਂ ਉੱਤੇ ਕਬਜ਼ਾ ਕਰ ਲਿਆ ਤੇ ਇਸ ਉੱਤੇ ਪ੍ਰਿਡਨੇਸਟ੍ਰੋਵੀਅਨ ਰਿਪਬਲਿਕ (ਪੀ ਐੱਮ ਆਰ) ਵਿੱਚ ਵਧ ਗਈ। ਇਹ ਸਾਰੇ ਪੱਛਮੀ ਗੱਠਜੋੜ ਦੀ 'ਲਾਲ ਰੇਖਾ' ਦਾ ਪ੍ਰੀਖਣ ਕਰਨ



ਲਈ ਡਿਜ਼ਾਈਨ ਕੀਤੇ ਗਏ ਸਨ।ਪੱਛਮ ਨੇ ਮਾਸਕੋ ਵੱਲੋਂ ਭੂਮੀ ਹੜੱਪਣ ਦੀ ਇਸ ਕਾਰਵਾਈ ਉੱਤੇ ਪ੍ਰਤੀਕਿਰਿਆ ਨਾ ਕਰਨ ਦਾ



ਫੈਸਲਾ ਕੀਤਾ। ਸੀਰੀਆ ਵਿੱਚ ਰੂਸੀ ਸਫਲਤਾਵਾਂ ਨੇ ਇਹ ਯਕੀਨੀ ਕਰਨ ਵਿੱਚ ਕਿ ਅਸਦ ਸ਼ਾਸਨ ਸੱਤਾ ਵਿੱਚ ਰਹਿੰਦਾ ਹੈ, ਨਾਲ ਹੀ ਅਗਸਤ 2021 ਵਿੱਚ ਅਫਗਾਨਿਸਤਾਨ ਵਿੱਚੋਂ ਨਿਰਾਦਰਯੋਗ ਅਮਰੀਕੀ ਵਾਪਸੀ ਨੇ ਕ੍ਰੈਮਲਿਨ ਵਿੱਚ ਭਾਸ਼ਣ ਨੂੰ ਉਸ ਦੇ ਅਗਲੇ ਘਟੀਆ ਖਾਰੇ ਲਈ ਮੰਚ ਤਿਆਰ ਕਰਨ ਨੂੰ ਪ੍ਰੇਰਿਤ ਕੀਤਾ।ਹਾਲਾਂਕਿ ਇਹ ਉਹ ਥਾਂ ਹੈ ਜਿੱਥੇ ਪੁਤਿਨ ਨੇ ਬਲ ਪ੍ਰਦਰਸ਼ਨ ਲਈ ਗਲਤ ਗਣਨਾ ਕੀਤੀ। ਜੇ ਪੁਤਿਨ ਨੇ ਯੂਕਰੇਨ ਦੀਆਂ ਸਰਹੱਦਾਂ ਉੱਤੇ ਆਪਣੀ ਫੌਜ ਦਾ ਕੈਂਪ ਰੱਖਿਆ ਹੁੰਦਾ ਤੇ ਆਪਣੇ ਜ਼ਮੀਨੀ ਪੱਧਰ ਦੇ ਕਮਾਂਡਰਾਂ ਨੂੰ ਯੂਕਰੇਨ ਵਿੱਚ ਉਥਲ-ਪੁਥਲ ਕਰਨ ਦੀ ਇਜਾਜ਼ਤ ਦਿੱਤੀ ਹੁੰਦੀ, ਜਿਸ ਨਾਲ ਇਰਾਦੇ ਅਤੇ ਸੰਕਲਪ ਦੋਵਾਂ ਦਾ ਪ੍ਰਦਰਸ਼ਨ ਹੁੰਦਾ ਤਾਂ ਉਹ ਮੌਜੂਦਾ ਤਬਾਹੀ ਦੀ ਤੁਲਨਾ ਵਿੱਚ ਯੂਰਪੀ ਸੁਰੱਖਿਆ ਵਾਸਤੂਕਲਾ ਨੂੰ ਆਪਣੇ ਲਾਭ ਲਈ ਵੱਧ ਨਿਪੁੰਨਤਾ ਨਾਲ ਮੁੜ ਸਥਾਪਤ ਕਰਨ ਵਿੱਚ ਸਫਲ ਹੋ ਸਕਦੇ ਸਨ। ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਯੂਕਰੇਨ ਇੱਕ ਸ਼ਤਰੰਜ ਦੇ ਟੁਕੜੇ ਤੋਂ ਵੱਧ ਕੁਝ ਨਹੀਂ ਤੇ ਉਹ ਵੀ ਇੱਕ ਧਰੁਵੀ ਵਿਸ਼ਵ ਵਿਵਸਥਾ ਨੂੰ ਆਕਾਰ ਦੇਣ ਲਈ ਵੱਡੀ ਰਣਨੀਤਕ ਮੁਕਾਬਲੇਬਾਜ਼ੀ ਵਿੱਚ ਮੋਹਰਾ ਹੈ, ਜੋ ਘੱਟ ਤੋਂ ਘੱਟ 2008 ਤੋਂ ਕੰਮ ਕਰ ਰਿਹਾ ਹੈ, ਉਹ ਸਾਲ ਜਦੋਂ ਮਹਾਨ ਆਰਥਿਕ ਮੰਦੀ ਆਈ ਸੀ। ਯੂਕਰੇਨ ਦੇ ਹਿੱਤਾਂ ਦੀ ਕੁਰਬਾਨੀ, ਜਿਸ ਦੀ ਕਿਸਮਤ ਕਿਸੇ ਵੀ ਕੇਸ ਵਿੱਚ ਪੱਛਮ ਵੱਲ ਦੀ ਨਹੀਂ, ਬੇਸ਼ੱਕ ਮੌਜੂਦਾ ਜੰਗ ਦਾ ਨਤੀਜਾ ਜੋ ਵੀ ਹੋਵੇ, ਪੱਛਮੀ ਸਹਿਯੋਗੀਆਂ ਲਈ ਇੱਕ ਪਲਕ ਝਪਕਣ ਤੋਂ ਵੱਧ ਨਹੀਂ ਹੋਵੇਗਾ। ਕਿਸੇ ਵੀ ਕੇਸ ਵਿੱਚ ਅੱਜ ਪੱਛਮੀ ਗੱਠਜੋੜ ਨੇ ਰੂਸੀਆਂ ਨਾਲ ਅੰਤਿਮ ਯੂਕਰੇਨ ਰਹਿਣ ਤੱਕ ਲੜਨ ਦਾ ਫੈਸਲਾ ਕੀਤਾ ਹੈ।

ਯੂਕਰੇਨ ਉੱਤੇ ਇਸ ਘਟੀਆ ਕਾਰੇ ਨੂੰ ਸ਼ੁਰੂ ਕਰ ਕੇ ਪੁਤਿਨ ਨੇ ਯੂਰਪੀ ਕਬੂਤਰਾਂ ਵਿਚਾਲੇ ਬਿੱਲੀ ਨੂੰ ਛੱਡ ਦਿੱਤਾ ਹੈ। 2022 ਦੀ ਫਰਵਰੀ ਵਿੱਚ ਕਿਸੇ ਨੂੰ ਯਕੀਨ ਨਹੀਂ ਸੀ ਕਿ ਯੂਕਰੇਨ ਲਈ ਇਹ ਬਾਜ਼ੀਗਰੀ ਕਿੱਥੇ ਜਾ ਕੇ ਰੁਕੇਗੀ ਜਿਸ ਦੇ ਤਾਸ਼ ਦੇ ਪੱਤੇ ਵਾਂਗ ਖਿੱਲਰਨ ਦੀ ਆਸ ਸੀ। ਇਸ ਨੇ ਯੂਰਪ ਨੂੰ ਪਹਿਲਾਂ ਵਾਂਗ ਇਕਜੁੱਟ ਕੀਤਾ, ਜਿਵੇਂ 1939 ਪਿੱਛੋਂ ਹਿਟਲਰ ਦੇ ਹਮਲੇ ਦੇ ਵਿਰੋਧ ਲਈ ਉਹ ਇਕੱਠੇ ਹੋਏ ਸਨ।ਇਸ ਦਾ ਨਤੀਜਾ ਨਿਰਪੱਖ ਤੇ ਰੂਸ ਲਈ ਮਿੱਤਰਤਾਪੂਰਨ ਦੇਸ਼ਾਂ ਨੂੰ ਵੀ ਨਾਟੋ ਦੀ ਜਮਾਤ ਵਿੱਚ ਧੱਕਣ ਦੇ ਰੂਪ ਵਿੱਚ ਨਿਕਲ ਰਿਹਾ ਹੈ। ਸਿਧਾਂਤਕ ਤੌਰ ਉੱਤੇ ਫਿਨਲੈਂਡ, ਜਿਸ ਨੇ ਛੇ ਅਪ੍ਰੈਲ 1948 ਨੂੰ ਓਦੋਂ ਦੇ ਸੋਵੀਅਤ ਯੂਨੀਅਨ ਨਾਲ ਇੱਕ ਸ਼ਾਂਤੀ ਸੰਧੀ ਉੱਤੇ ਦਸਤਖਤ ਕੀਤੇ ਸਨ, ਜਿਸ ਨੇ ਮਾਸਕੋ ਨੂੰ ਹੇਲਿੰਸਕੀ ਦੀਆਂ ਵਿਦੇਸ਼ ਅਤੇ ਸੁਰੱਖਿਆ ਨੀਤੀਆਂ ਨੂੰ ਨਿਰਦੇਸ਼ਿਤ ਕਰਨ ਦਾ ਅਧਿਕਾਰ ਦਿੱਤਾ ਸੀ, ਅਖੀਰ 20 ਜਨਵਰੀ 1992 ਨੂੰ ਕੀਤੀ ਇੱਕ ਹੋਰ ਸੰਧੀ ਨਾਲ ਰੂਸ ਦੇ ਚੁੰਗਲ ਵਿੱਚੋਂ ਖ਼ੁਦ ਨੂੰ ਕੱਢਣ ਵਿੱਚ ਸਫਲ ਰਿਹਾ। ਪਹਿਲਾਂ ਦੀ ਅਧੀਨਗੀ ਨੂੰ ਨਕਾਰਦੇ ਹੋਏ, ਪਰ ਵਿਹਾਰਕ ਤੌਰ ਉੱਤੇ ਫਿਨਲੈਂਡ ਵਿੱਚ ਸ਼ਾਮਲ ਹੋਣ ਲਈ ਅਪਲਾਈ ਕਰਨ ਲਈ ਤਿਆਰ ਨਾਟੋ ਨੂੰ ਆਪਣੀਆਂ ਸਰਹੱਦਾਂ ਤੋਂ ਦੂਰ ਧੱਕਣ ਦੇ ਰੂਸ ਦੇ ਯਤਨਾਂ ਦੇ ਰੂਪ ਵਿੱਚ ਜੋ ਸ਼ੁਰੂ ਹੋਇਆ, ਉਹ ਸਿਰਫ ਨਾਟੋ ਨੂੰ ਪਹਿਲਾਂ ਦੀ ਤੁਲਨਾ ਵਿੱਚ ਹੋਰ ਵੀ ਨੇੜੇ ਲਿਆ ਰਿਹਾ ਹੈ।

## ਆਓ ਜਾਣੀਏ ''ਮਹਾਨ ਕੋਸ਼'' ਦੇ ਮਹਾਨ ਕਾਰਜ ਬਾਰੇ

ਗੁਰਸ਼ਬਦ ਰਤਨਾਕਰ ਮਹਾਨ ਕੋਸ਼ ਉਰਫ਼ ਮਹਾਨ ਕੋਸ਼ ਭਾਈ ਕਾਨ੍ਹ ਸਿੰਘ ਨਾਭਾ ਦਾ ਲਿਖਿਆ ਪੰਜਾਬੀ ਐਨਸਾਈਕਲੋਪੀਡੀਆ ਜਾਂ ਸ਼ਬਦ ਕੋਸ਼ ਗ੍ਰੰਥ ਹੈ। ਇਸ ਵਿੱਚ ਸਿੱਖ ਸਾਹਿਤ, ਇਤਿਹਾਸ, ਪੰਜਾਬੀ ਬੋਲੀ ਅਤੇ ਸੱਭਿਆਚਾਰ ਨਾਲ ਸਬੰਧਤ ਲਫ਼ਜ਼ਾਂ ਦੇ ਮਾਅਨੇ ਇੱਕ ਸਿਲਸਿਲੇਵਾਰ ਢੰਗ ਨਾਲ ਦਿੱਤੇ ਗਏ ਹਨ ਜਿਸ ਕਰ ਕੇ ਇਹ ਸਿਰਫ਼ ਸਿੱਖ ਧਰਮ ਦਾ ਹੀ ਨਹੀਂ ਸਗੋਂ ਪੰਜਾਬੀ ਜ਼ਬਾਨ ਦਾ ਵੀ ਗਿਆਨ ਕੋਸ਼ ਹੈ। ਗੁਰੂ ਸ਼ਬਦ ਰਤਨਾਕਰ ਮਹਾਨ ਕੋਸ਼' ਦੀ ਭੂਮਿਕਾ ਵਿੱਚ ਭਾਈ ਕਾਨ੍ਹ ਸਿੰਘ ਦੱਸਦੇ ਹਨ- ਕਿ ਪੰਡਤ ਤਾਰਾ ਸਿੰਘ ਨਰੋਤਮ ਦੇ 'ਗੁਰੂ ਗਿਰਾਰਥ ਕੋਸ਼' ਤੇ ਭਾਈ ਹਜ਼ਾਰਾ ਸਿੰਘ ਦੇ 'ਸ੍ਰੀ ਗੁਰੂ ਗ੍ਰੰਥ ਕੋਸ਼' ਨੂੰ ਪੜ੍ਹਨ ਉਪਰੰਤ ਫੁਰਨਾ ਫੁਰਿਆ, ''ਕਿ ਸਿੱਖ ਸਾਹਿਤ ਦਾ ਵੀ ਇਕ ਅਜਿਹਾ ਕੋਸ਼ ਹੋਣਾ ਚਾਹੀਏ, ਜਿਸ ਵਿੱਚ ਸਾਰੇ ਸਿੱਖ ਮੱਤ ਸਬੰਧੀ ਗ੍ਰੰਥਾਂ ਦੇ ਸਰਵ ਪ੍ਰਕਾਰ ਦੇ ਸ਼ਬਦਾਂ ਦਾ ਯੋਗ ਰੀਤਿ ਨਾਲ ਨਿਰਣਾ ਕੀਤਾ ਹੋਵੇ।' 'ਗੁਰੂ ਸ਼ਬਦ ਰਤਨਾਕਰ ਮਹਾਨ ਕੋਸ਼' ਭਾਈ ਕਾਨ੍ਹ ਸਿੰਘ ਦੇ ਵਿਚਾਰ ਨੂੰ ਲੱਗਾ ਫਲ ਹੈ।20 ਮਈ, 1912 ਦੇ ਦਿਨ ਭਾਈ ਕਾਨ੍ਹ ਸਿੰਘ ਨਾਭਾ ਨੇ ਆਪਣੇ ਸ਼ਾਹਕਾਰ 'ਮਹਾਨ ਕੋਸ਼' ਦੀ ਤਿਆਰੀ ਦਾ ਪ੍ਰਾਜੈਕਟ ਸ਼ੁਰੂ ਕੀਤਾ ਜੋ ਅੱਜ ਸਿੱਖਾਂ ਦਾ ਇੱਕ ਅਹਿਮ ਐਨਸਾਈਕਲੋਪੀਡੀਆ ਹੈ।ਇਹ ਮਹਾਨ ਕੋਸ਼ ਸੰਨ 1926 ਵਿੱਚ ਪੂਰਾ ਹੋਇਆ ਅਤੇ ਸੰਨ 1930 ਵਿੱਚ ਦਰਬਾਰ ਪਟਿਆਲਾ ਵੱਲੋਂ ਛਾਪ ਕੇ ਪ੍ਰਕਾਸ਼ਿਤ ਕੀਤਾ ਗਿਆ।

ਮਹਾਨ ਕੋਸ਼ ਤਿਆਰ ਕਰਨ ਵਿੱਚ 14 ਸਾਲ ਦਾ ਸਮਾਂ ਲੱਗਾ ਸੀ। ਇਸ ਦਾ ਸਾਰਾ ਖ਼ਰਚ ਮਹਾਰਾਜਾ ਭੁਪਿੰਦਰ ਸਿੰਘ (ਪਟਿਆਲਾ) ਨੇ ਦਿਤਾ ਸੀ। ਉਸ ਨੇ ਇਸ ਮਕਸਦ ਵਾਸਤੇ ਭਾਈ ਕਾਨ੍ਹ ਸਿੰਘ ਨਾਭਾ ਨੂੰ ਮਸੂਰੀ ਵਿੱਚ ਇੱਕ ਕੋਠੀ ਦਿਤੀ ਅਤੇ ਪੂਰਾ ਸਟਾਫ਼ ਵੀ ਦਿਤਾ ਜਿਸ ਦਾ ਖ਼ਰਚਾ ਪਟਿਆਲਾ ਰਿਆਸਤ ਦਿਆ ਕਰਦੀ ਸੀ। ਮਗਰੋਂ ਇਸ ਦੀ ਛਪਾਈ ਵੀ ਪਟਿਆਲਾ ਰਿਆਸਤ ਵਲੋਂ ਹੀ ਕੀਤੀ ਗਈ ਸੀ। ਇਸ ਸਮੇਂ ਇਸ ਕੋਸ਼ ਨੂੰ ਛਾਪਣ ਦੇ ਅਧਿਕਾਰ ਭਾਸ਼ਾ ਵਿਭਾਗ ਪਟਿਆਲਾ ਕੋਲ ਹਨ।

ਮਹਾਨ ਕੋਸ਼' ਨੂੰ ਤਿਆਰ ਕਰਨ ਲਈ ਜਿਨ੍ਹਾਂ ਕਿਤਾਬਾਂ ਤੋਂ ਸ਼ਬਦ-ਸੰਗ੍ਰਹਿ ਕੀਤਾ- ਉਹ ਸਨ-ਬਾਣੀ ਭਾਈ ਗੁਰਦਾਸ, ਰਚਨਾ ਭਾਈ ਨੰਦ ਲਾਲ ਗੁਰ ਸੋਭਾ, ਸਰਬ ਲੋਹ ਪ੍ਰਕਾਸ਼, ਗੁਰ ਬਿਲਾਸ, ਦਸਮ ਗ੍ਰੰਥ, ਗੁਰੂ ਪ੍ਰਤਾਪ ਸੂਰਜ, ਜਨਮ ਸਾਖੀਆਂ, ਰਹਿਤਨਾਮੇ ਅਤੇ ਹੋਰ ਵੀ ਬਹੁਤ ਇਤਿਹਾਸਕ ਤੇ ਸਾਹਿਤਕ ਗ੍ਰੰਥ। ਇਨ੍ਹਾਂ ਕਿਤਾਬਾਂ ਵਿੱਚੋਂ ਪਹਿਲਾ ਕੰਮ ਸ਼ਬਦ ਇਕੱਤਰ ਕਰਨੇ- ਉਨ੍ਹਾਂ ਨੂੰ ਵਣ ਮਾਲਾ ਅਨੁਸਾਰ ਰੱਖਣਾ-ਸ਼ਬਦਾਂ ਦੇ ਅਰਥ ਦੱਸਣੇ- ਸ਼ਬਦਾਂ ਦੇ ਸਮਾਨਾਰਥ ਸ਼ਬਦ ਲਿਖਣੇ ਵਿਆਖਿਆ ਕਰਨੀ। ਇਹੋ ਸਭ ਕੁਝ 'ਗੁਰ ਸ਼ਬਦ- ਰਤਨਾਕਰ ਮਹਾਨ ਕੋਸ਼' ਦੀ ਇਕ ਪੂੰਜੀ ਬਣੀ। ਇਸ ਕ੍ਰਿਤ ਨੇ ਹੀ ਭਾਈ ਕਾਨ੍ਹ ਸਿੰਘ ਨੂੰ ਸਾਹਿਤ ਦੀ ਦੁਨੀਆਂ ਵਿੱਚ ਇਕ ਨਿਵੇਕਲਾ ਨਾਮ ਦਿੱਤਾ- 'ਮਹਾਨ ਕੋਸ਼ਕਾਰ ਭਾਈ ਕਾਨ੍ਹ ਸਿੰਘ।'' ਇਹ ਮਹਾਨ ਕੋਸ਼ ਸਿੱਖ ਸਾਹਿਤ ਅਤੇ ਇਤਿਹਾਸ ਦਾ ਇਕ 'ਵਿਸ਼ਵਕੋਸ਼' ਹੈ।

ਸਵਰਗਵਾਸੀ ਪ੍ਰੋਫੈਸਰ ਤੇਜਾ ਸਿੰਘ ਅਨੁਸਾਰ ਇਸ ਮਹਾਨਕੋਸ਼ ਵਿੱਚ 64263 ਸ਼ਬਦਾਂ ਦੀ ਵਿਆਖਿਆ ਕੀਤੀ ਗਈ ਹੈ। ਖ਼ੁਸ਼ਵੰਤ ਸਿੰਘ ਨੇ 'ਗੁਰ ਸ਼ਬਦ- ਰਤਨਾਕਾਰ ਮਹਾਨ ਕੋਸ਼' ਨੂੰ ਸਿੱਖ ਸਭਾ ਲਹਿਰ ਦੀਆਂ ਸਭ ਤੋਂ ਵੱਧ ਪ੍ਰਭਾਵਸ਼ਾਲੀ ਰਚਨਾਵਾਂ ਵਿੱਚ ਗਿਣਿਆ। ਡਾ. ਵਾਸਦੇਵ ਸ਼ਰਣ ਦਾ ਵਿਚਾਰ ਹੈ ਕਿ 'ਭਾਈ ਕਾਨ੍ਹ ਸਿੰਘ ਦੀ ਇਹ ਰਚਨਾ ਆਪਣੀ ਕਿਸਮ ਦੀ ਭਾਰਤ ਭਰ ਵਿੱਚ ਇਕੱਲੀ ਸੀ।'' ਕਿਉਂਕਿ ਇਸ ਮਹਾਨਕੋਸ਼ ਵਿੱਚ ਸ਼ਬਦਾਂ ਦੇ ਅਰਥ ਹੀ ਨਹੀਂ ਦੱਸੇ ਹੋਏ ਸਗੋਂ ਅਰਥਾਂ ਦਾ ਇਤਿਹਾਸਕ ਪਿਛੋਕੜ, ਵਿਕਾਸ ਅਤੇ ਵਿਸਤ੍ਰਿਤ ਵਿਆਖਿਆ ਵੀ ਹੈ। ਦੁਨੀਆ ਭਰ ਦੀਆਂ ਡਿਕਸ਼ਨਰੀਆਂ ਵਿੱਚ ਇਸ ਮਹਾਨ ਕੋਸ਼ ਦਾ 12ਵਾਂ ਸਥਾਨ ਹੈ।

-ਸੁਖਚੈਨ ਸਿੰਘ ਕੁਰੜ

## ਅਲੋਪ ਹੋ ਰਹੇ 'ਹੱਥ ਪੱਖੇ'

ਬੇਸ਼ੱਕ ਅਸੀ ਏ.ਸੀ., ਬਿਜਲੀ ਪੱਖਿਆਂ ਅਤੇ ਕੂਲਰਾਂ ਦਾ ਭਰਪੂਰ ਅਨੰਦ ਮਾਣ ਰਹੇ ਹਾਂ ਪਰ ਫਿਰ ਵੀ ਹੱਥ ਪੱਖਿਆਂ ਦੀ ਆਪਣੀ ਹੀ ਪਛਾਣ ਹੈ। ਕੋਈ ਵੇਲਾਂ ਸੀ ਜਦੋਂ ਹੱਥ ਪੱਖੇ ਘਰਾਂ 'ਚ ਬੜੇ ਚਾਅ ਨਾਲ ਬੁਣੇ ਜਾਂਦੇ ਸਨ। ਔਰਤਾਂ ਦਾ ਹੱਥ-ਪੱਖੇ, ਪੱਖੀਆਂ, ਦਰੀਆਂ, ਮੰਜੇ-ਪੀੜੀਆਂ ਬੁਣਨਾਂ ਆਮ ਸ਼ੌਕ ਸੀ ਜੋ ਕਿ ਘਰ ਦੀ ਲੋੜ ਨੂੰ ਵੀ ਪੂਰਾ ਕਰਦਾ ਸੀ। ਹੱਥ ਪੱਖੇ, ਹੱਥ ਪੱਖੀ ਦੀ ਹੀ ਤਰਾਂ ਹੀ ਬੁਣੇ ਜਾਂਦੇ ਸਨ ਪਰ ਆਕਾਰ ਵਿਚ ਹੱਥ ਪੱਖੀਆਂ ਨਾਲੋਂ ਵੱਡੇ ਹੁੰਦੇ ਸਨ। ਪਹਿਲਾਂ ਹੱਥ ਪੱਖੇ ਦਾ ਚੱਕਰਦਾਰ ਤਾਰ, ਜਿਸ ਨਾਲ ਮੁੱਠੀਨੁਮਾ ਹੱਥੀ ਜੜਤ ਹੁੰਦੀ ਸੀ ਫਰੇਮ ਬਾਜ਼ਾਰ ਵਿਚੋਂ ਖਰੀਦਿਆਂ ਜਾਂਦਾ, ਫਿਰ ਉਸ 'ਤੇ ਕੁੜੀਆਂ ਰੰਗਦਾਰ ਰੇਸ਼ਮੀ ਧਾਗਿਆਂ ਦਾ ਤਾਣਾ ਪਾਉਂਦੀਆਂ। ਫਿਰ ਸੂਈ ਵਿਚ ਧਾਗਾ ਪਾ ਕੇ ਉਸ ਨੂੰ ਬੁਣਿਆਂ ਜਾਂਦਾ ਸੀ। ਹੱਥ ਪੱਖੇ ਨੂੰ ਕੁੜੀਆਂ ਬੜੀ ਮਿਹਨਤ ਨਾਲ ਬੁਣਦੀਆਂ। ਪੱਖਿਆਂ ਉੱਤੇ ਮੁਟਿਆਰਾਂ ਬੜੀਆਂ ਰੀਝਾਂ ਨਾਲ ਵੇਲ-ਬੂਟੇ ਤੇ ਮੋਰ-ਘੁੱਗੀਆਂ ਆਦਿ ਦੇ ਨਮੂਨੇ ਪਾਉਂਦੀਆ। ਅਜਿਹੇ ਨਮੂਨੇ ਪਾਏ ਜਾਂਦੇ ਕਿ ਦੇਖਣ ਵਾਲੇ ਦੀ ਭੁੱਖ ਲਹਿ ਜਾਂਦੀ। ਪੱਖਿਆਂ ਦੇ ਨਮੂਨੇ ਦੇਖਣਯੋਗ ਹੁੰਦੇ ਸਨ। ਵੰਨ-ਸੁਵੰਨੇ ਪੱਖੇ ਦੇਖ ਕੇ ਮਨ ਗਦਗਦ ਹੋ ਜਾਂਦਾ। ਜੇ ਕਿਸੇ ਦੇ ਪੱਖੇ ਦਾ ਨਮੂਨਾ ਬਹੁਤ ਹੀ ਵੱਖਰਾ ਹੁੰਦਾ ਤਾਂ ਉਸ ਤੋਂ ਉਹ ਹੱਥ ਪੱਖਾ ਦੋ-ਚਾਰ ਦਿਨ ਲਈ ਮੰਗ ਕੇ ਉਹੋ ਜਿਹਾ ਨਮੂਨਾ ਘਰ 'ਚ ਪਾ ਲਿਆ ਜਾਂਦਾ। ਪੱਖੇ ਨੂੰ ਬੁਣਨ ਤੋਂ ਬਾਅਦ ਇਸਦੇ ਦੁਆਲੇ ਵਲਦਾਰ ਝਾਲਰ ਲਾਈ ਜਾਂਦੀ। ਝਾਲਰ ਵੀ ਖ਼ਾਸ ਨਮੂਨੇ ਦੀ ਬਣਾਈ ਜਾਂਦੀ ਸੀ, ਜਿਹੜੀ ਕਿ ਪੱਖੇ ਵਾਲੇ ਪਾਸਿਉਂ ਪਲੇਟ ਪਾ ਕੇ ਛੋਟੀ ਕੀਤੀ ਹੁੰਦੀ ਸੀ ਅਤੇ ਬਾਹਰੋਂ ਖੁੱਲੀ ਹੁੰਦੀ ਸੀ। ਝਾਲਰ ਵੀ ਏਨੀ ਪਿਆਰੀ ਲਗਾਈ ਹੁੰਦੀ ਕਿ ਦੇਖਣ ਵਾਲੇ ਦਾ ਮਨ ਮੋਹ ਲੈਂਦੀ। ਇਸ ਤਰਾਂ ਇਹ ਹੱਥ-ਪੱਖਾ ਝੱਲ ਮਾਰਨ ਲਈ ਤਿਆਰ ਹੋ ਜਾਂਦਾ। ਹੱਥ ਨਾਲ ਝੱਲਣ ਵਾਲੇ ਇਹ ਪੱਖੇ ਕਿਸੇ ਵੇਲੇ



ਲੋਕਾਂ ਦਾ ਪਸੀਨਾ ਸੁਕਾਉਣ ਦੇ ਕੰਮ ਆਉਂਦੇ ਸਨ। ਇਹ ਪੱਖੇ ਆਮ ਤੌਰ 'ਤੇ ਸਮਾਜਿਕ ਤੇ ਧਾਰਮਿਕ ਇੱਕਠਾ ਵਿਚ ਵਰਤੇ ਜਾਂਦੇ ਸਨ। ਵਿਆਹ-ਸ਼ਾਦੀਆ ਵਿਚ ਲਾਵਾਂ-ਫੇਰਿਆਂ ਵੇਲੇ ਇਹ ਪੱਖੇ ਝੱਲੇ ਜਾਂਦੇ ਸਨ। ਗੁਰਦੁਆਰਿਆਂ ਵਿਚ ਇਹ ਪੱਖੇ ਆਮ ਹੁੰਦੇ ਸਨ। ਗੁਰਦੁਆਰਿਆਂ ਦੇ ਇੱਕਠਾਂ ਵਿਚ ਸੰਗਤਾਂ ਦੀ ਸੇਵਾ ਇਹਨਾਂ ਦੀ ਸੇਵਾ ਇਹਨਾਂ ਪੱਖਿਆਂ ਨਾਲ ਕੀਤੀ ਜਾਂਦੀ ਸੀ। ਇਕ ਜਣਾ ਹੱਥ ਨਾਲ ਡੰਡੀ ਦੇ ਵਿਚਕਾਰੋਂ ਫੜ ਕੇ ਤੇ ਦੂਜਾ ਹੱਥ ਮੁੱਠੇ ਨੂੰ ਪਾ ਕੇ ਝੱਲਦਾ ਸੀ ਤੇ ਹਵਾ ਲੈਣ ਵਾਲੇ ਉਸ ਨੂੰ ਅਸੀਸਾਂ ਦਿੰਦੇ। ਪੱਖਾ ਝੱਲਣ ਦੀ ਸੇਵਾ ਕਰਨੀ ਲੋਕ ਖ਼ੁਸ਼ਕਿਸਮਤੀ ਵਾਲਾ ਕੰਮ ਸਮਝਦੇ ਸਨ। ਗਰਮੀ ਦੇ ਮਹੀਨਿਆਂ ਵਿਚ ਵਹੁਟੀਆ ਵੀ ਰੀਝ ਕਰਦੀਆਂ ਕਿ ਕੰਤ ਉਹਨਾਂ ਨੂੰ ਪੱਖੇ ਦੀ ਹਵਾ ਦੇਵੇ, ਤਾਹੀਓਂ ਤਾਂ ਲੋਕ ਗੀਤਾਂ ਵਿਚ ਇਸ ਦਾ ਜ਼ਿਕਰ ਇਸ ਤਰਾਂ ਆਉਂਦਾ ਹੈ-


*ਤੂੰ ਸੌਂਵੇਂ ਮੈਂ ਪੱਖਾ ਝੱਲਦੀ,*
*ਚੰਨ ਜਿਹਾ ਤੇਰਾ ਮੁੱਖ,*
*ਮੇਰਾ ਵੀ ਜੀਅ ਕਰਦਾ ਸੌਂਵਾਂ*
*ਪੱਖਾ ਝੱਲੇਂ ਤੂੰ,*

ਪਰ ਅੱਜ ਕੱਲ ਬਿਜ਼ਲੀ ਪੱਖਿਆਂ, ਕੂਲਰਾਂ, ਏ. ਸੀ. ਵਰਗੇ ਸਾਧਨਾਂ ਨੇ ਇਨਾਂ ਪੱਖਿਆਂ ਦੀ ਕਦਰ ਖੋ ਦਿੱਤੀ ਹੈ। ਪੱਖਿਆਂ ਦੇ ਜਾਣ ਨਾਲ ਪੱਖਾ ਝੱਲਣ ਦੀ ਸਾਂਝ ਤੇ ਪੱਖੇ ਬਣਾਉਣ ਦੀ ਇਹ ਕਲਾ ਵੀ ਖ਼ਤਮ ਹੋ ਰਹੀ ਹੈ।

-ਤਸਵਿੰਦਰ ਸਿੰਘ ਬੜੈਚ
ਪਿੰਡ: ਦੀਵਾਲਾ, ਤਹਿ.ਸਮਰਾਲਾ
ਜ਼ਿਲਾ: ਲੁਧਿਆਣਾ,
ਮੋਬਾ:-98763-22677

# ਜ਼ਿੰਦਗੀ ਦੇ ਬਦਲਦੇ ਰੰਗ-ਢੰਗ

-ਗੁਰਦੀਪ ਸਿੰਘ ਢੁੱਡੀ



ਸਮਾਂ ਆਪਣੀ ਤੋਰ ਤੁਰਦਾ ਹੋਇਆ ਬੜਾ ਕੁਝ ਸੁਭਾਵਿਕ ਆਪਣੀ ਕੁੱਖ ਵਿੱਚ ਲੈ ਕੇ ਚੱਲਦਾ ਹੈ। ਇਸ ਵਿੱਚ ਤਬਦੀਲੀਆਂ ਦਾ ਆਉਣਾ ਜਿੱਥੇ ਸੁਭਾਵਿਕ ਹੈ, ਉੱਥੇ ਇਸਦੀ ਨੁਕਾਚੀਨੀ ਵੀ ਹੁੰਦੀ ਹੈ ਅਤੇ ਇਸ ਦਾ ਸਵਾਗਤ ਵੀ ਕੀਤਾ ਜਾਂਦਾ ਹੈ। ਭੂਤਕਾਲ, ਵਰਤਮਾਨ ਤੇ ਭਵਿੱਖ ਵਿੱਚ ਬੜੀਆਂ ਸਾਂਝਾਂ ਹੋਣ ਦੇ ਬਾਵਜੂਦ ਇਸ ਵਿੱਚ ਵਖਰੇਵਾਂ ਹੁੰਦਾ ਹੋਇਆ ਵੀ ਰਲਦਾ ਮਿਲਦਾ ਜਾਪਦਾ ਹੈ। ਅਸਲ ਵਿੱਚ ਇਹ ਸਮਾਂ ਜ਼ਿੰਦਗੀ ਦੇ ਸੁਭਾਵਿਕ ਕਾਰਜਾਂ ਦਾ ਰੂਪਾਂਤਰਣ ਕਰਦਾ ਤਬਦੀਲੀ ਤੱਕ ਪਹੁੰਚਦਾ ਹੈ। ਤੇਜ਼ੀ ਨਾਲ ਆਈ ਤਬਦੀਲੀ ਸਾਨੂੰ ਕੁਝ ਅੱਖਰਦੀ ਹੈ, ਫਿਰ ਵੀ ਸਮਾਂ ਆਪਣੀ ਤੋਰ ਤੁਰਦਾ ਰਹਿੰਦਾ ਹੈ। ਭਾਵੇਂ ਇਹ ਤਬਦੀਲੀ ਜ਼ਿੰਦਗੀ ਦੇ ਹਰ ਹਿੱਸੇ ਉੱਤੇ ਅਸਰ ਪਾਉਂਦੀ ਹੈ, ਪਰ ਕੁਝ ਪੱਖ ਵਿਸ਼ੇਸ਼ ਤੌਰ ਉੱਤੇ ਜ਼ਿਕਰ ਕਰਨ ਵਾਲੇ ਹੁੰਦੇ ਹੋਣ ਕਰਕੇ ਉਹ ਲਿਖਤ/ਸਾਹਿਤ/ਇਤਿਹਾਸ ਬਣ ਜਾਂਦੇ ਹਨ ਤੇ ਇਨ੍ਹਾਂ ਦਾ ਜ਼ਿਕਰ ਹੁੰਦਾ ਰਹਿੰਦਾ ਹੈ।

ਤੁਸੀਂ ਅਪਰੇਸ਼ਨ ਥੀਏਟਰ ਵਿੱਚ ਰੁੱਝੇ ਹੋਏ ਡਾਕਟਰ ਤੋਂ ਲੈ ਕੇ ਖੇਤ ਵਿੱਚ ਕੰਮ ਕਰਦੇ ਕਾਮੇ ਤੱਕ ਕਿਸੇ ਨੂੰ ਵੇਖ ਲਵੋ। ਰੁਝੇਵੇਂ ਭਰੇ ਸਮੇਂ ਵਿੱਚੋਂ ਵੀ ਸਮਾਂ ਕੱਢ ਲਿਆ ਜਾਂਦਾ ਹੈ ਤੇ ਆਪਣੇ ਮੋਬਾਈਲ ਫੋਨ ਉੱਤੇ ਉਂਗਲਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ ਜਾਂਦੀਆਂ ਹਨ। ਚਾਰ ਪਹੀਆਂ/ਦੋ ਪਹੀਆਂ ਵਾਹਨ ਚਾਲਕ ਮੋਬਾਈਲ ਫੋਨ ਸੁਣਦੇ ਆਪਣੀਆਂ ਸਰੀਰਕ ਮੁਦਰਾਵਾਂ ਚਲਾ ਰਹੇ ਵੇਖੇ ਜਾਂਦੇ ਹਨ। ਬੱਚੇ ਤੋਂ ਲੈ ਕੇ ਬੁੱਢੇ ਤੱਕ ਕਿਸੇ ਨੂੰ ਤੁਸੀਂ ਵਿਹਲੇ ਨਹੀਂ ਵੇਖ ਸਕਦੇ। ਮੋਬਾਈਲ ਫੋਨ ਚਲਾਉਣਾ ਅੱਜ ਜ਼ਿੰਦਗੀ ਦਾ ਵੱਡਾ ਕੰਮ ਬਣ ਗਿਆ ਹੈ। ਮੋਬਾਈਲ ਫੋਨ ਉੱਤੇ ਰੁੱਝਿਆ ਹੋਇਆਂ ਨੂੰ ਵੇਖ ਕੇ ਧਿਆਨ ਆਪਣੇ ਆਪ ਹੀ ਬੀਤੇ ਹੋਏ ਸਮੇਂ ਵੱਲ ਚਲਾ ਜਾਂਦਾ ਹੈ। ਪਿੰਡ ਵਿੱਚ ਰਹਿੰਦੇ ਸਾਂ। ਸਿਆਲੂ ਦਿਨਾਂ ਵਿੱਚ ਉਮਰ ਦੇ ਵਡੇਰੇ ਬੰਦਿਆਂ ਨੇ ਕੰਮ ਧੰਦਾ ਨਿਬੇੜ ਕੇ ਸੱਥਾਂ ਵਿੱਚ ਆ ਜਾਣਾ। ਪਿੰਡਾਂ ਦੀਆਂ ਇਹ ਸੱਥਾਂ ਪਿੰਡ ਦੀ ਪਾਰਲੀਮੈਂਟ ਵਜੋਂ ਜਾਣੀਆਂ ਜਾਂਦੀਆਂ ਸਨ। ਪਿੰਡ ਦੀ ਸਿਆਸਤ ਤੋਂ ਲੈ ਕੇ ਖੇਤ ਬੰਨੇ ਬਾਰੇ ਵਿਚਾਰਾਂ, ਧੀਆਂ ਪੁੱਤਰਾਂ ਤੋਂ ਲੈ ਕੇ ਬਾਲ-ਬਾਲੜੀਆਂ ਬਾਰੇ ਗੱਲਾਂ ਇਸ ਸੱਥ ਵਿੱਚ ਸਾਂਝੀਆਂ ਕੀਤੀਆਂ ਜਾਂਦੀਆਂ ਸਨ।

ਇਨ੍ਹਾਂ ਸੱਥਾਂ ਵਿੱਚ ਬੈਠਣ ਵਾਲੇ ਲੋਕਾਂ ਵਿੱਚ ਸਾਂਝ ਦੀਆਂ ਤੰਦਾਂ ਪਰਵਾਰਕ ਮੈਂਬਰਾਂ ਵਰਗੀਆਂ ਹੁੰਦੀਆਂ ਸਨ। ਇਹ ਲੋਕ ਹਰ ਤਰ੍ਹਾਂ ਦੀ ਵਿਚਾਰ ਚਰਚਾ ਕਰਦੇ ਸਨ। ਉਹ ਵਿਹਲੇ ਸਮੇਂ ਨੂੰ ਸਾਰਥਿਕ ਬਣਾਉਂਦੇ ਸਨ। ਗੱਲਾਂ ਦੇ ਨਾਲ ਨਾਲ ਥੋੜ੍ਹੀ ਜਿਹੀ ਵਡੇਰੀ ਉਮਰ ਦੇ ਬੰਦੇ ਆਪਣੇ ਹੱਥਾਂ ਵਿੱਚ ਸੂਤ, ਸਣ ਅਤੇ ਪਿੰਨੇ ਲੈ ਕੇ ਸੂਤ ਕੱਤਣ/ਕੱਸੀਆਂ ਬਣਾਉਣ ਦੇ ਇਲਾਵਾ ਕੰਮ ਆਉਣ ਵਾਲਾ ਸਾਮਾਨ ਤਿਆਰ ਕਰ ਲੈਂਦੇ ਸਨ। ਵਿਹਲੇ ਹੁੰਦੇ ਹੋਏ ਵੀ ਉਹ ਕੰਮ ਵੀ ਕਰ ਲੈਂਦੇ ਸਨ ਅਤੇ ਵਿਹਲ ਦਾ ਆਨੰਦ ਵੀ ਲੈ ਲੈਂਦੇ ਸਨ। ਅੱਜ ਦੋ ਦੋਸਤ, ਪਤੀ ਪਤਨੀ ਬਲਕਿ ਪ੍ਰੇਮੀ ਪ੍ਰੇਮਿਕਾ, ਕੋਲ ਕੋਲ ਬੈਠੇ ਦੂਰ ਹੁੰਦੇ ਹਨ, ਇਕੱਲੇ ਹੁੰਦੇ ਹਨ ਜਾਂ ਕਹੀਏ ਆਪਣੇ ਆਪ ਵਿੱਚ ਮਸਤ ਹੁੰਦੇ ਹਨ। ਇੱਕ ਦੂਸਰੇ ਦੇ ਨੇੜੇ ਬੈਠੇ ਵੀ ਉਹ ਮੋਬਾਈਲ ਫੋਨ ਵਿੱਚ ਰੁੱਝੇ ਵੇਖੇ ਜਾ ਸਕਦੇ ਹਨ। ਜੇ ਇਹ ਕਹਿ ਲਿਆ ਜਾਵੇ ਕਿ ਜ਼ਿੰਦਗੀ ਏਨੀ ਰੁਝੇਵਿਆਂ ਭਰੀ ਬਣ ਚੁੱਕੀ ਹੈ ਕਿ ਹਰ ਕੋਈ 'ਕੀ ਕਰੀਏ ਵਿਹਲ ਹੀ ਨਹੀਂ ਮਿਲਦੀ, ਕੋਈ ਨਹੀਂ ਮਿਲਦੀ, ਕਈ ਨਹੀਂ ਸਮਾਂ ਕੱਢ ਕੇ ਜ਼ਰੂਰ ਮਿਲਣ ਲਈ ਆਵਾਂਗਾ' ਆਖਦਾ ਹੈ। ਹਕੀਕਤ ਵਿੱਚ ਉਹ ਕੁਝ ਵੀ ਨਹੀਂ ਕਰ ਰਹੇ ਹੁੰਦੇ।

ਵਿਗਿਆਨਕ ਕਾਢਾਂ ਨੇ ਜ਼ਿੰਦਗੀ ਦੇ ਰੰਗ ਢੰਗ ਬਦਲ ਦਿੱਤੇ ਹਨ। ਔਰਤ ਬਾਰੇ 'ਉਠ ਬਹੂ ਤੂੰ ਥੱਕੀ, ਤੂੰ ਵੇਲਣੇ, ਮੈਂ ਚੱਕੀ' ਵਾਲਾ ਮੁਹਾਵਰਾ ਪ੍ਰਚੱਲਤ ਹੋਇਆ ਕਰਦਾ ਸੀ। ਗਰਮੀ ਹੋਵੇ ਜਾਂ ਸਰਦੀ, ਦਿਨ ਜਾਂ ਰਾਤ, ਤੰਦਰੁਸਤੀ ਹੋਵੇ ਜਾਂ ਬਿਮਾਰੀ, ਔਰਤਾਂ ਦੇ ਕੰਮ ਨਹੀਂ ਮੁੱਕਦੇ ਸਨ, ਸਵੇਰੇ ਮਰਦਾਂ ਤੋਂ ਪਹਿਲਾਂ ਉਠ ਕੇ ਰਾਤ ਨੂੰ ਬਾਅਦ ਵਿੱਚ ਪੈਣ ਤੱਕ ਔਰਤਾਂ ਦਾ ਕੰਮ ਕਰਦੀਆਂ ਸਨ। ਬਾਲੜੀਆਂ ਤੋਂ ਲੈ ਕੇ ਬਜ਼ੁਰਗ ਔਰਤਾਂ ਤੱਕ ਦੇ ਘਰ ਦੇ ਕੰਮ ਧੰਦਿਆਂ ਵਿੱਚ ਉਹ ਊਰੀ ਵਾਂਗ ਘੁੰਮਦੀਆਂ ਸਨ। ਅੱਜ 'ਚੱਕੀ ਛੁੱਟ-ਗੀ ਚੁੱਲ੍ਹੇ ਨੇ ਛੁੱਟ ਜਾਣਾ' ਵਾਲਾ ਮੁਹਾਵਰਾ ਵੀ ਆ ਗਿਆ ਹੈ ਅਤੇ ਵਿਗਿਆਨ ਦੀਆਂ ਦਿੱਤੀਆਂ ਮਸ਼ੀਨਾਂ ਨੇ ਵਿਹਲ ਦੇ ਦਿੱਤੀ ਹੈ। ਕਦੇ ਜ਼ਿੰਦਗੀ ਵਿੱਚ ਮਿਲੀ ਹੋਈ ਥੋੜ੍ਹੀ ਜਿਹੀ ਵਿਹਲ ਸਮੇਂ ਔਰਤਾਂ/ਕੁੜੀਆਂ/ਬੁੜੀਆਂ ਦੁਆਰਾ ਛੋਪ ਪਾਉਣਾ, ਚਰਖਾ ਕੱਤਣਾ, ਕੱਤਣਾ-ਤੁੰਬਣਾ ਚੱਲਦਾ ਹੀ ਰਹਿੰਦਾ ਸੀ, ਉੱਥੇ ਅੱਜ ਵਿਹਲ ਹੁੰਦਿਆਂ ਹੋਇਆਂ ਵੀ ਵਿਹਲ ਨਹੀਂ। ਸਮੇਂ ਦੇ ਚੱਲਦਿਆਂ ਟੀ ਵੀ, ਕਿੱਟੀ ਪਾਰਟੀਆਂ ਅਤੇ ਮੋਬਾਈਲ ਫੋਨ ਉੱਤੇ ਚੱਲਦੀਆਂ ਉਂਗਲਾਂ ਸਮਾਂ ਪੂਰਤੀ ਦੇ ਸਾਧਨ ਬਣ ਗਏ। ਵਟਸਐਪ, ਫੇਸਬੁੱਕ, ਇੰਸਟਾਗ੍ਰਾਮ, ਇੰਟਰਨੈਟ ਆਦਿ ਅਤਿ-ਆਧੁਨਿਕ ਤਕਨੀਕਾਂ ਜਿੱਥੇ ਗਿਆਨ, ਮਨੋਰੰਜਨ ਵਿੱਚ ਵਾਧਾ ਕਰਨ ਵਾਲੇ ਸਾਧਨ ਬਣ ਚੁੱਕੇ ਹਨ, ਇੱਥੇ ਇਨ੍ਹਾਂ ਦੀ ਫਰੋਲਾ-ਫਰਾਲੀ ਸਮਾਂ ਪਾਸ ਕਰਨ ਦਾ ਸਾਧਨ ਵੀ ਬਣ ਗਈ ਹੈ। ਇਹ ਵੱਖਰੀ ਗੱਲ ਹੈ ਕਿ ਵਿਹਲ ਅੱਜ ਵੀ ਕਿਸੇ ਕੋਲ ਨਹੀਂ ਹੈ।

ਚਿੱਠੀਆਂ ਲਿਖਣੀਆਂ ਸਾਡੇ ਭਾਵ ਪ੍ਰਗਟ ਕਰਨ ਦਾ ਸਭ ਤੋਂ ਉੱਤਮ ਸਿਰਜਣਾਤਮਕ ਜ਼ਰੀਆ ਸੀ। ਮਹੱਤਵਪੂਰਨ ਵਿਅਕਤੀਆਂ ਤੋਂ ਲੈ ਕੇ ਸਾਧਾਰਨ ਬੰਦੇ ਤੱਕ ਚਿੱਠੀ ਲਿਖਦੇ ਸਮੇਂ ਕਿਸੇ ਦਾਰਸ਼ਨਿਕ, ਲਿਖਾਰੀ ਤੋਂ ਘੱਟ ਨਹੀਂ ਹੁੰਦੇ ਸਨ। ਆਧੁਨਿਕ ਪੰਜਾਬੀ ਵਾਰਤਕ ਦੇ ਮੋਢੀਆਂ ਵਿੱਚ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀਆਂ ਆਪਣੀ ਪਤਨੀ ਨੂੰ ਲਿਖੀਆਂ ਚਿੱਠੀਆਂ ਸਾਡੀ ਉੱਤਮ ਵਾਰਤਕ ਦੇ ਨਮੂਨੇ ਜਾਣੇ ਜਾਂਦੇ ਹਨ। ਫੌਜ ਵਿੱਚ ਨੌਕਰੀ ਕਰਦੇ 'ਨੌਕਰ ਪੁੱਤ' ਨੂੰ ਮਾਂ ਆਪਣੇ ਘਰ ਦੇ ਸਾਰੇ ਹਾਲਤਾਂ ਦੇ ਇਲਾਵਾ ਆਪਣੇ ਢਿੱਡ ਨੂੰ ਫੋਲ ਲੈਂਦੀ ਸੀ। ਨੌਕਰ ਦੀ ਪਤਨੀ ਭਾਵੇਂ ਆਪ ਚਿੱਠੀ ਨਹੀਂ ਲਿਖ ਸਕਦੀ ਸੀ, ਪਰ ਉਸ ਦੇ ਭਾਵਾਂ ਨੂੰ ਮੇਰੇ ਵਰਗਾ ਚਾਰ ਜਮਾਤਾਂ ਪੜ੍ਹਿਆ 'ਪਾੜ੍ਹਾ' ਵਿਸ਼ੇਸ਼ ਤਰ੍ਹਾਂ ਗੁੰਨ੍ਹ ਕੇ ਪੱਤਰ ਦਾ ਰੂਪ ਬਣਾ ਦਿੰਦਾ ਸੀ। 'ਜਦੋਂ ਦਾ ਟੈਲੀਫੋਨ ਲਗਿਆ, ਅਸੀਂ ਚਿੱਠੀਆਂ ਲਿਖਣੀਆਂ ਭੁੱਲਗੇ' ਵਰਗੇ ਗੀਤ ਵਾਂਗ ਅੱਜ ਡਾਕੀਏ ਦੇ ਚਿੱਠੀ ਲਿਆਉਣ ਦੀ ਉਡੀਕ ਸਮਾਪਤ ਹੋ ਚੁੱਕੀ ਹੈ। ਇਸੇ ਕਰਕੇ ਕਬੂਤਰ ਨੂੰ ਚਿੱਠੀ ਲੈ ਕੇ ਦਿੱਤੇ ਸੁਨੇਹੇ ਖ਼ਤਮ ਹੋ ਗਏ ਹਨ। ਵਟਸਐਪ, ਫੋਨ ਨੇ ਜਿੱਥੇ ਚਿੱਠੀਆਂ ਸਮਾਪਤ ਕੀਤੀਆਂ, ਉੱਥੇ ਚਿੱਠੀ ਦੀ ਇਬਾਰਤ ਅਤੇ ਭਾਵ ਵੀ ਉਡ-ਪੁੱਡ ਗਏ। ਮੋਬਾਈਲ ਫੋਨ ਉੱਤੇ ਗੱਲਾਂ ਜਜ਼ਬਾਤੀ ਹੋ ਕੇ ਕੀਤੀਆਂ ਜਾਂਦੀਆਂ ਹੋਣਗੀਆਂ, ਪਰ ਇਨ੍ਹਾਂ ਵਿੱਚ ਚਿੱਠੀਆਂ ਵਰਗਾ ਸਾਂਭਣ ਵਾਲਾ 'ਸਾਹਿਤ' ਕਿਧਰੇ ਗੁੰਮ ਹੋ ਗਿਆ ਹੈ। ਮੋਬਾਈਲ ਫੋਨ ਉੱਤੇ ਕੀਤੀਆਂ ਹੋਈਆਂ ਗੱਲਾਂ ਕੇਵਲ ਦੋ ਜਣਿਆਂ ਤੱਕ ਸਿਮਟ ਗਈਆਂ ਹਨ। ਇਨ੍ਹਾਂ ਨੇ ਸਾਹਿਤ/ਇਤਿਹਾਸ ਨਹੀਂ ਬਣਨਾ ਹੈ।

ਵੇਖਿਆ ਜਾਵੇ ਤਾਂ ਇਹ ਕੋਈ ਅਲੋਕਾਰੀ ਗੱਲ ਨਹੀਂ, ਪਰ ਯਾਦਾਂ ਦੇ ਧਿਆਨ ਵਿੱਚ ਆਉਂਦਿਆਂ ਕੁਝ ਯਾਦ ਕਰ ਲੈਣਾ ਕੋਈ ਗੁਨਾਹ ਵੀ ਨਹੀਂ ਹੈ। ਜ਼ਿੰਦਗੀ ਦੀ ਤੋਰ ਬਦਲ ਗਈ ਹੈ। ਸਮੇਂ ਦੀ ਤੋਰ ਨਾਲ ਇਹ ਤਬਦੀਲੀ ਆਉਂਦੀ ਰਹੀ ਹੈ ਤੇ ਆਉਂਦੀ ਵੀ ਰਹੇਗੀ, ਜੇ ਕਿਹਾ ਜਾਵੇ ਕਿ ਜੇ ਇਹ ਤਬਦੀਲੀ ਨਾ ਆਵੇ ਤਾਂ ਜ਼ਿੰਦਗੀ ਵਿੱਚ ਖੜੋਤ ਆ ਜਾਵੇਗੀ ਅਤੇ ਇਹ ਨੀਰਸ ਬਣ ਜਾਵੇਗੀ। ਯਾਦਾਂ ਨੂੰ ਸਾਂਭਿਆ ਜਾਣਾ ਚਾਹੀਦਾ ਹੈ। ਵਰਤਮਾਨ ਦੇ ਨਾਲ ਇਹ ਯਾਦਾਂ ਭਵਿੱਖ ਵਿੱਤ ਸਾਡਾ ਸਰਮਾਇਆ ਹੋਣਗੀਆਂ। ਭਾਸ਼ਾ ਅਤੇ ਸੱਭਿਆਚਾਰ ਰਾਹੀਂ ਕੀਤਾ ਜਾਣ ਵਾਲਾ ਇਹ ਵਡੇਰਾ ਕਾਰਜ ਮਾਨਵੀ ਜੀਵਨ ਨੂੰ ਉੱਤਮਤਾ ਬਖ਼ਸ਼ਦਾ ਹੈ। ਭਾਸ਼ਾ ਜਿੱਥੇ ਵਿ-ਗਿਆਨ ਵਾਸਤੇ ਕਾਢਾਂ ਸੰਪੂਰਨ ਕਰਨ ਦਾ ਜ਼ਰੀਆ ਬਣਦੀ ਹੈ, ਉੱਥੇ ਇਹ ਸਮਾਜ ਵਿਗਿਆਨਾਂ ਨੂੰ ਵਰਤਮਾਨ ਤੋਂ ਅਗਲੀਆਂ ਪੀੜ੍ਹੀਆਂ ਤੱਕ ਲਿਜਾਣ ਦਾ ਫਰਜ਼ ਵੀ ਨਿਭਾਉਂਦੀ ਹੈ। ਸਾਡੇ ਕੋਲ ਜੇ ਕਿਧਰੇ ਭਾਸ਼ਾ ਨਾ ਹੁੰਦੀ ਤਾਂ ਸਾਡੀ ਕਿਸੇ ਤਰ੍ਹਾਂ ਦੀ ਪ੍ਰਗਤੀ ਸੰਭਵ ਹੀ ਨਾ ਹੁੰਦੀ। ਜੇ ਇਹ ਕਿਹਾ ਜਾਵੇ ਕਿ ਮਨੁੱਖ ਨੂੰ ਕੁਦਰਤ ਵੱਲੋਂ ਮਿਲੀ ਭਾਸ਼ਾ ਦੀ ਦੇਣ ਸਭ ਤੋਂ ਵੱਡੀ ਦੇਣ ਹੈ ਤਾਂ ਇਸ ਵਿੱਚ ਅਤਿਕਥਨੀ ਨਹੀਂ ਹੋਵੇਗੀ। ਇਤਿਹਾਸ, ਮਿਥਿਹਾਸ ਸਮੇਤ ਜੀਵਨ ਦੀਆਂ ਸਾਧਾਰਨ ਤੌਰਾਂ ਨੂੰ ਭਾਸ਼ਾ ਅੰਦਰ ਹੀ ਸਾਂਭਿਆ ਜਾ ਸਕਦਾ ਹੈ। ਭਾਸ਼ਾ ਦੀ ਅਣਹੋਂਦ ਕਰਕੇ ਤਾਂ ਵਿ-ਗਿਆਨਕ ਪ੍ਰਗਤੀ ਵੀ ਸੰਭਵ ਨਹੀਂ ਹੋਣੀ ਸੀ। ਤਬਦੀਲੀ ਦੇ ਕੁਦਰਤੀ ਸੁਭਾਅ ਨੂੰ ਅਸੀਂ ਪ੍ਰਵਾਨ ਕਰਦੇ ਹੋਏ ਬੀਤੇ ਤੋਂ ਸਿੱਖਦੇ ਹੋਏ ਭਵਿੱਖ ਨੂੰ ਤੁਰਨ ਦਾ ਤਰੱਦਦ ਕਰਦੇ ਹਾਂ। ਇਹੀ ਤਾਂ ਜ਼ਿੰਦਗੀ ਦੀ ਤੋਰ ਹੈ।

# ਹਰਦੀਪ ਗਰੇਵਾਲ ਨੇ ਲਿਆ ਫਾਦਰ ਟੌਬਿਨ ਸੀਨੀਅਰਜ਼ ਕਲੱਬ ਦਾ ਅਸ਼ੀਰਵਾਦ







ਫਾਦਰ ਟੌਬਿਨ ਸੀਨੀਅਰਜ਼ ਕਲੱਬ ਵੱਲੋਂ ਕੋਵਿਡ ਖ਼ਤਮ ਹੋਣ ਤੋਂ ਬਾਅਦ ਪਹਿਲੀ ਵਾਰ ਸਲੈੱਡ ਡਾਗ ਪਾਰਕ ਵਿੱਚ ਸਮਾਗਮ ਕੀਤਾ ਗਿਆ। ਇਹ ਸਮਾਗਮ ਸਰਦਾਰ ਕਰਤਾਰ ਸਿੰਘ ਚਾਹਲ ਦੀ ਪ੍ਰਧਾਨਗੀ ਹੇਠ ਹੋਇਆ ਇਸ ਸੀਨੀਅਰਜ਼ ਕਲੱਬ ਦੀ ਚੁਣੀ ਨਵੀਂ ਕਮੇਟੀ ਦਾ ਬਿਓਰਾ ਅਗਲੇ ਅੰਕ ਵਿੱਚ ਛਾਪਿਆ ਜਾਵੇਗਾ। ਇਸ ਮੌਕੇ ਪੀ ਸੀ ਪਾਰਟੀ ਲਈ ਐੱਮ ਪੀ ਪੀ ਲਈ ਉਮੀਦਵਾਰ ਹਰਦੀਪ ਗਰੇਵਾਲ ਵੱਲੋਂ ਇਸ ਸੀਨੀਅਰਜ ਕਲੱਬ ਦਾ ਅਸ਼ੀਰਵਾਦ ਲਿਆ ਗਿਆ।










FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017

" LET US ONCE AGAIN, DELIVER FOR YOU "

ELECT

HARDEEP
GREWAL

CANDIDATE FOR BRAMPTON-EAST

"ਬਰੈਂਪਟਨ ਵਿਕਾਸ ਦੇ ਰਾਹ ਤੇ "

- 413 ਹਾਈਵੇ
- ਬਰੈਂਪਟਨ ਲਈ ਦੂਜਾ ਵੱਡਾ ਹਸਪਤਾਲ
- RYERSON ਮੈਡੀਕਲ ਸਕੂਲ
- ਤਿੰਨ ਨਵੇਂ ਲੌਂਗ ਟਰਮ ਕੇਅਰ ਹੋਮ
- ਬਰੈਂਪਟਨ ਤੋਂ ਮਿਸੀਸਾਗਾ LRT

ONTARIO PC

AUTHORIZED BY THE CFO OF THE BRAMPTON-EAST RIDING ASSOCIATION

OFFICE NUMBER: (416) 843-2203 | CAMPAIGN OFFICE ADDRESS: 9280 GOREWAY DRIVE, BRAMPTON, ON L6T 0C4

Tri-City Professional Realty Inc., Brokerage. The Future of Real Estate
www.TriCityPro.com

Number 1. Tri-City agent in Canada on basis of sales volume 2021

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 36 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ

NEED MORE LISTINGS
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative

Tel: 905.793.5777
416.802.5866
31 Melanie Dr. Unit #4 Brampton, ON L6T 5H8

SOLD $1,399,999 CASTLEMORE/GOREWAY

SOLD $1,749,900 8337 ਗਲਫ ਲਾਈਨ
401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866

SOLD $1,950,000 26 Yellow RomeRd
ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਚ ਇਨਸੂਟ ਅਤੇ ਵਾਕਇਨ ਕਲਾਜਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਚ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ

# ਬਰੈਂਪਟਨ ਦੇ ਡਰਾਈਵ-ਵੇਅ ਤੋਂ ਦੋ ਹਥਿਆਰਬੰਦ ਵਿਅਕਤੀਆਂ ਨੇ ਚੋਰੀ ਕੀਤੀ ਐਸਯੂਵੀ

ਬਰੈਂਪਟਨ, 26 ਮਈ (ਪੋਸਟ ਬਿਊਰੋ) : ਦੋ ਹਥਿਆਰਬੰਦ ਵਿਅਕਤੀਆਂ ਵੱਲੋਂ ਵੀਰਵਾਰ ਸ਼ਾਮ ਨੂੰ ਬਰੈਂਪਟਨ ਦੇ ਡਰਾਈਵ-ਵੇਅ ਤੋਂ ਇੱਕ ਐਸਯੂਵੀ ਚੋਰੀ ਕਰ ਲਈ ਗਈ। ਇਹ ਜਾਣਕਾਰੀ ਪੀਲ ਪੁਲਿਸ ਨੇ ਦਿੱਤੀ।

ਇਹ ਕਾਰਜੈਕਿੰਗ ਰਾਤੀਂ 10:30 ਵਜੇ ਤੋਂ ਪਹਿਲਾਂ ਬ੍ਰੈਮਲੀ ਰੋਡ ਤੇ ਵਿਲੀਅਮਜ਼ ਪਾਰਕਵੇਅ ਏਰੀਆ ਵਿੱਚ ਵਾਪਰੀ। ਪੁਲਿਸ ਨੇ ਦੱਸਿਆ ਕਿ ਦੋ ਹਥਿਆਰਬੰਦ ਵਿਅਕਤੀ ਇੱਕ ਵਿਅਕਤੀ ਦੇ ਘਰ ਦੇ ਬਾਹਰ ਡਰਾਈਵ-ਵੇਅ ਵਿੱਚ ਪਹੁੰਚੇ ਤੇ ਉਸ ਦੀ ਕਾਲੇ ਰੰਗ ਦੀ ਹੌਂਡਾ ਸੀਆਰਵੀ ਲੈ ਕੇ ਫਰਾਰ ਹੋ ਗਏ। ਇਸ ਗੱਡੀ ਉੱਤੇ ਲਾਇਸੰਸ ਪਲੇਟ ਨੰ ਸੀਡੀਐਮਜੇ 238 ਲੱਗੀ ਹੋਈ ਹੈ।




ਪੁਲਿਸ ਨੇ ਦੱਸਿਆ ਕਿ ਇਸ ਘਟਨਾ ਵਿੱਚ ਕੋਈ ਵੀ ਜ਼ਖ਼ਮੀ ਨਹੀਂ ਹੋਇਆ। ਜੇ ਕੋਈ ਇਸ ਨੰਬਰ ਦੀ ਗੱਡੀ ਵੇਖਦਾ ਹੈ ਤਾਂ ਉਸ ਨੂੰ 905-453-3311 ਉੱਤੇ ਸੰਪਰਕ ਕਰਨ ਲਈ ਆਖਿਆ ਗਿਆ ਹੈ।

Urgently Need New Listings in Brampton/Caledon
visit: www.teamjagaujla.com
Call JAG AUJLA
MCNE, REAL ESTATE BROKER
DIR: 416-371-7777
j.aujla@rogers.com www.jagaujla.com
Follow Us:

CALL JAG FOR A QUICK & FREE HOME EVALUATION
www.BramptonTopRealtor.com www.BramptonTopAgent.com
URGENTLY NEED NEW LISTINGS IN THIS AREA
RECENTLY LISTED/SOLD IN YOUR NEIGHBOURHOOD BY JAG AUJLA

JUST LISTED FOR SALE
2nd Dwelling Unit Basement
Highway 10 & Bovaird Dr. (LEGAL BASEMENT APARTMENT)
Spotless & Gorgeous ,Semi-Detached Offering 3 + 1 Bedrooms + 4 Washrooms With ** Legal Finished Basement Apartment ** & Separate Entrance; Front Covered Porch; No Carpet ; Spacious Living Room Comes With Gas Fireplace , Pot Lights Laminate Floor; Wood Stair Case; Upgraded Kitchen With Porcelain Floor Tiles, Quartz Counter Top, Backlashes & Stainless Steel Appliances; Separate Dining Area Leads To Back Yard Patio; Master Bedroom Has 4 Pc Ensuite & His/ Her Closet; Roof Shingles (2016); Furnace, Humidifier, Thermostat (2017) ; Ac Unit (2020) Jag Aujla For Details @ 416-371-7777

JUST SOLD
8 Dayspring Circ 1421, Brampton
HIGHEST PRICE SOLD IN 8 DAYSPRING CIRC IN THIS MARKET OF MAY 2022
URGENTLY NEED NEW LISTINGS IN THIS AREA

SOLD $315,000 OVER ASKING IN 3 DAYS — 88 Likdale Rd, Williams Pkwy / Centre
SOLD $155,000 OVER ASKING IN 2 DAYS TO MY BUYER — 13 Trailridge Dr, Williams Pkwy / Royal Orchard
SOLD $96,000 OVER ASKING IN 2 DAYS TO MY BUYER — 26 Hanover Rd, Queen St. / Dixie Rd
SOLD $215,000 OVER ASKING IN 2 DAYS TO MY BUYER — 42 Lawnview Crt, Sandalwood /Hwy 10 / Braidwood
SOLD $260,000 OVER ASKING IN 4 DAYS — 10 Lady Stewart Blvd, Howden / William Pkwy/ Hwy 410
SOLD $317,000 OVER ASKING IN 4 DAYS TO MY BUYER — 17 Bristol Ave, Queen St / Mclaughlin

FREE
- Full MLS Services
- Consistently Marketing Your Property Until SOLD
- Staging Consultation
- Billboard, Flyer, Newspaper
- Online Promotion
- Professional Pictures and Virtual Tour
- Social media & Radio Advertisement
- Open House Until Sold
- Competitive Rates, Exceptional Service & Award Winning Results

RE/MAX Realty Specialists Inc. Brokerage (Independently Owned and Operated)
Off: 905-456-3232
*(Based on units sold & commissions)** *Some Conditions Apply.
*Seller* & Jag Aujla Broker of Re/max Realty Specialist Inc. must agree on the terms & conditions, closing date and listing price at the time of listing. Guaranteed Program only for Peel Region Homes Under $1 Million Price
Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
May 2022